ਮਿਡਲ ਸ਼੍ਰੇਣੀਆਂ ਲਈ :

# ਪੰਜਾਬੀ-ਵਿਆਕਰਨ
# ਅਤੇ
# ਲੇਖ-ਰਚਨਾ

T3H6W9


ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2022-23 .................... 2,70,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ (ਏਜੰਸੀ-ਹੋਲਡਰਾਂ ਨਾ ਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)।
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਐਸ. ਜੀ. ਪ੍ਰਿੰਟ ਪੈਕਸ ਪ੍ਰ. ਲਿ., ਨੋਇਡਾ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਨੀਤੀ ਅਨੁਸਾਰ ਪਾਠ-ਪੁਸਤਕਾਂ ਲਗਾਤਾਰ ਸੋਧੀਆਂ ਅਤੇ ਨਵੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਸਿਲਸਿਲੇ ਵਿੱਚ ਮਿਡਲ ਸ਼੍ਰੇਣੀਆਂ ਲਈ 'ਪੰਜਾਬੀ-ਵਿਆਕਰਨ ਅਤੇ ਲੇਖ-ਰਚਨਾ' ਪਾਠ-ਪੁਸਤਕ ਤਿਆਰ ਕੀਤੀ ਗਈ ਹੈ। ਇਸ ਪਾਠ-ਪੁਸਤਕ ਨੂੰ ਪੀ.ਸੀ.ਐੱਫ਼. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੋਧਿਆ ਗਿਆ ਹੈ।

ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਾਠ-ਪੁਸਤਕ ਵਿੱਚ ਵਿਆਕਰਨਿਕ ਨਿਯਮਾਂ ਨੂੰ ਸਰਲ ਅਤੇ ਸਪਸ਼ਟ ਬਣਾ ਕੇ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ। ਇਸ ਪਾਠ-ਪੁਸਤਕ ਵਿੱਚ ਹੁਣ ਤੱਕ ਸਥਾਪਿਤ ਅਤੇ ਸਰਬ-ਪ੍ਰਵਾਨਿਤ ਨਿਯਮ ਹੀ ਦਿੱਤੇ ਗਏ ਹਨ। ਉਦਾਹਰਨਾਂ ਵਿਦਿਆਰਥੀਆਂ ਦੇ ਨਿੱਤ ਦੇ ਜੀਵਨ ਅਤੇ ਸਮਾਜਿਕ ਆਲ਼ੇ-ਦੁਆਲ਼ੇ ਵਿੱਚੋਂ ਦਿੱਤੀਆਂ ਗਈਆਂ ਹਨ। ਵਾਧੂ ਵਿਸਤਾਰ ਅਤੇ ਦੁਹਰਾਅ ਤੋਂ ਸੰਕੋਚ ਕੀਤਾ ਗਿਆ ਹੈ।

ਪਾਠ-ਕ੍ਰਮ ਦੀ ਲੋੜ ਅਨੁਸਾਰ ਇਸ ਵਿੱਚ ਪੰਜਾਬੀ ਦੇ ਵਿਆਕਰਨ ਦੇ ਨਾਲ਼ ਭਾਸ਼ਾ ਜਾਂ ਬੋਲੀ, ਸ਼ਬਦ-ਜੋੜ, ਵਿਸਰਾਮ-ਚਿੰਨ੍ਹ, ਮੁਹਾਵਰਿਆਂ ਅਤੇ ਅਖਾਣਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਲੇਖ-ਰਚਨਾ ਭਾਗ ਵਿੱਚ ਚਿੱਠੀ-ਪੱਤਰ, ਕਹਾਣੀ ਅਤੇ ਲੇਖ ਲਿਖਣ ਦੀ ਜਾਚ ਬਾਰੇ ਨਮੂਨੇ ਦਿੱਤੇ ਹਨ। ਲੇਖਾਂ, ਕਹਾਣੀਆਂ ਅਤੇ ਚਿੱਠੀ-ਪੱਤਰ ਦੇ ਵਿਸ਼ਿਆਂ ਦੀ ਚੋਣ ਵਿਦਿਆਰਥੀਆਂ ਦੀਆਂ ਪਰੀਖਿਅਕ ਅਤੇ ਭਾਵੀ ਜੀਵਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।

ਇਹ ਪਾਠ-ਪੁਸਤਕ ਦਫ਼ਤਰੀ ਪੱਧਰ 'ਤੇ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ ਮਾਹਰ ਵੱਲੋਂ ਸ੍ਰੀਮਤੀ ਅਮਰਜੀਤ ਕੌਰ ਦਾਲਮ ਉਪ ਡਾਇਰੈਕਟਰ (ਅਕਾਦਮਿਕ) ਦੀ ਅਗਵਾਈ ਹੇਠ ਤਿਆਰ ਕੀਤੀ ਗਈ। ਇਸ ਪੁਸਤਕ ਦੇ ਖਰੜੇ ਦੀ ਤਿਆਰੀ ਵਿੱਚ ਸ੍ਰੀ ਤਰਸੇਮ ਸਿੰਘ, ਸ੍ਰੀ ਜਸਵੀਰ ਸਿੰਘ ਲੰਗੜੋਆ, ਡਾ. ਸਰਬਜੀਤ ਕੌਰ ਸੋਹਲ, ਸ੍ਰੀਮਤੀ ਬਲਦੀਪ ਕੌਰ ਸੰਧੂ ਅਤੇ ਡਾ. ਬਲਜੀਤ ਕੌਰ, ਦਾ ਸਹਿਯੋਗ ਪ੍ਰਾਪਤ ਕੀਤਾ ਗਿਆ ਹੈ।

ਉਮੀਦ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਉਪਯੋਗੀ ਸਿੱਧ ਹੋਵੇਗੀ। ਇਸ ਪਾਠ-ਪੁਸਤਕ ਨੂੰ ਚੰਗੇਰੀ ਬਣਾਉਣ ਲਈ ਦਿੱਤੇ ਸੁਝਾਵਾਂ ਨੂੰ ਜੀ-ਆਇਆਂ ਕਿਹਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਵਿਸ਼ਾ-ਸੂਚੀ


| ਅਧਿਆਇ | ਵਿਸ਼ਾ | ਪੰਨਾ ਨੰ. |
|---|---|---|
| 1. | ਵਿਆਕਰਨ | 1 |
| 2. | ਭਾਸ਼ਾ ਜਾਂ ਬੋਲੀ | 2 |
| 3. | ਸ਼ਬਦ-ਬੋਧ, ਸ਼ਬਦ-ਭੇਦ, ਨਾਂਵ, ਲਿੰਗ, ਵਚਨ, ਪੜਨਾਂਵ, ਕਿਰਿਆ, ਕਾਲ-ਵੰਡ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ | 9 |
| 4. | ਵਾਕ-ਬੋਧ | 42 |
| 5. | ਅਰਥ-ਬੋਧ | 45 |
| 6. | ਵਿਸਰਾਮ-ਚਿੰਨ੍ਹ | 62 |
| 7. | ਪੰਜਾਬੀ ਸ਼ਬਦ-ਜੋੜ | 66 |
| 8. | ਮੁਹਾਵਰੇ/ਅਖਾਣ | 70 |
| 9. | ਚਿੱਠੀ-ਪੱਤਰ | 80 |
| 10. | ਕਹਾਣੀ-ਰਚਨਾ | 91 |
| 11. | ਲੇਖ-ਰਚਨਾ | 96 |

# ਵਿਆਕਰਨ

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਵਿਆਕਰਨ ਕਿਹਾ ਜਾਂਦਾ ਹੈ। ਭਾਸ਼ਾ ਸੰਬੰਧੀ ਵਿਆਕਰਨ ਦੇ ਨਿਯਮ ਬਾਹਰੋਂ ਨਹੀਂ ਲਏ ਜਾਂਦੇ ਸਗੋਂ ਉਸੇ ਭਾਸ਼ਾ ਵਿੱਚੋਂ ਪਛਾਣੇ ਗਏ ਹੁੰਦੇ ਹਨ। ਕਿਸੇ ਇੱਕ ਭਾਸ਼ਾ ਦੇ ਇਹਨਾਂ ਨਿਯਮਾਂ ਨੂੰ ਕਿਸੇ ਦੂਸਰੀ ਭਾਸ਼ਾ ਉੱਤੇ ਇੰਨ-ਬਿੰਨ ਲਾਗੂ ਨਹੀਂ ਕੀਤਾ ਜਾ ਸਕਦਾ। ਵਿਆਕਰਨ ਦੇ ਨਿਯਮ ਆਮ ਤੌਰ 'ਤੇ ਸਥਿਰ ਹੁੰਦੇ ਹਨ ਜਦੋਂਕਿ ਜੀਵਿਤ ਭਾਸ਼ਾ ਗਤੀਸ਼ੀਲ ਹੁੰਦੀ ਹੈ। ਵਿਆਕਰਨ ਦੇ ਮੁੱਖ ਤੌਰ 'ਤੇ ਚਾਰ ਭਾਗ ਹਨ :

1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ
2. ਸ਼ਬਦ-ਬੋਧ
3. ਅਰਥ-ਬੋਧ
4. ਵਾਕ-ਬੋਧ

## 1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ

ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ। ਧੁਨੀ ਦਾ ਅਰਥ ਹੈ: ਅਵਾਜ਼। ਬੋਲਣ ਵੇਲ਼ੇ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ ਅਵਾਜ਼ਾਂ ਨਿਕਲ਼ਦੀਆਂ ਹਨ, ਉਹਨਾਂ ਨੂੰ ਵਿਆਕਰਨ ਵਿੱਚ ਧੁਨੀਆਂ ਕਿਹਾ ਜਾਂਦਾ ਹੈ। ਇਹ ਧੁਨੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। ਧੁਨੀਆਂ ਦੇ ਮੇਲ਼ ਤੋਂ ਹੀ ਭਾਸ਼ਾ ਬਣਦੀ ਹੈ। ਪੰਜਾਬੀ ਭਾਸ਼ਾ ਬੋਲਣ ਵੇਲ਼ੇ ਮੂੰਹ ਵਿੱਚੋਂ ਜਿਹੜੀਆਂ ਅਵਾਜ਼ਾਂ ਨਿਕਲ਼ਦੀਆਂ ਹਨ, ਉਹ ਪੰਜਾਬੀ ਦੀਆਂ ਧੁਨੀਆਂ ਹਨ।

## 2. ਸ਼ਬਦ-ਬੋਧ

ਧੁਨੀਆਂ ਜਾਂ ਵਰਨਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ। ਧੁਨੀ ਦਾ ਲਿਖਤੀ ਚਿੰਨ੍ਹ ਅੱਖਰ ਹੁੰਦਾ ਹੈ। ਉਹ ਬੋਧ ਜਿਸ ਰਾਹੀਂ ਅੱਖਰਾਂ ਦੀ ਸਹੀ ਵਰਤੋਂ ਦਾ ਪਤਾ ਲੱਗੇ, ਉਸ ਨੂੰ ਸ਼ਬਦ-ਬੋਧ ਕਿਹਾ ਜਾਂਦਾ ਹੈ। ਸ਼ਬਦ-ਬੋਧ ਵਿੱਚ ਲਗਾਂ ਅਤੇ ਅੱਖਰਾਂ ਦੇ ਮੇਲ਼ ਤੋਂ ਸ਼ੁੱਧ ਸ਼ਬਦਾਂ ਦਾ ਨਿਰਮਾਣ ਕਰਨ ਦੀ ਜਾਣਕਾਰੀ ਮਿਲ਼ਦੀ ਹੈ।

## 3. ਅਰਥ-ਬੋਧ

ਅਰਥ-ਬੋਧ ਤੋਂ ਭਾਵ ਹੈ, ਅਰਥਾਂ ਦੇ ਪੱਖ ਤੋਂ ਸ਼ਬਦ ਦੀ ਵਿਆਖਿਆ। ਇਸ ਵਿੱਚ ਬਹੁਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਅਤੇ ਵਿਰੋਧਾਰਥਕ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

## 4. ਵਾਕ-ਬੋਧ

ਵਿਆਕਰਨ ਦੇ ਇਸ ਭਾਗ ਵਿੱਚ ਵਾਕ-ਰਚਨਾ ਦੇ ਨਿਯਮਾਂ ਬਾਰੇ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।

# ਭਾਸ਼ਾ ਜਾਂ ਬੋਲੀ

ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਜਾਂ ਮਨੋਭਾਵਾਂ ਨੂੰ ਦੂਸਰੇ ਮਨੁੱਖਾਂ ਨਾਲ਼ ਸਾਂਝਾ ਕਰਦਾ ਹੈ। ਮਨੁੱਖ ਮੁੱਢ ਤੋਂ ਹੀ ਆਪਣੇ ਵਿਚਾਰ ਦੂਜਿਆਂ ਨਾਲ਼ ਸਾਂਝੇ ਕਰਦਾ ਰਿਹਾ ਹੈ, ਭਾਵੇਂ ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਸਾਧਨ ਵੱਖਰੇ-ਵੱਖਰੇ ਰਹੇ ਹਨ, ਜਿਵੇਂ : ਇਸ਼ਾਰਿਆਂ ਨਾਲ਼ ਜਾਂ ਤਸਵੀਰਾਂ ਵਾਹ ਕੇ। ਭਾਸ਼ਾ ਦਾ ਅਜੋਕਾ ਰੂਪ ਹੌਲ਼ੀ-ਹੌਲ਼ੀ ਹੋਂਦ ਵਿੱਚ ਆਇਆ। ਮੂਲ ਰੂਪ ਵਿੱਚ ਭਾਸ਼ਾ ਮੌਖਿਕ ਰਹੀ ਹੈ। ਬੋਲੀ ਸ਼ਬਦ ਵੀ ਬੋਲ ਤੋਂ ਬਣਿਆ ਹੈ। ਲਿਪੀ ਦੇ ਵਿਕਸਿਤ ਹੋਣ ਨਾਲ਼ ਭਾਸ਼ਾ ਬੋਲਣ ਦੇ ਨਾਲ਼-ਨਾਲ਼ ਲਿਖੀ ਵੀ ਜਾਣ ਲੱਗੀ।

ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ :

**1. ਆਮ ਬੋਲ-ਚਾਲ ਦੀ ਭਾਸ਼ਾ**

**2. ਸਾਹਿਤਿਕ ਜਾਂ ਟਕਸਾਲੀ ਭਾਸ਼ਾ**

ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਆਮ ਗੱਲ-ਬਾਤ ਕਰਨ ਸਮੇਂ ਕੀਤੀ ਜਾਂਦੀ ਹੈ, ਉਸ ਨੂੰ ਆਮ ਬੋਲ-ਚਾਲ ਦੀ ਭਾਸ਼ਾ ਕਿਹਾ ਜਾਂਦਾ ਹੈ। ਇਸ ਵਿੱਚ ਅਸੀਂ ਬੋਲਣ ਸਮੇਂ ਵਾਕ ਦੇ ਕਈ ਸ਼ਬਦ ਅਧੂਰੇ ਛੱਡ ਸਕਦੇ ਹਾਂ, ਫਿਰ ਵੀ ਦੂਜੇ ਨੂੰ ਗੱਲ ਸਮਝ ਆ ਜਾਂਦੀ ਹੈ। ਆਮ ਬੋਲ-ਚਾਲ ਦੀ ਬੋਲੀ ਇੱਕ ਖੇਤਰ ਦੇ ਵੱਖ-ਵੱਖ ਭਾਗਾਂ ਵਿੱਚ ਕੁਝ ਅੰਤਰ ਵਾਲ਼ੀ ਹੁੰਦੀ ਹੈ।

ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਲਿਖਣ ਸਮੇਂ ਕੀਤੀ ਜਾਂਦੀ ਹੈ, ਉਸ ਨੂੰ ਲਿਖਤੀ/ ਟਕਸਾਲੀ ਜਾਂ ਸਾਹਿਤਿਕ ਭਾਸ਼ਾ ਕਿਹਾ ਜਾਂਦਾ ਹੈ। ਇਹ ਵਿਆਕਰਨ ਦੇ ਨਿਯਮਾਂ ਅਨੁਸਾਰ ਜਾਂ ਨਿਯਮਾਂ ਵਿੱਚ ਬੱਝੀ ਹੁੰਦੀ ਹੈ। ਇਸ ਭਾਸ਼ਾ ਰਾਹੀਂ ਸਾਹਿਤ ਦੀ ਰਚਨਾ ਕੀਤੀ ਜਾਂਦੀ ਹੈ।

## ਲਿਪੀ

ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜਿਹੜੇ ਅੱਖਰਾਂ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਦੇ ਸਮੂਹ ਨੂੰ ਲਿਪੀ ਕਹਿੰਦੇ ਹਨ। ਹਰ ਪ੍ਰਮਾਣਿਕ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ। ਉਸੇ ਲਿਪੀ ਵਿੱਚ ਹੀ ਉਸ ਭਾਸ਼ਾ ਨੂੰ ਸਫਲਤਾ ਨਾਲ਼ ਲਿਖਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਹੀ ਇਸ ਭਾਸ਼ਾ ਦੀ ਢੁਕਵੀਂ ਲਿਪੀ ਹੈ। ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿਪੀ ਰੋਮਨ ਹੈ।

## ਵਰਨ-ਮਾਲਾ

ਗੁਰਮੁਖੀ ਅੱਖਰ ਜਦੋਂ ਨਿਸ਼ਚਿਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ ਗੁਰਮੁਖੀ ਵਰਨ-ਮਾਲਾ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੇ ਪਹਿਲਾਂ 35 ਅੱਖਰ ਸਨ। ਇਸੇ ਕਰਕੇ ਇਸ ਨੂੰ 'ਪੈਂਤੀ ਅੱਖਰੀ' ਵੀ ਕਿਹਾ ਜਾਂਦਾ ਸੀ। ਅਰਬੀ ਅਤੇ ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰਾਂ ਸ ਖ ਗ ਜ ਫ ਦੇ ਪੈਰਾਂ ਵਿੱਚ ਬਿੰਦੀ ਦੀ ਵਰਤੋਂ ਕਰਕੇ ਸ਼ ਖ਼ ਗ਼ ਜ਼ ਫ਼ ਅੱਖਰ ਬਣਾ ਲਏ ਗਏ। ਇਸ ਪ੍ਰਕਾਰ ਗੁਰਮੁਖੀ ਵਰਨ-ਮਾਲ਼ਾ ਵਿੱਚ ਅੱਖਰਾਂ ਦੀ ਗਿਣਤੀ 40 ਹੋ ਗਈ ਹੈ। ਪੰਜਾਬੀ ਵਿਭਾਗ, ਪਟਿਆਲਾ ਵੱਲੋਂ ਫਿਰ ਇੱਕ ਹੋਰ ਧੁਨੀ ਦੀ ਪਛਾਣ ਕੀਤੀ ਗਈ— ਲ ਅੱਖਰ ਦੇ ਪੈਰ ਵਿੱਚ ਬਿੰਦੀ ਲਾ

ਕੇ ਲ਼ ਅੱਖਰ ਬਣਾ ਲਿਆ ਗਿਆ ਹੈ। ਇਹ ਤਾਲਵੀ ਧੁਨੀ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਪੰਜਾਬੀ ਵਰਨ-ਮਾਲਾ ਦੀ ਗਿਣਤੀ 41 ਹੋ ਗਈ ਹੈ। ਗੁਰਮੁਖੀ ਵਰਨ-ਮਾਲਾ ਨੂੰ ਹੇਠ ਲਿਖੇ ਅੱਠ ਵਰਗਾਂ ਵਿੱਚ ਵੰਡਿਆ ਗਿਆ ਹੈ :

| | | | | | | |
|---|---|---|---|---|---|---|
| **ਮੁੱਖ ਵਰਗ** | ੳ | ਅ | ੲ | ਸ | ਹ | |
| **ਕ-ਵਰਗ** | ਕ | ਖ | ਗ | ਘ | ਙ | |
| **ਚ-ਵਰਗ** | ਚ | ਛ | ਜ | ਝ | ਞ | |
| **ਟ-ਵਰਗ** | ਟ | ਠ | ਡ | ਢ | ਣ | |
| **ਤ-ਵਰਗ** | ਤ | ਥ | ਦ | ਧ | ਨ | |
| **ਪ-ਵਰਗ** | ਪ | ਫ | ਬ | ਭ | ਮ | |
| **ਅੰਤਿਮ ਵਰਗ** | ਯ | ਰ | ਲ | ਵ | ੜ | |
| **ਨਵੀਨ ਵਰਗ** | ਸ਼ | ਖ਼ | ਗ਼ | ਜ਼ | ਫ਼ | ਲ਼ |

ਉਪਰੋਕਤ ਤੋਂ ਸਪਸ਼ਟ ਹੈ ਕਿ ਪੰਕਤੀ ਦੇ ਪਹਿਲੇ ਅੱਖਰ ਦੇ ਨਾਂ ਤੋਂ ਹੀ ਉਸ ਵਰਗ ਦਾ ਨਾਂ ਪਿਆ ਹੈ।

ਧੁਨੀਆਂ ਦੀਆਂ ਦੋ ਕਿਸਮਾਂ ਹਨ :

1. **ਸੁਰ** 2. **ਵਿਅੰਜਨ**

## ਸੁਰ

ਸੁਰ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ— ਅੰਗ ਕੋਈ ਰੁਕਾਵਟ ਨਹੀਂ ਪਾਉਂਦੇ। ਅਵਾਜ਼ ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲ਼ਦੀ ਹੈ। ੳ, ਅ, ੲ ਤਿੰਨ ਸੁਰ ਅੱਖਰ ਹਨ ਪਰ ਉਚਾਰਨ ਪੱਖੋਂ ਸੁਰ-ਧੁਨੀਆਂ ਦਸ ਹਨ। ਇਹ ਧੁਨੀਆਂ ਹਨ:

**ਅ ਆ ਇ ਈ ਉ ਊ ਏ ਐ ਓ ਔ**

## ਵਿਅੰਜਨ

ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ— ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਣ ਸਮੇਂ ਜੀਭ ਕਦੇ ਤਾਲੂ ਨਾਲ਼ ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਅਤੇ ਕਈ ਵਾਰੀ ਬੁੱਲ੍ਹ ਥੋੜ੍ਹੀ ਦੇਰ ਲਈ ਮੀਟੇ ਜਾਂਦੇ ਹਨ। ਪੰਜਾਬੀ ਵਰਨ-ਮਾਲਾ ਵਿੱਚ ਸ ਤੋਂ ਲ਼ ਤੱਕ 38 ਵਿਅੰਜਨ-ਅੱਖਰ ਹਨ।

## ਅਨੁਨਾਸਿਕੀ ਵਿਅੰਜਨ

ਅਨੁਨਾਸਿਕੀ ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਕੁਝ ਅਵਾਜ਼ ਨੱਕ ਵਿੱਚੋਂ ਨਿਕਲ਼ਦੀ ਹੈ। ਗੁਰਮੁਖੀ ਲਿਪੀ ਵਿੱਚ ਅਨੁਨਾਸਿਕੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰ ਇਹ ਹਨ :

**ਙ ਞ ਣ ਨ ਮ**

---

ਨੋਟ : **ਅਜੋਕੀ ਪੰਜਾਬੀ ਭਾਸ਼ਾ ਵਿੱਚ ਙ, ਞ, ਣ, ੜ ਅਤੇ ਲ਼ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।**

## ਦੁੱਤ ਅੱਖਰ

ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ, ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਮਿਲ਼ ਕੇ ਇੱਕ ਅਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਅੱਖਰ ਦੇ ਪੈਰ ਵਿੱਚ ਅਰਥਾਤ, ਦੁੱਤ ਅੱਖਰ ਦੇ ਤੌਰ 'ਤੇ ਕੀਤੀ ਜਾਂਦੀ ਹੈ, ਉਹ ਹਨ :

ਹ ਰ ਵ

ਹ ਦੀ ਪੈਰ ਵਿੱਚ ਵਰਤੋਂ ਨਾਲ਼ ਪੜ੍ਹਾਈ, ਜੜ੍ਹ, ਜਿਨ੍ਹਾਂ ਆਦਿ ਸ਼ਬਦ ਬਣਦੇ ਹਨ।

ਰ ਦੀ ਪੈਰ ਵਿੱਚ ਵਰਤੋਂ ਨਾਲ਼ ਪ੍ਰਗਟ, ਪ੍ਰਸ਼ਨ, ਪ੍ਰਾਰਥਨਾ, ਪ੍ਰੋਫ਼ੈਸਰ ਆਦਿ ਸ਼ਬਦ ਬਣਦੇ ਹਨ।

ਵ ਦੀ ਪੈਰ ਵਿੱਚ ਵਰਤੋਂ ਨਾਲ਼ ਸ੍ਵਰ, ਸ੍ਵੈਜੀਵਨੀ, ਸ੍ਵੈਮਾਣ, ਸ੍ਵੈਵਿਸ਼ਵਾਸ ਆਦਿ ਸ਼ਬਦ ਬਣਦੇ ਹਨ।

## ਲਗਾਂ

ਲਗਾਂ ਸ੍ਵਰ-ਧੁਨੀਆਂ ਨੂੰ ਅੰਕਿਤ ਕਰਨ ਵਾਲ਼ੇ ਲਿਪੀ-ਚਿੰਨ੍ਹ ਹਨ। ਪੰਜਾਬੀ ਧੁਨੀਆਂ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰਾਂ ਨਾਲ਼ ਕੁਝ ਲਗਾਂ ਲੱਗਦੀਆਂ ਹਨ। ਅੱਖਰਾਂ ਤੋਂ ਬਿਨਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰਮੁਖੀ ਲਿਪੀ ਦੀਆਂ ਦਸ ਲਗਾਂ ਹਨ :

### ਲਗਾਂ

| ਕ੍ਰਮ ਨੰ. | ਨਾਂ | ਚਿੰਨ੍ਹ | | ਉਦਾਹਰਨ |
|---|---|---|---|---|
| 1. | ਮੁਕਤਾ | ਕੋਈ ਚਿੰਨ੍ਹ ਨਹੀਂ | ਸ | ਸਰਦ, ਸਬਰ, ਸਤਰ |
| 2. | ਕੰਨਾ | ਾ | ਸਾ | ਸਾਲ, ਸਾਥ, ਸਾਫ਼ |
| 3. | ਸਿਹਾਰੀ | ਿ | ਸਿ | ਸਿਰ, ਸਿੱਕਾ, ਸਿੱਟਾ |
| 4. | ਬਿਹਾਰੀ | ੀ | ਸੀ | ਸੀਮਾ, ਸੀਲ, ਸੀਸ |
| 5. | ਔਂਕੜ | ੁ | ਸੁ | ਹੁਣ, ਸੁਣ, ਸੁਰ |
| 6. | ਦੁਲੈਂਕੜ | ੂ | ਸੂ | ਸੂਰਮਾ, ਸੂਤ, ਸੂਚੀ |
| 7. | ਲਾਂ | ੇ | ਸੇ | ਕੇਲਾ, ਸੇਕ, ਸ਼ੇਰ |
| 8. | ਦੁਲਾਵਾਂ | ੈ | ਸੈ | ਸੈਰ, ਸੈਨਾ, ਸੈਨਤ |
| 9. | ਹੋੜਾ | ੋ | ਸੋ | ਸੋਹਣਾ, ਸੋਚ, ਸੋਨਾ |
| 10. | ਕਨੌੜਾ | ੌ | ਸੌ | ਸੌ, ਸੌਖਾ, ਸੌੜਾ |

ਇਹਨਾਂ ਦਾ ਵੇਰਵਾ ਹੇਠਾਂ ਦਿੱਤੇ ਅਨੁਸਾਰ ਹੈ :

## ਮੁਕਤਾ

ਮੁਕਤਾ 'ਅ' ਸ੍ਵਰ-ਧੁਨੀ ਨੂੰ ਕਹਿੰਦੇ ਹਨ। ਇਸ ਦਾ ਕੋਈ ਚਿੰਨ੍ਹ ਨਹੀਂ ਹੈ ਭਾਵ ਜਿਹੜੇ ਅੱਖਰ ਨੂੰ ਕੋਈ ਲਗ ਨਹੀਂ ਲੱਗਦੀ, ਉਸ ਨੂੰ ਮੁਕਤਾ ਅੱਖਰ ਕਿਹਾ ਜਾਂਦਾ ਹੈ, ਜਿਵੇਂ : **ਘਰ, ਕਰਮ, ਸਰਕਸ ਆਦਿ।**

## ਕੰਨਾ

ਇਹ ਲਗ 'ਆ' ਸੁਰ-ਧੁਨੀ ਦਾ ਚਿੰਨ੍ਹ ਹੈ। ਕੰਨਾ ਅੱਖਰ ਤੋਂ ਪਿੱਛੋਂ ਲੱਗਦਾ ਹੈ ਅਤੇ ਇਸ ਦੀ ਲੰਬਾਈ ਅੱਖਰ ਤੋਂ ਅੱਧੀ ਹੁੰਦੀ ਹੈ, ਜਿਵੇਂ :- **ਆਲੋਚਨਾ, ਹਾਰ, ਮਕਾਨ, ਵਰਨ-ਮਾਲਾ ਆਦਿ।**

## ਸਿਹਾਰੀ

ਇਹ ਲਗ 'ਇ' ਸੁਰ-ਧੁਨੀ ਦਾ ਚਿੰਨ੍ਹ ਹੈ। ਸਿਹਾਰੀ ਅੱਖਰ ਤੋਂ ਪਹਿਲਾਂ ਲੱਗਦੀ ਹੈ, ਜਿਵੇਂ :- **ਇੰਜਣ, ਲਿਖ, ਮਿਰਚ, ਬਲਿਹਾਰ ਆਦਿ।**

## ਬਿਹਾਰੀ

ਇਹ ਲਗ 'ਈ' ਸੁਰ-ਧੁਨੀ ਦਾ ਚਿੰਨ੍ਹ ਹੈ। ਬਿਹਾਰੀ ਅੱਖਰ ਤੋਂ ਪਿੱਛੋਂ ਲੱਗਦੀ ਹੈ, ਜਿਵੇਂ :- **ਈਰਖਾ, ਵੀਰ, ਗਰਮੀ, ਬਸਤੀ ਆਦਿ।**

## ਔਂਕੜ

ਇਹ ਲਗ 'ਉ' ਸੁਰ-ਧੁਨੀ ਦਾ ਚਿੰਨ੍ਹ ਹੈ। ਔਂਕੜ ਅੱਖਰ ਦੇ ਹੇਠਾਂ ਲਾਈ ਜਾਂਦੀ ਹੈ, ਜਿਵੇਂ:- **ਉਸ, ਗੁੜ, ਚੁਸਤ, ਫੁਰਸਤ ਆਦਿ।**

## ਦੁਲੈਂਕੜ

ਇਹ ਲਗ 'ਊ' ਸੁਰ-ਧੁਨੀ ਦਾ ਚਿੰਨ੍ਹ ਹੈ। ਇਹ ਵੀ ਔਂਕੜ ਵਾਂਗ ਅੱਖਰ ਦੇ ਹੇਠਾਂ ਲਾਈ ਜਾਂਦੀ ਹੈ, ਜਿਵੇਂ :- **ਸੂਰ, ਸੂਰਮਾ, ਕਪੂਰਥਲ਼ਾ ਆਦਿ।**

## ਲਾਂ

ਇਹ ਲਗ 'ਏ' ਸੁਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ, ਜਿਵੇਂ :- **ਏਕਤਾ, ਤੇਲ, ਪਹਾੜੇ, ਦੇਵਤਾ ਆਦਿ।**

## ਦੁਲਾਵਾਂ

ਇਹ ਲਗ 'ਐ' ਸੁਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ, ਜਿਵੇਂ :- **ਐਨਕ, ਸੈਰ, ਸੈਨਿਕ, ਐਤਵਾਰ ਆਦਿ।**

## ਹੋੜਾ

ਇਹ ਲਗ 'ਓ' ਸੁਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ ਪਰੰਤੂ 'ੳ' ਅੱਖਰ ਹੋਵੇ ਤਾਂ 'ੳ' ਅੱਖਰ ਦਾ ਮੂੰਹ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ, ਜਿਵੇਂ :- **ਓਮ, ਮੋਰ, ਤੋਰਨਾ, ਸੋਮਵਾਰ ਆਦਿ।**

## ਕਨੌੜਾ

ਇਹ ਲਗ 'ਔ' ਸੁਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ, ਜਿਵੇਂ :- **ਔਰਤ, ਧੌਣ, ਰੌਣਕ, ਦੌਲਤ ਆਦਿ।**

## ਲਗਾਖਰ

ਲਗਾਂ ਦਾ ਸੰਬੰਧ ਅੱਖਰਾਂ ਨਾਲ਼ ਹੁੰਦਾ ਹੈ। ਅੱਖਰ ਅਤੇ ਲਗ ਦੇ ਮੇਲ਼ ਤੋਂ ਲਗਾਖਰ ਬਣਦਾ ਹੈ। ਲਗਾਖਰ ਉਹ ਚਿੰਨ੍ਹ ਹਨ ਜਿਹੜੇ ਲਗਾਂ ਦੇ ਨਾਲ਼ ਵਰਤੇ ਜਾਂਦੇ ਹਨ। ਗੁਰਮੁਖੀ ਲਿਪੀ ਵਿੱਚ ਤਿੰਨ ਲਗਾਖਰ ਹਨ : ਬਿੰਦੀ, ਟਿੱਪੀ ਅਤੇ ਅਧਕ।

| ਕ੍ਰਮ ਨੰ. | ਲਗਾਖਰ ਦਾ ਨਾਂ | ਰੂਪ (ਚਿੰਨ੍ਹ) | ਉਦਾਹਰਨਾਂ |
|---|---|---|---|
| 1. | ਬਿੰਦੀ | ਂ (ਾਂ) | ਗੇਂਦ, ਗਾਂ, ਨੀਂਦ |
| 2. | ਟਿੱਪੀ | ੰ | ਸੰਘ, ਸੰਦ, ਚੰਦ |
| 3. | ਅਧਕ | ੱ | ਸੱਚ, ਪੱਤਾ, ਮੱਕੀ |

## ਬਿੰਦੀ

ਬਿੰਦੀ ਨਾਸਿਕੀ ਸੁਰ-ਧੁਨੀ ਨੂੰ ਅੰਕਿਤ ਕਰਨ ਲਈ ਵਰਤੀ ਜਾਂਦੀ ਹੈ। ਬਿੰਦੀ ਅਤੇ ਟਿੱਪੀ ਦੀ ਅਵਾਜ਼ ਦੇ ਉਚਾਰਨ ਵਿੱਚ ਕੋਈ ਅੰਤਰ ਨਹੀਂ ਹੈ। ਬਿੰਦੀ ਛੇ ਲਗਾਂ ਨਾਲ਼ ਲਾਈ ਜਾਂਦੀ ਹੈ: ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ।

| ਕ੍ਰਮ ਨੰ. | ਲਗਾਂ | ਚਿੰਨ੍ਹ | ਲਗਾਖਰ ਲੱਗਣ ਤੋਂ ਬਾਅਦ ਚਿੰਨ੍ਹ ਦਾ ਰੂਪ | ਉਦਾਹਰਨਾਂ |
|---|---|---|---|---|
| 1 | ਕੰਨਾ | ਾ | ਾਂ | ਥਾਂ, ਗਾਂ, ਮਾਂ |
| 2. | ਬਿਹਾਰੀ | ੀ | ੀਂ | ਪੀਂਘ, ਅਸੀਂ, ਤੁਸੀਂ |
| 3. | ਲਾਂ | ੇ | ੇਂ | ਗੇਂਦ, ਪੇਂਜਾ, ਕੇਂਦਰ |
| 4. | ਦੁਲਾਂ | ੈ | ੈਂ | ਕੈਂਚੀ, ਪੈਂਤੀ, ਬੈਂਡ |
| 5. | ਹੋੜਾ | ੋ | ੋਂ | ਜਦੋਂ, ਹੋਂਦ, ਕਦੋਂ |
| 6. | ਕਨੌੜਾ | ੌ | ੌਂ | ਜੌਂ, ਚੌਂਕ, ਢੌਂਗ |

## ਟਿੱਪੀ

ਟਿੱਪੀ ਵੀ ਨਾਸਿਕੀ ਸੁਰ-ਧੁਨੀ ਨੂੰ ਅੰਕਿਤ ਕਰਨ ਲਈ ਵਰਤੀ ਜਾਂਦੀ ਹੈ। ਟਿੱਪੀ ਚਾਰ ਲਗਾਂ ਨਾਲ਼ ਲਾਈ ਜਾਂਦੀ ਹੈ : ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ।

| ਕ੍ਰਮ ਨੰ. | ਲਗਾਂ | ਚਿੰਨ੍ਹ | ਲਗਾਖਰ ਲੱਗਣ ਤੋਂ ਬਾਅਦ ਚਿੰਨ੍ਹ ਦਾ ਰੂਪ | ਉਦਾਹਰਨ |
|---|---|---|---|---|
| 1 | ਮੁਕਤਾ | | ਅੰ | ਅੰਬ, ਦੰਦ, ਚੰਦ |
| 2. | ਸਿਹਾਰੀ | ਿ | ਿੰ | ਪਿੰਡ, ਚਿੰਨ੍ਹ, ਇੰਜਣ |
| 3. | ਔਂਕੜ | ੁ | ੰ | ਕੁੰਡਾ, ਸੁੰਡ, ਸੁੰਘ |
| 4. | ਦੁਲੈਂਕੜ | ੂ | ੰ | ਤੂੰ, ਡੂੰਘਾ, ਮੂੰਗੀ |

## ਅਧਕ

ਇਹ ਦਬਾਅ ਜਾਂ ਬਲ ਦਾ ਚਿੰਨ੍ਹ ਹੈ। ਅਧਕ ਦੀ ਵਰਤੋਂ ਕਿਸੇ ਅੱਖਰ ਦੀ ਅਵਾਜ਼ ਨੂੰ ਦੁੱਗਣੀ ਕਰਨ ਲਈ ਕੀਤੀ ਜਾਂਦੀ ਹੈ। ਸ਼ਬਦ ਵਿੱਚ ਜਿਸ ਧੁਨੀ ਉੱਤੇ ਦਬਾਅ ਜਾਂ ਬਲ ਹੋਵੇ, ਉਸ ਤੋਂ ਪਹਿਲੇ ਅੱਖਰ ਉੱਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ। ਅਧਕ ਤਿੰਨ ਲਗਾਂ ਨਾਲ਼ ਲਾਈ ਜਾਂਦੀ ਹੈ: ਮੁਕਤਾ, ਸਿਹਾਰੀ ਅਤੇ ਔਂਕੜ, ਜਿਵੇਂ :- **ਵੱਟ, ਪਿੱਤ, ਜੁੱਤੀ ਆਦਿ।**

| ਕ੍ਰਮ ਅਨੁਸਾਰ | ਲਗ | ਅਧਕ, ਲਗਾਖਰ ਲੱਗਣ ਤੋਂ ਬਾਅਦ | ਉਦਾਹਰਨਾਂ |
|---|---|---|---|
| 1. | ਮੁਕਤਾ | ਅੱ | ਬੱਚਾ, ਸੱਚਾ |
| 2. | ਸਿਹਾਰੀ (ਿ) | ਇੱ | ਦਿੱਲੀ, ਸਿੱਧ, ਨਿੱਕਾ |
| 3. | ਔਂਕੜ(ੁ) | ਕੁੱ | ਕੁੱਤਾ, ਝੁੱਗਾ, ਬੁੱਕਲ |
| 4. | ਦੁਲਾਵਾਂ (ੈ) | ਗੈ | ਗੈੱਸ, ਹੈੱਡ, ਪੈੱਨ |

ਕੁਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ 'ਦੁਲਾਵਾਂ' ਲਗ ਨਾਲ਼ ਵੀ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :- **ਪੈੱਨ, ਸੈੱਟ, ਸੈੱਕਟਰ ਆਦਿ।**

## ਅਭਿਆਸ

ਪ੍ਰਸ਼ਨ 1. ਬੋਲੀ ਜਾਂ ਭਾਸ਼ਾ ਕਿਸ ਨੂੰ ਆਖਦੇ ਹਨ ?

ਪ੍ਰਸ਼ਨ 2. ਬੋਲੀ ਜਾਂ ਭਾਸ਼ਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ ?

ਪ੍ਰਸ਼ਨ 3. ਵਿਆਕਰਨ ਕਿਸ ਨੂੰ ਆਖਦੇ ਹਨ ?

ਪ੍ਰਸ਼ਨ 4. ਵਿਆਕਰਨ ਦੇ ਕਿੰਨੇ ਭਾਗ ਹਨ ? ਵਿਸਤਾਰ ਸਹਿਤ ਲਿਖੋ।

ਪ੍ਰਸ਼ਨ 5. ਲਿਪੀ ਕਿਸ ਨੂੰ ਆਖਦੇ ਹਨ ? ਪੰਜਾਬੀ ਬੋਲੀ ਦੀ ਲਿਪੀ ਦਾ ਨਾਂ ਲਿਖੋ।

ਪ੍ਰਸ਼ਨ 6. ਲਗਾਂ ਤੋਂ ਕੀ ਭਾਵ ਹੈ ? ਇਹ ਕਿੰਨੀਆਂ ਅਤੇ ਕਿਹੜੀਆਂ-ਕਿਹੜੀਆਂ ਹਨ।

ਪ੍ਰਸ਼ਨ 7. ਲਗਾਖਰ ਕਿਸ ਨੂੰ ਆਖਦੇ ਹਨ ? ਇਹਨਾਂ ਦੇ ਨਾਂ ਲਿਖੋ।

ਪ੍ਰਸ਼ਨ 8. ਖ਼ਾਲੀ ਸਥਾਨ ਭਰੋ :-

(ੳ) ਪੰਜਾਬੀ ਬੋਲੀ ਦੀ ਲਿਪੀ ਦਾ ਨਾਂ .................... ਹੈ।

(ਅ) ਗੁਰਮੁਖੀ ਲਿਪੀ ਵਿੱਚ .................... ਸ੍ਵਰ .......... ਵਿਅੰਜਨ ਹੁੰਦੇ ਹਨ।

(ੲ) ਹ, ਰ ਤੇ ਵ ਗੁਰਮੁਖੀ ਵਿੱਚ .................... ਅੱਖਰ ਹਨ।

(ਸ) ਗੁਰਮੁਖੀ ਲਿਪੀ ਵਿੱਚ .................... ਲਗਾਖਰ ਹਨ।

(ਹ) ਅਧਕ, ਬਿੰਦੀ ਤੇ ਟਿੱਪੀ ਨੂੰ .................... ਆਖਿਆ ਜਾਂਦਾ ਹੈ।

ਪ੍ਰਸ਼ਨ ੭. ਹੇਠ ਲਿਖੇ ਵਾਕਾਂ ਵਿੱਚੋਂ ਠੀਕ ਵਾਕ ਦੇ ਸਾਮ੍ਹਣੇ ਡੱਬੀ ਵਿੱਚ ਸਹੀ (✓) ਅਤੇ ਗ਼ਲਤ ਵਾਕ ਦੇ ਸਾਮ੍ਹਣੇ (✗) ਨਿਸ਼ਾਨ ਲਾਓ :-

(ੳ) ਬੋਲੀ ਦੋ ਪ੍ਰਕਾਰ ਦੀ ਹੁੰਦੀ ਹੈ। ☐

(ਅ) ਬੋਲੀ ਜਾਂ ਭਾਸ਼ਾ ਰਾਹੀਂ ਅਸੀਂ ਆਪਣੇ ਮਨ ਦੇ ਭਾਵ ਦੂਜਿਆਂ ਨਾਲ਼ ਸਾਂਝੇ ਕਰ ਸਕਦੇ ਹਾਂ। ☐

(ੲ) ਵਿਆਕਰਨ ਦੇ ਦੋ ਭਾਗ ਹੁੰਦੇ ਹਨ। ☐

(ਸ) ਆਮ ਬੋਲ-ਚਾਲ ਦੀ ਭਾਸ਼ਾ ਵਿੱਚ ਸਾਹਿਤ ਦੀ ਰਚਨਾ ਕੀਤੀ ਜਾਂਦੀ ਹੈ। ☐

(ਹ) ਪੰਜਾਬੀ ਬੋਲੀ ਦੀ ਲਿਪੀ ਗੁਰਮੁਖੀ ਹੈ। ☐

ਅਧਿਆਪਕ ਵਿਦਿਆਰਥੀਆਂ ਕੋਲ਼ੋਂ ਲਗਾਂ ਅਤੇ ਲਗਾਖਰਾਂ ਦਾ ਚਾਰਟ ਬਣਵਾ ਕੇ ਸ਼੍ਰੇਣੀ ਦੇ ਕਮਰੇ ਵਿੱਚ ਲਗਵਾਏ।

*****

# ਸ਼ਬਦ-ਬੋਧ

## ਸ਼ਬਦ-ਬੋਧ

ਧੁਨੀਆਂ, ਲਗਾਂ ਅਤੇ ਲਗਾਖਰਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ, ਜਿਵੇਂ: ਕ, ਲ ਅਤੇ ਮ ਦੇ ਮੇਲ਼ ਤੋਂ 'ਕਲਮ' ਸ਼ਬਦ ਬਣਦਾ ਹੈ। ਅੱਖਰਾਂ ਦੇ ਉਸ ਇਕੱਠ ਨੂੰ ਸ਼ਬਦ ਆਖਦੇ ਹਨ, ਜਿਸ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਭਾਵ ਦਾ ਅਰਥ ਪ੍ਰਗਟ ਹੋਵੇ। ਮੂਲ ਰੂਪ ਵਿੱਚ ਅਰਥ ਪੱਖੋਂ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ :

ੳ. **ਸਾਰਥਕ ਸ਼ਬਦ**

ਅ. **ਨਿਰਾਰਥਕ ਸ਼ਬਦ**

(ੳ) **ਸਾਰਥਕ ਸ਼ਬਦ :-** ਉਹ ਸ਼ਬਦ ਹਨ ਜਿਨ੍ਹਾਂ ਦਾ ਕੋਈ ਅਰਥ ਹੁੰਦਾ ਹੈ ਅਤੇ ਜਿਨ੍ਹਾਂ ਸ਼ਬਦਾਂ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਕੰਮ ਵੱਲ ਸੰਕੇਤ ਕੀਤਾ ਗਿਆ ਹੁੰਦਾ ਹੈ।

(ਅ) **ਨਿਰਾਰਥਕ ਸ਼ਬਦ :-** ਉਹ ਸ਼ਬਦ ਹਨ ਜਿਨ੍ਹਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ਪਰੰਤੂ ਸਾਰਥਕ ਸ਼ਬਦਾਂ ਦੇ ਨਾਲ਼ ਆ ਕੇ ਉਹਨਾਂ ਦੇ ਅਰਥਾਂ ਦਾ ਵਿਸਤਾਰ ਕਰਦੇ ਹਨ, ਜਿਵੇਂ: ਪਾਣੀ-ਧਾਣੀ, ਰੋਟੀ-ਰਾਟੀ, ਕਪੜਾ-ਕੁੱਪੜਾ ਆਦਿ। ਇਸ ਵਿੱਚ ਪਾਣੀ, ਰੋਟੀ ਅਤੇ ਕੱਪੜਾ ਸਾਰਥਕ ਸ਼ਬਦ ਹਨ ਅਤੇ ਧਾਣੀ, ਰਾਟੀ ਅਤੇ ਕੁੱਪੜਾ ਨਿਰਾਰਥਕ ਸ਼ਬਦ ਹਨ। ਨਿਰਾਰਥਕ ਸ਼ਬਦ ਆਮ ਬੋਲ-ਚਾਲ ਦੀ ਭਾਸ਼ਾ ਦੇ ਸ਼ਬਦ ਹਨ।

**ਸ਼ਬਦ ਭੇਦ**

ਸਾਰਥਕ ਸ਼ਬਦ ਪ੍ਰਯੋਗ ਦੇ ਆਧਾਰ 'ਤੇ ਅੱਠ ਪ੍ਰਕਾਰ ਦੇ ਹੁੰਦੇ ਹਨ:-

| | | | |
|---|---|---|---|
| 1. **ਨਾਂਵ** | 2. **ਪੜਨਾਂਵ** | 3. **ਵਿਸ਼ੇਸ਼ਣ** | 4. **ਕਿਰਿਆ** |
| 5. **ਕਿਰਿਆ-ਵਿਸ਼ੇਸ਼ਣ** | 6. **ਸੰਬੰਧਕ** | 7. **ਯੋਜਕ** | 8. **ਵਿਸਮਕ** |

# ਨਾਂਵ

ਕੱਲ੍ਹ ਪੰਦਰਾਂ **ਅਗਸਤ** ਹੈ। ਕੱਲ੍ਹ ਨੂੰ ਸਾਡੇ **ਸਕੂਲ** ਵਿੱਚ **ਤਿਰੰਗਾ** ਲਹਿਰਾਇਆ ਜਾਵੇਗਾ। **ਪੰਜਾਬ** ਦੇ **ਮੁੱਖ ਮੰਤਰੀ** ਜੀ **ਝੰਡਾ** ਲਹਿਰਾਉਣਗੇ। ਇਸ ਤੋਂ ਬਾਅਦ **ਗੀਤ-ਸੰਗੀਤ** ਹੋਵੇਗਾ। ਅਖੀਰ ਵਿੱਚ ਮੁੱਖ **ਮਹਿਮਾਨ** ਜੀ **ਵਿਦਿਆਰਥੀਆਂ** ਨੂੰ **ਇਨਾਮ** ਵੰਡਣਗੇ, ਬੜਾ **ਖ਼ੁਸ਼ੀਆਂ** ਵਾਲ਼ਾ **ਮਾਹੌਲ** ਹੋਵੇਗਾ।

ਉਪਰੋਕਤ ਪੈਰੇ ਵਿੱਚ ਗੂੜ੍ਹੇ ਛਪੇ ਸ਼ਬਦ 'ਨਾਂਵ' ਹਨ।

ਜਿਹੜੇ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ, ਹਾਲਤ, ਗੁਣ, ਭਾਵ ਆਦਿ ਦਾ ਬੋਧ ਕਰਵਾਉਣ, ਉਹਨਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਗੀਤਾ, ਸੋਨਾ, ਜਲੰਧਰ, ਪਹਾੜ, ਖ਼ੁਸ਼ੀ ਆਦਿ।

## ਨਾਂਵ ਪੰਜ ਪ੍ਰਕਾਰ ਦੇ ਹਨ : -

1. ਆਮ ਨਾਂਵ ਜਾਂ ਜਾਤੀਵਾਚਕ ਨਾਂਵ
2. ਖ਼ਾਸ ਨਾਂਵ ਜਾਂ ਨਿੱਜਵਾਚਕ ਨਾਂਵ
3. ਵਸਤੂਵਾਚਕ ਨਾਂਵ
4. ਇਕੱਠਵਾਚਕ ਨਾਂਵ
5. ਭਾਵਵਾਚਕ ਨਾਂਵ

1. **ਆਮ ਨਾਂਵ**

ਜਿਹੜੇ ਸ਼ਬਦ ਕਿਸੇ ਵਸਤੂ, ਜੀਵ ਜਾਂ ਸਥਾਨ ਦੀ ਪੂਰੀ ਜਾਤੀ ਜਾਂ ਸ਼੍ਰੇਣੀ ਦਾ ਬੋਧ ਕਰਵਾਉਣ ਉਹਨਾਂ ਨੂੰ ਆਮ ਨਾਂਵ ਜਾਂ ਜਾਤੀਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਪੁਸਤਕ, ਮਨੁੱਖ, ਸ਼ਹਿਰ ਆਦਿ।**

2. **ਖ਼ਾਸ ਨਾਂਵ**

ਜਿਹੜੇ ਸ਼ਬਦ ਤੋਂ ਕਿਸੇ ਖ਼ਾਸ ਵਿਅਕਤੀ, ਜੀਵ, ਖ਼ਾਸ ਵਸਤੂ, ਖ਼ਾਸ ਸਥਾਨ ਦੇ ਨਾਂ ਦਾ ਬੋਧ ਹੁੰਦਾ ਹੈ, ਉਸ ਨੂੰ ਖ਼ਾਸ ਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਨੰਦਪੁਰ ਸਾਹਿਬ, ਸਤਲੁਜ, ਬਿਆਸ, ਰਾਵੀ ਆਦਿ।**

3. **ਵਸਤੂਵਾਚਕ ਨਾਂਵ**

ਜਿਹੜੇ ਸ਼ਬਦ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਸ ਨੂੰ ਵਸਤੂ ਵਾਚਕ ਨਾਂਵ ਕਹਿੰਦੇ ਹਨ, ਜਿਵੇਂ :- **ਸੋਨਾ, ਚਾਂਦੀ, ਤੇਲ, ਕੱਪੜਾ, ਪੱਗ ਆਦਿ।**

4. **ਇਕੱਠਵਾਚਕ ਨਾਂਵ**

ਜਿਹੜੇ ਸ਼ਬਦ ਵਿਅਕਤੀਆਂ ਜਾਂ ਜੀਵਾਂ ਜਾਂ ਗਿਣੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਸਮੂਹ ਦਾ ਗਿਆਨ ਕਰਵਾਉਣ ਉਹਨਾਂ ਨੂੰ ਇਕੱਠਵਾਚਕ ਨਾਂਵ ਕਹਿੰਦੇ ਹਨ, ਜਿਵੇਂ :- **ਫ਼ੌਜ, ਇੱਜੜ, ਸ਼੍ਰੇਣੀ, ਸਭਾ ਆਦਿ।**

5. **ਭਾਵਵਾਚਕ ਨਾਂਵ**

ਜਿਹੜੇ ਸ਼ਬਦ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਦਾ ਗਿਆਨ ਹੋਵੇ, ਉਸ ਨੂੰ ਭਾਵਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਖ਼ੁਸ਼ੀ, ਗ਼ਮੀ, ਸਚਾਈ, ਉਦਾਸੀ ਆਦਿ।**

## ਅਭਿਆਸ

1. ਨਾਂਵ ਕੀ ਹੁੰਦਾ ਹੈ ?
2. ਨਾਂਵ ਕਿੰਨੀ ਪ੍ਰਕਾਰ ਦਾ ਹੁੰਦਾ ਹੈ, ਉਦਾਹਰਨਾਂ ਦੇ ਕੇ ਦੱਸੋ।
3. ਹੇਠ ਲਿਖਿਆਂ ਦੀ ਪਰਿਭਾਸ਼ਾ ਲਿਖੋ :
   (ੳ) ਵਸਤੂਵਾਚਕ ਨਾਂਵ
   (ਅ) ਇਕੱਠਵਾਚਕ ਨਾਂਵ
   (ੲ) ਭਾਵਵਾਚਕ ਨਾਂਵ
4. ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਚੁਣੋ। ਉਹਨਾਂ ਦੀ ਕਿਸਮ ਵੀ ਦੱਸੋ :

| | ਨਾਂਵ | ਕਿਸਮ |
|---|---|---|
| (ੳ) ਸ਼ੇਰ ਜੰਗਲ਼ ਦਾ ਰਾਜਾ ਮੰਨਿਆ ਗਿਆ ਹੈ। | _____ | _____ |
| (ਅ) ਹਰ ਚਮਕਣ ਵਾਲ਼ੀ ਚੀਜ਼ ਸੋਨਾ ਨਹੀਂ ਹੁੰਦੀ। | _____ | _____ |
| (ੲ) ਨੇਕੀ ਦਾ ਫਲ਼ ਮਿੱਠਾ ਹੁੰਦਾ ਹੈ। | _____ | _____ |
| (ਸ) ਸ਼੍ਰੇਣੀ ਵਿੱਚ ਤੀਹ ਵਿਦਿਆਰਥੀ ਬੈਠੇ ਹਨ। | _____ | _____ |
| (ਹ) ਬਜ਼ਾਰੋਂ ਸਰ੍ਹੋਂ ਦਾ ਤੇਲ ਲਿਆਓ। | _____ | _____ |
| (ਕ) ਮੋਹਣ ਸਿੰਘ ਨੇ ਮੁੰਡੇ ਦਾ ਵਿਆਹ ਬੜੀ ਧੂਮ-ਧਾਮ ਨਾਲ਼ ਕੀਤਾ। | _____ | _____ |
| (ਖ) ਬਿੱਲੀ ਨੇ ਚੂਹਿਆਂ ਨੂੰ ਮਾਰ ਮੁਕਾਇਆ। | _____ | _____ |

(ਗ) ਜਵਾਨੀ ਦਿਵਾਨੀ ਹੁੰਦੀ ਹੈ। ______ ______

(ਘ) ਅੱਜ ਬਹੁਤ ਗਰਮੀ ਹੈ। ______ ______

(ਙ) ਮੋਰ ਪੈਲ ਪਾ ਕੇ ਥੱਕ ਗਿਆ ਹੈ ______ ______

2. **ਹੇਠ ਲਿਖੇ ਸ਼ਬਦਾਂ ਦੇ ਸਾਮ੍ਹਣੇ ਨਾਂਵ ਦੀ ਕਿਸਮ ਲਿਖੋ :-**

| | | | | | |
|---|---|---|---|---|---|
| (ੳ) | ਸੁਹੱਪਣ | ______ | (ਕ) | ਤੇਲ | ______ |
| (ਅ) | ਫੁੱਲ | ______ | (ਖ) | ਸੁਗੰਧ | ______ |
| (ੲ) | ਇਸਤਰੀ | ______ | (ਗ) | ਮਨੁੱਖਤਾ | ______ |
| (ਸ) | ਲੋਹਾ | ______ | (ਘ) | ਗੰਗਾ | ______ |
| (ਹ) | ਖ਼ੁਸ਼ੀ | ______ | (ਙ) | ਸ਼੍ਰੇਣੀ | ______ |

3. **ਖ਼ਾਲੀ ਥਾਂਵਾਂ ਭਰੋ :-**

(ੳ) ਨਾਂਵ .................... ਪ੍ਰਕਾਰ ਦੇ ਹੁੰਦੇ ਹਨ।

(ਅ) ਜਿਹੜੇ ਸ਼ਬਦ ਕਿਸੇ ਮਨੁੱਖ, ਵਸਤੂ, ਥਾਂ ਆਦਿ ਦਾ ਬੋਧ ਕਰਾਉਣ, ਉਹਨਾਂ ਨੂੰ .................... ਕਹਿੰਦੇ ਹਨ।

(ੲ) ਆਮ ਨਾਂਵ ਦਾ ਦੂਸਰਾ ਨਾਂ .................... ਨਾਂਵ ਹੈ।

(ਸ) ਨਿੱਜਵਾਚਕ ਨਾਂਵ ਨੂੰ .................... ਵੀ ਕਹਿੰਦੇ ਹਨ।

(ਹ) ਸ਼ੀਲਾ, ਮੀਨਾ ਤੇ ਸੁਨੀਤਾ .................... ਨਾਂਵ ਅਖਵਾਉਂਦੇ ਹਨ।

(ਕ) ਸੈਨਾ, ਸ਼੍ਰੇਣੀ, ਇੱਜੜ .................... ਨਾਂਵ ਅਖਵਾਉਂਦੇ ਹਨ।

(ਖ) ਸ਼ਹਿਰ, ਪਿੰਡ, ਪਹਾੜ .................... ਨਾਂਵ ਅਖਵਾਉਂਦੇ ਹਨ।

(ਗ) ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ .................... ਨਾਂਵ ਅਖਵਾਉਂਦੇ ਹਨ।

(ਘ) ਖੰਡ, ਗੁੜ, ਕਣਕ .................... ਨਾਂਵ ਹਨ।

(ਙ) ਗਰਮੀ, ਸਰਦੀ, ਜਵਾਨੀ .................... ਨਾਂਵ ਹਨ।

4. **ਠੀਕ ਵਾਕਾਂ ਦੇ ਸਾਮ੍ਹਣੇ ਸਹੀ( ✔) ਅਤੇ ਗ਼ਲਤ ਵਾਕਾਂ ਦੇ ਸਾਮ੍ਹਣੇ ਗ਼ਲਤ (✘) ਦਾ ਨਿਸ਼ਾਨ ਲਾਓ :-**

(ੳ) ਖ਼ਾਸ ਸਥਾਨ, ਵਸਤੂ, ਵਿਅਕਤੀ ਦਾ ਗਿਆਨ ਦੇਣ ਵਾਲ਼ਾ ਸ਼ਬਦ ਆਮ ਨਾਂਵ ਹੁੰਦਾ ਹੈ। ☐

(ਅ) ਸੈਨਾ, ਦਲ, ਸਭਾ, ਇੱਜੜ, ਡਾਰ, ਇਕੱਠਵਾਚਕ ਨਾਂਵ ਹਨ। ☐

(ੲ) ਖ਼ੁਸ਼ੀ, ਉਦਾਸੀ, ਗ਼ਮੀ ਵਸਤੂਵਾਚਕ ਨਾਂਵ ਹਨ। ☐

(ਸ) ਪੁਸਤਕ, ਮਨੁੱਖ, ਸ਼ਹਿਰ, ਪਿੰਡ ਆਮ ਨਾਂਵ ਹਨ। ☐

(ਹ) ਨਾਂਵ ਅੱਠ ਪ੍ਰਕਾਰ ਦੇ ਹੁੰਦੇ ਹਨ। ☐

(ਕ) ਦਿੱਲੀ, ਹਿਮਾਲਾ ਖ਼ਾਸ ਨਾਂਵ ਹਨ। ☐

5. **ਹੇਠ ਲਿਖੇ ਨਾਂਵ ਸ਼ਬਦਾਂ ਵਿੱਚੋਂ ਖ਼ਾਸ ਨਾਂਵ ਤੇ ਇਕੱਠਵਾਚਕ ਨਾਂਵ ਚੁਣੋ :-**

ਸੈਨਾ, ਸ਼੍ਰੇਣੀ, ਇੱਜੜ, ਸ੍ਰੀ ਗੁਰੂ ਨਾਨਕ ਦੇਵ ਜੀ, ਦਿੱਲੀ, ਹਿਮਾਲੀਆ, ਸਰਦੀ, ਗਰਮੀ, ਜਵਾਨੀ, ਡਾਰ,ਖੰਡ, ਗੁੜ, ਕਣਕ, ਸ਼ਹਿਰ, ਪਿੰਡ, ਪਹਾੜ।

> ਅਧਿਆਪਕ ਆਲ਼ੇ-ਦੁਆਲ਼ੇ 'ਚੋਂ ਪ੍ਰਤੱਖ ਉਦਾਹਰਨਾਂ ਦੇ ਕੇ ਨਾਂਵਾਂ ਦੀਆਂ ਕਿਸਮਾਂ ਬਾਰੇ ਵਿਦਿਆਰਥੀਆਂ ਨੂੰ ਦ੍ਰਿੜ੍ਹ ਕਰਵਾਉਣ।

# ਲਿੰਗ



ਇਸਤਰੀ-ਲਿੰਗ



ਪੁਲਿੰਗ

ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ-ਸ਼ਬਦ ਹਨ, ਪੁਲਿੰਗ ਅਤੇ ਇਸਤਰੀ-ਲਿੰਗ, ਜਿਵੇਂ :- ਮੁੰਡਾ, ਤੋਤਾ, ਸ਼ੇਰ, ਹਾਥੀ ਅਤੇ ਘੋੜਾ ਪੁਲਿੰਗ-ਸ਼ਬਦ ਹਨ ਅਤੇ ਕੁੜੀ, ਤੋਤੀ, ਸ਼ੇਰਨੀ, ਹਥਣੀ ਅਤੇ ਘੋੜੀ ਇਸਤਰੀ-ਲਿੰਗ ਸ਼ਬਦ ਹਨ।

**1. ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ-ਲਿੰਗ ਬਣਾਉਣ ਦੇ ਕੁਝ ਨਿਯਮ ਹੇਠ ਲਿਖੇ ਅਨੁਸਾਰ ਹਨ :**

**(ੳ) ਅੰਤ ਵਿੱਚ ਬਿਹਾਰੀ (ੀ) ਲਾ ਕੇ :**

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਹਰਨ | ਹਰਨੀ | ਬਾਂਦਰ | ਬਾਂਦਰੀ |
| ਕੁੱਕੜ | ਕੁਕੜੀ | ਦਾਸ | ਦਾਸੀ |
| ਪੁੱਤਰ | ਪੁੱਤਰੀ | ਗੁੱਜਰ | ਗੁਜਰੀ |
| ਜੱਟ | ਜੱਟੀ | ਗਿੱਦੜ | ਗਿਦੜੀ |

**(ਅ) ਅੰਤ ਵਿੱਚ ਕੰਨਾ (ਾ) ਲਾ ਕੇ :**

| | |
|---|---|
| ਅਧਿਆਪਕ | ਅਧਿਆਪਕਾ |
| ਨਾਇਕ | ਨਾਇਕਾ |
| ਸੇਵਕ | ਸੇਵਕਾ |
| ਲੇਖਕ | ਲੇਖਕਾ |
| ਪਾਠਕ | ਪਾਠਕਾ |

**(ੲ) ਅੰਤ ਵਿੱਚ (ਨੀ) ਲਾ ਕੇ :**

| | |
|---|---|
| ਸਰਦਾਰ | ਸਰਦਾਰਨੀ |
| ਸ਼ੇਰ | ਸ਼ੇਰਨੀ |
| ਫ਼ਕੀਰ | ਫ਼ਕੀਰਨੀ |
| ਜਾਦੂਗਰ | ਜਾਦੂਗਰਨੀ |
| ਸੇਵਾਦਾਰ | ਸੇਵਾਦਾਰਨੀ |

(ਸ) ਅੰਤ ਵਿੱਚ 'ਣੀ' ਲਾ ਕੇ :

| | |
|---|---|
| ਸੰਤ | ਸੰਤਣੀ |
| ਉਸਤਾਦ | ਉਸਤਾਦਣੀ |
| ਰਾਗ | ਰਾਗਣੀ |
| ਨਾਗ | ਨਾਗਣੀ |
| ਕੁੜਮ | ਕੁੜਮਣੀ |

(ਹ) ਅੰਤ ਵਿੱਚ 'ਕੰਨਾ' ਅਤੇ 'ਣੀ' ਲਾ ਕੇ:

| | |
|---|---|
| ਪੰਡਤ | ਪੰਡਤਾਣੀ |
| ਸੇਠ | ਸੇਠਾਣੀ |
| ਨੌਕਰ | ਨੌਕਰਾਣੀ |
| ਦਿਓਰ | ਦਰਾਣੀ |
| ਮੁਗ਼ਲ | ਮੁਗ਼ਲਾਣੀ |

(ਕ) ਅੰਤ ਵਿੱਚ 'ੜੀ' ਲਾ ਕੇ :

| | |
|---|---|
| ਸੂਤ | ਸੂਤੜੀ |
| ਸੰਦੂਕ | ਸੰਦੂਕੜੀ |
| ਬਾਲ | ਬਾਲੜੀ |

2. ਜਿਹੜੇ ਪੁਲਿੰਗ-ਸ਼ਬਦਾਂ ਦੇ ਅੰਤ ਵਿੱਚ ਬਿਹਾਰੀ ਆਉਂਦੀ ਹੈ, ਉਹਨਾਂ ਦੇ ਇਸਤਰੀ-ਲਿੰਗ ਰੂਪ ਬਣਾਉਣ ਲਈ ਹੇਠ ਲਿਖਿਆਂ ਵਿੱਚੋਂ ਕੋਈ ਇੱਕ ਵਿਧੀ ਵਰਤੀ ਜਾਂਦੀ ਹੈ:

(ੳ) ਬਿਹਾਰੀ ਦੀ ਥਾਂ 'ਨ' ਲਾ ਕੇ

| | |
|---|---|
| ਹਾਣੀ | ਹਾਣਨ |
| ਖਿਡਾਰੀ | ਖਿਡਾਰਨ |
| ਲਿਖਾਰੀ | ਲਿਖਾਰਨ |
| ਸ਼ਿਕਾਰੀ | ਸ਼ਿਕਾਰਨ |
| ਸ਼ਹਿਰੀ | ਸ਼ਹਿਰਨ |

(ਅ) ਬਿਹਾਰੀ ਦੀ ਥਾਂ 'ਣ' ਲਾ ਕੇ :

| | |
|---|---|
| ਮਾਲੀ | ਮਾਲਣ |
| ਧੋਬੀ | ਧੋਬਣ |
| ਸਾਥੀ | ਸਾਥਣ |
| ਗੁਆਂਢੀ | ਗੁਆਂਢਣ |
| ਗਿਆਨੀ | ਗਿਆਨਣ |

(ਣ) ਅੰਤ ਵਿੱਚ ਬਿਹਾਰੀ ਦੀ ਥਾਂ ਉਸੇ ਅੱਖਰ ਨੂੰ ਸਿਹਾਰੀ ਲਾ ਕੇ ਅਤੇ ਨਾਲ਼ 'ਣ' ਲਾ ਕੇ :

| | |
|---|---|
| ਹਲਵਾਈ | ਹਲਵਾਇਣ |
| ਸ਼ੁਦਾਈ | ਸ਼ੁਦਾਇਣ |
| ਨਾਈ | ਨਾਇਣ |
| ਕਸਾਈ | ਕਸਾਇਣ |

3. ਜਿਹੜੇ ਪੁਲਿੰਗ-ਸ਼ਬਦਾਂ ਦੇ ਅੰਤ ਉੱਤੇ ਕੰਨਾ ਆਉਂਦਾ ਹੈ, ਉਹਨਾਂ ਦਾ ਇਸਤਰੀ-ਲਿੰਗ ਰੂਪ ਬਣਾਉਣ ਲਈ ਹੇਠ ਲਿਖੀਆਂ ਵਿੱਚੋਂ ਕੋਈ ਵਿਧੀ ਵਰਤੀ ਜਾਂਦੀ ਹੈ :

(ੳ) ਕੰਨੇ ਦੀ ਥਾਂ 'ਬਿਹਾਰੀ' ਲਾ ਕੇ :

| | |
|---|---|
| ਮਾਮਾ | ਮਾਮੀ |
| ਘੋੜਾ | ਘੋੜੀ |
| ਮੁਰਗਾ | ਮੁਰਗੀ |
| ਬਿੱਲਾ | ਬਿੱਲੀ |
| ਚਿੜਾ | ਚਿੜੀ |

(ਅ) ਕੰਨੇ ਦੀ ਥਾਂ 'ਨ' ਲਾ ਕੇ :

| | |
|---|---|
| ਸਪੇਰਾ | ਸਪੇਰਨ |
| ਵਣਜਾਰਾ | ਵਣਜਾਰਨ |
| ਮਛੇਰਾ | ਮਛੇਰਨ |
| ਭਠਿਆਰਾ | ਭਠਿਆਰਨ |
| ਲੁਟੇਰਾ | ਲੁਟੇਰਨ |

(ੲ) ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤਲੇ ਅੱਖਰ ਤੋਂ ਪਹਿਲੇ ਅੱਖਰ ਨੂੰ ਬਿਹਾਰੀ ਅਤੇ ਅੰਤਲੇ 'ਅ' ਅੱਖਰ ਨੂੰ ਕੰਨਾ, ਭਾਵ 'ਈਆ' ਆਉਂਦਾ ਹੈ ਉਹਨਾਂ ਦਾ ਇਸਤਰੀ-ਲਿੰਗ ਰੂਪ 'ਈਆ' ਦੀ ਥਾਂ 'ਨ' ਜਾਂ 'ਣ' ਲਾ ਕੇ ਬਣਦਾ ਹੈ :

| | |
|---|---|
| ਪਹਾੜੀਆ | ਪਹਾੜਨ |
| ਕਸ਼ਮੀਰੀ | ਕਸ਼ਮੀਰਨ |
| ਪੋਠੋਹਾਰੀ | ਪੋਠੋਹਾਰਨ |
| ਦੁਆਬੀਆ | ਦੁਆਬਣ |
| ਪਸ਼ੌਰੀਆ | ਪਸ਼ੌਰਨ |

5. ਮਨੁੱਖੀ-ਸੰਬੰਧਾਂ ਲਈ ਵਰਤੇ ਜਾਣ ਵਾਲ਼ੇ ਸ਼ਬਦਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪ ਪਰਿਵਰਤਨ ਕੁਝ ਗੁੰਝਲ਼ਦਾਰ ਹੈ ਜਿਵੇਂ:-

| | | | |
|---|---|---|---|
| ਪਿਤਾ | ਮਾਤਾ | ਦਾਦਾ | ਦਾਦੀ |
| ਪਿਓ | ਮਾਂ | ਮਾਮਾ | ਮਾਮੀ |
| ਨਾਨਾ | ਨਾਨੀ | ਤਾਇਆ | ਤਾਈ |
| ਪੋਤਾ/ਪੋਤਰਾ | ਪੋਤੀ/ਪੋਤਰੀ | ਮਾਸੜ | ਮਾਸੀ |
| ਭਤੀਜਾ | ਭਤੀਜੀ | ਚਾਚਾ | ਚਾਚੀ |
| ਭਾਣਜਾ/ਭਣੇਵਾਂ | ਭਾਣਜੀ/ਭਣੇਵੀਂ | ਫੁੱਫੜ | ਭੂਆ |

6. ਮਨੁੱਖੀ-ਰਿਸ਼ਤਿਆਂ ਨਾਲ਼ ਸੰਬੰਧਿਤ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪਾਂਤਰ ਕਿਸੇ ਨਿਯਮ ਵਿੱਚ ਨਹੀਂ ਆਉਂਦਾ। ਇਹਨਾਂ ਨੂੰ ਅਸੀਂ ਫੁਟਕਲ ਕਹਿ ਸਕਦੇ ਹਾਂ, ਜਿਵੇਂ :-

| | | | |
|---|---|---|---|
| ਮਰਦ | ਔਰਤ | ਬੱਚਾ | ਬੱਚੀ |
| ਆਦਮੀ | ਤੀਵੀਂ/ਜ਼ਨਾਨੀ | ਸਹੁਰਾ | ਸੱਸ |
| ਗੱਭਰੂ | ਮੁਟਿਆਰ | ਭਰਾ | ਭੈਣ |
| ਮਿੱਤਰ | ਸਹੇਲੀ | ਨਰ | ਨਾਰੀ |
| ਮੁੰਡਾ | ਕੁੜੀ | ਸਾਹਿਬ | ਮੇਮ |
| ਰਾਜਾ | ਰਾਣੀ | ਵਰ | ਕੰਨਿਆ |
| ਨਵਾਬ | ਬੇਗਮ | ਸ੍ਰੀਮਾਨ | ਸ੍ਰੀਮਤੀ |

7. ਆਮ ਤੌਰ 'ਤੇ ਵੱਡੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਪੁਲਿੰਗ ਅਤੇ ਛੋਟੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਇਸਤਰੀ-ਲਿੰਗ ਹੁੰਦੇ ਹਨ, ਜਿਵੇਂ :-

| | | | |
|---|---|---|---|
| ਆਰਾ | ਆਰੀ | ਪਤੀਲਾ | ਪਤੀਲੀ |
| ਸੰਦੂਕ | ਸੰਦੂਕੜੀ | ਪੱਖਾ | ਪੱਖੀ |
| ਖੁਰਪਾ | ਖੁਰਪੀ | ਰੱਸਾ | ਰੱਸੀ |
| ਘੜਾ | ਘੜੀ | ਰੰਬਾ | ਰੰਬੀ |
| ਡੱਬਾ | ਡੱਬੀ | ਬਾਟਾ | ਬਾਟੀ |

8. ਪੰਜਾਬੀ ਵਿੱਚ ਕਈ ਨਾਂਵ-ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਦਾ ਵਿਰੋਧੀ ਲਿੰਗ ਰੂਪ ਵਾਲ਼ਾ ਕੋਈ ਸ਼ਬਦ ਨਹੀਂ ਮਿਲ਼ਦਾ, ਜਿਵੇਂ :- ਦਰਖ਼ਤ, ਅਸਮਾਨ, ਅਨਾਜ, ਲੋਹਾ, ਭੁਚਾਲ਼, ਘਿਓ, ਚੰਨ, ਸੂਰਜ, ਮੀਂਹ, ਤੇਲ, ਦੁੱਧ, ਦਿਨ, ਪਾਣੀ ਅਤੇ ਪਿਆਰ ਆਦਿ। ਇਸੇ ਤਰ੍ਹਾਂ ਧਰਤੀ, ਹਵਾ, ਚਾਂਦੀ, ਕਲਮ, ਸਿਆਹੀ, ਕੁਰਸੀ, ਨੇਕ, ਮਿਹਨਤ, ਚੰਗਿਆਈ, ਹਿੰਮਤ ਆਦਿ ਇਸਤਰੀ-ਲਿੰਗ ਸ਼ਬਦ ਹਨ।

## ਅਭਿਆਸ

1. ਵਿਆਕਰਨ ਵਿੱਚ ਲਿੰਗ ਤੋਂ ਕੀ ਭਾਵ ਹੈ ?
2. ਲਿੰਗ ਕਿੰਨੇ ਪ੍ਰਕਾਰ ਦੇ ਹੁੰਦੇ ਹਨ ? ਪੁਲਿੰਗ ਅਤੇ ਇਸਤਰੀ-ਲਿੰਗ ਦੇ ਲੱਛਣ ਦੱਸੋ।
3. ਹੇਠ ਲਿਖੇ ਪੁਲਿੰਗ ਸ਼ਬਦਾਂ ਦੇ ਸਾਮ੍ਹਣੇ ਉਹਨਾਂ ਦਾ ਇਸਤਰੀ-ਲਿੰਗ ਰੂਪ ਲਿਖੋ :-
   (ੳ) ਸੱਪ ____
   (ਅ) ਬੱਕਰਾ ____
   (ੲ) ਹਾਥੀ ____
   (ਸ) ਚਾਚਾ ____
   (ਹ) ਵੱਛਾ ____
4. ਹੇਠ ਲਿਖੇ ਇਸਤਰੀ-ਲਿੰਗ ਸ਼ਬਦਾਂ ਦੇ ਸਾਮ੍ਹਣੇ ਉਹਨਾਂ ਦਾ ਪੁਲਿੰਗ ਰੂਪ ਲਿਖੋ :-
   (ੳ) ਨਾਨੀ ____
   (ਅ) ਮਾਮੀ ____
   (ੲ) ਧੋਬਣ ____
   (ਸ) ਸੋਹਣੀ ____
   (ਹ) ਤੇਲਣ ____
5. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :-
   (ੳ) ਪੁੱਤਰੀ ____
   (ਅ) ਮੋਰਨੀ ____
   (ੲ) ਨੌਕਰਾਣੀ ____
   (ਸ) ਪੰਜਾਬੀ ____
   (ਹ) ਰਾਗ ____
6. ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਗਏ ਨਾਂਵ-ਸ਼ਬਦ ਦੇ ਲਿੰਗ ਬਦਲ ਕੇ ਵਾਕ ਦੁਬਾਰਾ ਲਿਖੋ: -
   (ੳ) ਉਹ ਇੱਕ ਕਮਜ਼ੋਰ ਆਦਮੀ ਹੈ।
   (ਅ) ਵੀਰ ਜੀ ਘਰ ਪਹੁੰਚ ਗਏ ਹਨ।
   (ੲ) ਵਿਦਿਆਰਥੀ ਪੜ੍ਹ ਰਿਹਾ ਹੈ।
   (ਸ) ਹਾਥੀ ਨਦੀ ਵਿੱਚ ਪਾਣੀ ਪੀ ਰਿਹਾ ਸੀ।
   (ਹ) ਮੈਂ ਚਿੜੀਆ-ਘਰ ਵਿੱਚ ਸ਼ੇਰ ਦੇਖਿਆ।


*****

# ਵਚਨ

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ :



(1) ਇੱਕਵਚਨ



(2) ਬਹੁਵਚਨ

## ਇੱਕਵਚਨ

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਉਸ ਨੂੰ ਇੱਕਵਚਨ ਕਿਹਾ ਜਾਂਦਾ ਹੈ, ਜਿਵੇਂ :- **ਕੁੜੀ, ਕਿਤਾਬ, ਸ਼੍ਰੇਣੀ ਆਦਿ।**

## ਬਹੁਵਚਨ

ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸ ਨੂੰ ਬਹੁਵਚਨ ਆਖਦੇ ਹਨ, ਜਿਵੇਂ :- **ਕੁੜੀਆਂ, ਕਿਤਾਬਾਂ, ਜਮਾਤਾਂ ਆਦਿ।**

ਪੰਜਾਬੀ ਵਿੱਚ ਸ਼ਬਦ ਦੇ ਇੱਕਵਚਨ ਤੋਂ ਬਹੁਵਚਨ ਬਣਾਉਣ ਦੇ ਕੁਝ ਪ੍ਰਮੁੱਖ ਨਿਯਮ ਇਸ ਪ੍ਰਕਾਰ ਹਨ :

(1) ਜਿਸ ਇੱਕਵਚਨ ਪੁਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ (ਾ) ਹੋਵੇ ਉਸ ਦਾ ਬਹੁਵਚਨ ਅੰਤ ਵਾਲ਼ੇ ਕੰਨੇ ਦੀ ਥਾਂ ਲਾਂ ( ੇ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| ਚੂਹਾ | ਚੂਹੇ | ਬਾਬਾ | ਬਾਬੇ |
| ਮੁੰਡਾ | ਮੁੰਡੇ | ਕੀੜਾ | ਕੀੜੇ |
| ਪੱਤਾ | ਪੱਤੇ | ਤੋਤਾ | ਤੋਤੇ |
| ਚਰਖਾ | ਚਰਖੇ | ਰੱਸਾ | ਰੱਸੇ |
| ਮੰਜਾ | ਮੰਜੇ | ਘੋੜਾ | ਘੋੜੇ |

(2) ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ ( ੀ) ਲੱਗੀ ਹੁੰਦੀ ਹੈ, ਉਸ ਸ਼ਬਦ ਦੇ ਅੰਤ ਵਿੱਚ 'ਆਂ' ਲਾ ਕੇ ਸ਼ਬਦ ਬਹੁਵਚਨ ਬਣਦਾ ਹੈ, ਜਿਵੇਂ :-

| | | | |
|---|---|---|---|
| ਤੀਵੀਂ | ਤੀਵੀਂਆਂ | ਇਸਤਰੀ | ਇਸਤਰੀਆਂ |
| ਪੋਥੀ | ਪੋਥੀਆਂ | ਕਲੀ | ਕਲੀਆਂ |
| ਕਾਪੀ | ਕਾਪੀਆਂ | ਧੀ | ਧੀਆਂ |
| ਰੱਸੀ | ਰੱਸੀਆਂ | ਘੋੜੀ | ਘੋੜੀਆਂ |
| ਮੋਰਨੀ | ਮੋਰਨੀਆਂ | ਬੇਰੀ | ਬੇਰੀਆਂ |

(3) ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨਾਂ ਜਾਂ ਕੰਨੇ ਉੱਤੇ ਬਿੰਦੀ (ਾਂ) ਹੋਵੇ ਉਸ ਦਾ ਬਹੁਵਚਨ 'ਵਾਂ' ਲਾ ਕੇ ਬਣਾਇਆ ਜਾਂਦਾ ਹੈ। ਜੇਕਰ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ (ਾ) ਹੋਵੇ ਤਾਂ 'ਵਾਂ' ਲਾ ਕੇ ਬਹੁ-ਵਚਨ ਬਣਾਇਆ ਜਾਂਦਾ ਹੈ, ਜਿਵੇਂ :-

| | | | |
|---|---|---|---|
| ਮਾਂ | ਮਾਂਵਾਂ | ਸਭਾ | ਸਭਾਵਾਂ |
| ਲਾਂ | ਲਾਂਵਾਂ | ਕਵਿਤਾ | ਕਵਿਤਾਵਾਂ |
| ਗਾਂ | ਗਾਂਵਾਂ | ਭਰਾ | ਭਰਾਵਾਂ |
| ਛਾਂ | ਛਾਂਵਾਂ | ਦਰਿਆ | ਦਰਿਆਵਾਂ |
| ਦੁਰਘਟਨਾ | ਦੁਰਘਟਨਾਵਾਂ | ਹਵਾ | ਹਵਾਵਾਂ |

(4) ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੋਵੇ ਉਸ ਦਾ ਬਹੁਵਚਨ ਰੂਪ ਕੰਨੇ ਉੱਤੇ ਬਿੰਦੀ (ਾਂ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :-

| | | | |
|---|---|---|---|
| ਗੇਂਦ | ਗੇਂਦਾਂ | ਪੁਸਤਕ | ਪੁਸਤਕਾਂ |
| ਇੱਟ | ਇੱਟਾਂ | ਪੰਜਾਬਣ | ਪੰਜਾਬਣਾਂ |
| ਸਲੇਟ | ਸਲੇਟਾਂ | ਸ਼ੇਰ | ਸ਼ੇਰਾਂ |
| ਭੈਣ | ਭੈਣਾਂ | ਇੱਲ | ਇੱਲਾਂ |
| ਕਬੂਤਰ | ਕਬੂਤਰਾਂ | ਸ਼ਹਿਰ | ਸ਼ਹਿਰਾਂ |

(5) ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਦੁਲਾਵਾਂ ( ੈ), ਔਂਕੜ ( ੁ), ਦੁਲੈਂਕੜ ( ੂ) ਜਾਂ ਹੋੜਾ ( ੋ) ਹੋਵੇ, ਉਸ ਦਾ ਬਹੁਵਚਨ-ਰੂਪ ਅੰਤ ਵਿੱਚ (ਆਂ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ:-

| | | | |
|---|---|---|---|
| ਸ਼ੈ | ਸ਼ੈਆਂ | ਸੋਅ | ਸੋਆਂ |
| ਲੈਅ | ਲੈਆਂ | ਖ਼ੁਸ਼ਬੋ | ਖ਼ੁਸ਼ਬੋਆਂ |
| ਸਹੁੰ | ਸਹੁੰਆਂ | ਬਹੂ | ਬਹੂਆਂ |
| ਜੂੰ | ਜੂੰਆਂ | ਕਨਸੋ | ਕਨਸੋਆਂ |
| ਵਸਤੂ | ਵਸਤੂਆਂ | ਗਊ | ਗਊਆਂ |

ਨੋਟ : ਪੰਜਾਬੀ ਵਿੱਚ ਆਦਰ-ਸੂਚਕ ਸ਼ਬਦ ਬਹੁ-ਵਚਨ ਰੂਪ ਵਿੱਚ ਇੱਕਵਚਨ ਲਈ ਵਰਤੇ ਜਾਂਦੇ ਹਨ, ਜਿਵੇਂ:-

| | | | |
|---|---|---|---|
| ਤੂੰ | ਤੁਸੀਂ | ਮੈਂ | ਅਸੀਂ |
| ਤੇਰਾ | ਤੁਹਾਡਾ | ਉਹ | ਉਹਨਾਂ |

**ਨੋਟ : ਵਚਨ ਦੇ ਬਦਲਣ ਨਾਲ਼ ਵਾਕ ਵਿਚਲੇ ਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਸ਼ਬਦਾਂ ਦਾ ਰੂਪ ਵੀ ਬਦਲਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕ ਵੇਖੋ :**

**ਚਿੱਟਾ ਘੋੜਾ ਦੌੜਦਾ** ਹੈ।

**ਚਿੱਟੇ ਘੋੜੇ ਦੌੜਦੇ** ਹਨ।

**ਉੱਚੀ ਇਮਾਰਤ** ਦੂਰੋਂ ਦਿਸਦੀ ਹੈ।

**ਉੱਚੀਆਂ ਇਮਾਰਤਾਂ** ਦੂਰੋਂ **ਦਿਸਦੀਆਂ** ਹਨ।

## ਅਭਿਆਸ

1. ਵਚਨ ਕਿਸ ਨੂੰ ਆਖਦੇ ਹਨ?
2. ਪੰਜਾਬੀ ਵਿੱਚ ਵਚਨ ਕਿਹੜੇ-ਕਿਹੜੇ ਹਨ? ਉਦਾਹਰਨਾਂ ਸਹਿਤ ਦੱਸੋ।
3. ਹੇਠ ਲਿਖੇ ਸ਼ਬਦਾਂ ਦੇ ਬਹੁਵਚਨ ਬਣਾਓ :-

   ਘੋੜਾ, ਮੇਜ਼, ਧੀ, ਛਾਂ, ਵਸਤੂ, ਕਵਿਤਾ, ਲੇਖ, ਹਵਾ, ਕੋਠੀ, ਬੋਰੀ, ਕਿਰਿਆ, ਘਰ।
4. ਹੇਠ ਲਿਖੇ ਵਾਕਾਂ ਵਿਚਲੇ ਨਾਂਵ-ਸ਼ਬਦਾਂ ਦੇ ਵਚਨ ਬਦਲ ਕੇ ਵਾਕ ਨੂੰ ਦੁਬਾਰਾ ਲਿਖੋ :-

   (ੳ) ਲੜਕਾ ਗੀਤ ਗਾ ਰਿਹਾ ਹੈ।

   (ਅ) ਪੰਛੀ ਅਕਾਸ਼ ਵਿੱਚ ਉਡਾਰੀ ਮਾਰ ਰਿਹਾ ਹੈ।

   (ੲ) ਚਿੜੀ ਚੀਂ-ਚੀਂ ਕਰਦੀ ਹੈ।

   (ਸ) ਪੁਸਤਕ ਅਲਮਾਰੀ ਵਿੱਚ ਪਈ ਹੈ।

   (ਹ) ਕੁੜੀ ਰੌਲ਼ਾ ਪਾ ਰਹੀ ਹੈ।

   (ਕ) ਸ਼ੇਰਨੀ ਜੰਗਲ਼ ਵਿੱਚ ਫਿਰਦੀ ਹੈ।

   (ਖ) ਅੰਬ ਮਿੱਠਾ ਤੇ ਸੁਆਦੀ ਹੈ।

   (ਗ) ਕਿਰਸਾਣ ਹਲ਼ ਚਲਾ ਰਿਹਾ ਹੈ।


   (ਘ) ਮੇਰੇ ਮਿੱਤਰ ਕੋਲ਼ ਬੱਕਰੀ ਹੈ।

   (ਙ) ਕੁੜੀ ਟੈਲੀਫ਼ੂਨ 'ਤੇ ਗੱਲ ਕਰ ਰਹੀ ਹੈ।

*****

# ਪੜਨਾਂਵ

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਅਸੀਂ, ਤੁਸੀਂ, ਉਹ।**




## ਪੜਨਾਂਵ ਦੀਆਂ ਕਿਸਮਾਂ

ਪੜਨਾਂਵ ਛੇ ਪ੍ਰਕਾਰ ਦੇ ਹਨ :

1. ਪੁਰਖਵਾਚਕ ਪੜਨਾਂਵ
2. ਨਿੱਜਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧਵਾਚਕ ਪੜਨਾਂਵ
6. ਪ੍ਰਸ਼ਨਵਾਚਕ ਪੜਨਾਂਵ

**1. ਪੁਰਖਵਾਚਕ ਪੜਨਾਂਵ**

ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਤੁਸੀਂ, ਉਹ ਆਦਿ।**

ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :-

(i) ਉੱਤਮ ਪੁਰਖ ਜਾਂ ਪਹਿਲਾ ਪੁਰਖ

(ii) ਮੱਧਮ ਪੁਰਖ ਜਾਂ ਦੂਜਾ ਪੁਰਖ

(iii) ਅਨਯ ਪੁਰਖ ਜਾਂ ਤੀਜਾ ਪੁਰਖ

(i) **ਉੱਤਮ ਪੁਰਖ ਜਾਂ ਪਹਿਲਾ ਪੁਰਖ :** ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ :- **ਮੈਂ, ਮੈਨੂੰ, ਅਸੀਂ, ਸਾਡਾ ਆਦਿ।**

(ii) **ਮੱਧਮ ਪੁਰਖ :** ਜਿਸ ਪੁਰਖ ਨਾਲ਼ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ :- **ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।**

(iii) **ਅਨਯ ਪੁਰਖ ਜਾਂ ਤੀਜਾ ਪੁਰਖ :** ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- **ਉਹ, ਉਹਨਾਂ ਆਦਿ।**

**2. ਨਿੱਜਵਾਚਕ ਪੜਨਾਂਵ**

ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) ਮੈਂ **ਆਪ** ਉਸ ਨੂੰ ਸਮਝਾਇਆ।

(ਅ) ਮੁੰਡੇ **ਆਪਸ** ਵਿੱਚ ਲੜਦੇ ਹਨ।

(ੲ) ਅਸੀਂ **ਆਪ** ਆਪਣੇ ਹੱਥੀਂ ਕੰਮ ਕੀਤਾ।

ਇਹਨਾਂ ਵਾਕਾਂ ਵਿੱਚ '**ਮੈਂ**','**ਆਪਸ**','**ਆਪ**' ਨਿੱਜਵਾਚਕ ਪੜਨਾਂਵ ਹਨ।

**3. ਨਿਸ਼ਚੇਵਾਚਕ ਪੜਨਾਂਵ**

ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ ਤੇ ਵਰਤੇ ਜਾਣ, ਉਸ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ :-

(ੳ) **ਅਹੁ** ਕੁਝ ਬਣ ਰਿਹਾ ਹੈ।

(ਅ) **ਇਹ** ਬੜਾ ਹਾਜ਼ਰ-ਜਵਾਬ ਹੈ।

**ਇਹਨਾਂ ਵਾਕਾਂ ਵਿੱਚ 'ਅਹੁ' ਤੇ 'ਇਹ'** ਨਿਸ਼ਚੇਵਾਚਕ ਪੜਨਾਂਵ ਹਨ।

**4. ਅਨਿਸ਼ਚੇਵਾਚਕ ਪੜਨਾਂਵ**

ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇਪੂਰਬਕ ਗਿਆਨ ਨਾ ਹੋਵੇ, ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) **ਕੋਈ** ਗੀਤ ਗਾ ਰਿਹਾ ਹੈ।

(ਅ) ਇੱਥੇ **ਕਈ** ਆਉਂਦੇ ਹਨ।

ਇਹਨਾਂ ਵਾਕਾਂ ਵਿੱਚ '**ਕੋਈ** 'ਤੇ '**ਕਈ**' ਅਨਿਸ਼ਚੇਵਾਚਕ ਪੜਨਾਂਵ ਹਨ।

**5. ਸੰਬੰਧਵਾਚਕ ਪੜਨਾਂਵ**

ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

(ੳ) ਲੋਕ **ਜੋ** ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।

(ਅ) ਉਹ ਸ਼ਰਾਬੀ **ਜਿਸ ਨੇ** ਗੋਲ਼ੀਆਂ ਚਲਾਈਆਂ ਸਨ, ਫੜਿਆ ਗਿਆ।

'**ਜੋ**' ਅਤੇ '**ਜਿਸ ਨੇ**' ਸ਼ਬਦ ਸੰਬੰਧਵਾਚਕ ਪੜਨਾਂਵ ਹਨ।

**6. ਪ੍ਰਸ਼ਨਵਾਚਕ ਪੜਨਾਂਵ**

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਉਸ ਵੱਲੋਂ ਕੋਈ ਪੁੱਛ-ਗਿੱਛ ਕੀਤੀ ਜਾਵੇ ਉਸ ਨੂੰ ਪ੍ਰਸ਼ਨਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : -

(ੳ) **ਕੌਣ** ਸੌਂ ਰਿਹਾ ਹੈ ?

(ਅ) ਗਲਾਸ **ਕਿਸ ਨੇ** ਤੋੜਿਆ ਹੈ ?

(ੲ) **ਕਿਹੜਾ** ਸ਼ੋਰ ਪਾ ਰਿਹਾ ਹੈ ?

'**ਕੌਣ**', '**ਕਿਸ ਨੇ**', '**ਕਿਹੜਾ**' ਸ਼ਬਦ ਪ੍ਰਸ਼ਨਵਾਚਕ ਪੜਨਾਂਵ ਹਨ।

## ਅਭਿਆਸ

1. ਪੜਨਾਂਵ ਕਿਸ ਨੂੰ ਆਖਦੇ ਹਨ ?
2. ਪੜਨਾਂਵ ਦੀਆਂ ਕਿਸਮਾਂ ਕਿਹੜੀਆਂ-ਕਿਹੜੀਆ ਹਨ ?
3. ਪੁਰਖਵਾਚਕ ਪੜਨਾਂਵ ਕਿੰਨੇ ਪ੍ਰਕਾਰ ਦਾ ਹੁੰਦਾ ਹੈ ?
4. ਨਿੱਜਵਾਚਕ ਪੜਨਾਂਵ ਕਿਸ ਨੂੰ ਆਖਦੇ ਹਨ ?
5. ਸੰਬੰਧਵਾਚਕ ਪੜਨਾਂਵ ਦੀਆਂ ਕੋਈ ਦੋ ਉਦਾਹਰਨਾਂ ਦਿਓ ?
6. ਹੇਠ ਲਿਖੇ ਪੜਨਾਂਵਾਂ ਦੇ ਸਾਮ੍ਹਣੇ ਉਹਨਾਂ ਦੀ ਕਿਸਮ ਲਿਖੋ :
   (ੳ) ਮੈਂ, ਅਸੀਂ ____________
   (ਅ) ਕਿਸ ਨੇ, ਕਿਹੜਾ ____________
   (ੲ) ਉਹ, ਇਹ ____________
   (ਸ) ਤੁਹਾਡਾ, ਤੁਹਾਨੂੰ ____________
   (ਹ) ਕੌਣ, ਕਿਹੜਾ ____________
   (ਕ) ਆਪ, ਆਪਸ ____________
   (ਖ) ਜੋ, ਸੋ ____________
   (ਗ) ਜਿਹੜੇ ____________
   (ਘ) ਕਈ, ਬਹੁਤ ਸਾਰੇ ____________
   (ਙ) ਅਹੁ, ਅਹਿ ____________
7. ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ ਤੇ ਸਾਮ੍ਹਣੇ ਲਿਖੋ-
   (ੳ) ਮਿਰਚ, ਫੁੱਲ, ਦਿੱਲੀ, ਆਪ ____________
   (ਅ) ਕੌਣ, ਲੜਕੀ, ਕੱਪੜਾ, ਸਾਡੇ ____________
   (ੲ) ਜਲੰਧਰ, ਜਿਹੜਾ, ਮੈਂ, ਅਸੀਂ ____________
   (ਸ) ਕਿਸ ਨੇ, ਗੀਤ, ਵਿਸ਼ਾਲ, ਹੈ ____________
   (ਹ) ਘਰ, ਮੇਰਾ, ਉਹ, ਗਿਆ ____________
8. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਚੁਣੋ ਤੇ ਸਾਮ੍ਹਣੇ ਲਿਖੋ :-
   (ੳ) ਉਸ ਦਾ ਭਰਾ ਬੜਾ ਬੇਈਮਾਨ ਹੈ। ____________
   (ਅ) ਤੁਹਾਨੂੰ ਆਪ ਇਹ ਕੰਮ ਕਰਨਾ ਚਾਹੀਦਾ ਸੀ। ____________
   (ੲ) ਕੌਣ-ਕੌਣ ਸ਼੍ਰੇਣੀ ਵਿੱਚ ਹਾਜ਼ਰ ਨਹੀਂ ਸੀ ? ____________

(ਸ) ਕਈ ਲੋਕ ਘਰ ਨੂੰ ਜਾ ਰਹੇ ਸਨ। ____________

(ਹ) ਜੋ ਕਰੇਗਾ ਸੋ ਭਰੇਗਾ। ____________

(ਕ) ਤੁਹਾਡੇ ਪਿਤਾ ਜੀ ਕੀ ਕਰਦੇ ਸਨ ? ____________

(ਖ) ਇਹ ਕਿਸ ਦਾ ਪੈੱਨ ਹੈ ? ____________

(ਗ) ਗ਼ਰੀਬ ਨਾਲ਼ ਕੋਈ-ਕੋਈ ਹਮਦਰਦੀ ਕਰਦਾ ਹੈ। ____________

9. ਖ਼ਾਲੀ ਥਾਂਵਾਂ ਭਰੋ—

(ੳ) ਜਿਹੜੇ ਪੁਰਖ ਨਾਲ਼ ਗੱਲ ਕੀਤੀ ਜਾਵੇ ..................... ਪੁਰਖ ਹੁੰਦਾ ਹੈ।

(ਅ) ਜਿਸ ਪੁਰਖ ਬਾਰੇ ਗੱਲ ਕੀਤੀ ਜਾਵੇ ..................... ਪੁਰਖ ਹੁੰਦਾ ਹੈ।

(ੲ) ਨਾਂਵ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦ ..................... ਕਹਾਉਂਦੇ ਹਨ।

(ਸ) ਜਿਹੜੇ ਸ਼ਬਦ ਯੋਜਕਾਂ ਵਾਂਗ ਦੋ ਵਾਕਾਂ ਨੂੰ ਜੋੜਨ ............. ਪੜਨਾਂਵ ਹੁੰਦੇ ਹਨ।

10. ਹੇਠ ਲਿਖੇ ਵਾਕਾਂ ਵਿੱਚੋਂ ਠੀਕ ਵਾਕਾਂ ਦੇ ਸਾਮ੍ਹਣੇ ਸਹੀ (✔) ਤੇ ਗ਼ਲਤ ਵਾਕਾਂ ਦੇ ਸਾਮ੍ਹਣੇ (✘) ਦਾ ਨਿਸ਼ਾਨ ਲਾਓ :

(ੳ) ਗੱਲ ਕਰਨ ਵਾਲ਼ਾ ਪੁਰਖ, ਉੱਤਮ ਪੁਰਖ ਹੁੰਦਾ ਹੈ।

(ਅ) ਜੋ ਸ਼ਬਦ ਕਿਸੇ ਵਿਅਕਤੀ, ਵਸਤੂ, ਜਗ੍ਹਾ ਦਾ ਨਾਂ ਦੱਸਣ, ਪੜਨਾਂਵ ਕਹਾਉਂਦੇ ਹਨ।

(ੲ) ਜਿਹੜੇ ਸ਼ਬਦ ਨਾਂਵ ਦੀ ਥਾਂ 'ਤੇ ਆ ਕੇ ਕੋਈ ਪ੍ਰਸ਼ਨ ਪੁੱਛਣ, ਉਹਨਾਂ ਨੂੰ ਪ੍ਰਸ਼ਨਵਾਚਕ ਪੜਨਾਂਵ ਕਿਹਾ ਜਾਂਦਾ ਹੈ।

(ਸ) ਪੜਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ।

(ਹ) ਜਿਹੜੇ ਸ਼ਬਦ ਯੋਜਕ ਵਾਂਗ ਵਾਕਾਂ ਨੂੰ ਜੋੜਨ, ਉਹ ਪ੍ਰਸ਼ਨਵਾਚਕ ਪੜਨਾਂਵ ਹੁੰਦੇ ਹਨ।

*****

# ਕਿਰਿਆ

ਅਸੀਂ ਹਰੇਕ ਨੂੰ ਕਿਸੇ ਨਾ ਕਿਸੇ ਕੰਮ ਵਿੱਚ ਰੁੱਝੇ ਹੋਏ ਵੇਖਦੇ ਹਾਂ। ਕੋਈ ਖਾਂਦਾ ਹੈ, ਕੋਈ ਪੀਂਦਾ ਹੈ, ਕੋਈ ਸੌਂਦਾ ਹੈ। ਇਸੇ ਤਰ੍ਹਾਂ ਪੜ੍ਹਨਾ, ਲਿਖਣਾ, ਹੱਸਣਾ, ਰੋਣਾ, ਲੜਨਾ, ਖੇਡਣਾ ਆਦਿ ਸਭ ਨਿੱਤ ਦੀਆਂ ਕਿਰਿਆਵਾਂ ਹਨ। ਵਿਆਕਰਨ ਵਿੱਚ ਇਹਨਾਂ ਕਿਰਿਆਵਾਂ ਲਈ ਵਰਤੇ ਜਾਂਦੇ ਸ਼ਬਦਾਂ ਨੂੰ ਕਿਰਿਆ ਕਿਹਾ ਜਾਂਦਾ ਹੈ।

**ਉਦਾਹਰਨ :**

(ੳ) ਬੱਚਾ **ਹੱਸਦਾ** ਹੈ।

(ਅ) ਪੰਛੀ **ਉੱਡਦਾ** ਹੈ।

(ੲ) ਚਪੜਾਸੀ ਨੇ ਘੰਟੀ **ਵਜਾਈ**।

(ਸ) ਸੁਮੀਤ ਹਾਕੀ **ਖੇਡਦਾ** ਹੈ।

ਉਪਰੋਕਤ ਵਾਕਾਂ ਵਿੱਚ ਹੱਸਦਾ, ਉੱਡਦਾ, ਵਜਾਈ, ਖੇਡਦਾ ਆਦਿ ਕਿਰਿਆ-ਸ਼ਬਦ ਹਨ।

ਉਹ ਸ਼ਬਦ ਜਿਹੜਾ ਕਿਸੇ ਕੰਮ ਦਾ ਕਰਨਾ ਜਾਂ ਕੰਮ ਦਾ ਹੋਣਾ, ਕਾਲ ਸਮੇਤ ਪ੍ਰਗਟ ਕਰੇ, ਉਸ ਨੂੰ ਕਿਰਿਆ ਕਿਹਾ ਜਾਂਦਾ ਹੈ।

(ੳ) ਜੋ ਕੰਮ ਕਰਦਾ ਹੈ, ਕਰਤਾ ਅਖਵਾਉਂਦਾ ਹੈ।

(ਅ) ਕਿਰਿਆ ਦਾ ਪ੍ਰਭਾਵ ਜਿਸ ਉੱਤੇ ਪੈਂਦਾ ਹੈ, ਉਹ ਕਰਮ ਹੁੰਦਾ ਹੈ।

ਕਰਮ ਕਰਕੇ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।

1. ਅਕਰਮਕ ਕਿਰਿਆ
2. ਸਕਰਮਕ ਕਿਰਿਆ

## 1. ਅਕਰਮਕ ਕਿਰਿਆ

ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ,

ਉਦਾਹਰਨ :

(ੳ) ਵਰਖਾ ਪੈ **ਰਹੀ ਹੈ।**

(ਅ) ਸੂਰਜ **ਨਿਕਲ਼ ਆਇਆ ਹੈ।**

(ੲ) ਮੁੰਡਾ **ਹੱਸਦਾ ਹੈ।**

(ਸ) ਕੁੜੀ **ਗਾਉਂਦੀ ਹੈ।**

ਉਪਰੋਕਤ ਵਾਕਾਂ ਵਿੱਚ ਵਰਖਾ, ਸੂਰਜ, ਮੁੰਡਾ, ਕੁੜੀ ਕਰਤਾ ਹਨ। 'ਰਹੀ ਹੈ', 'ਨਿਕਲ਼ ਆਇਆ' 'ਹੱਸਦਾ ਹੈ' 'ਗਾਉਂਦੀ ਹੈ' ਅਕਰਮਕ ਕਿਰਿਆਵਾਂ ਹਨ।

## 2. ਸਕਰਮਕ ਕਿਰਿਆ

ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ, ਉਦਾਹਰਨ :

(ੳ) ਮਾਤਾ ਜੀ ਰੋਟੀ ਪਕਾਉਂਦੇ ਹਨ।

(ਅ) ਵਿਦਿਆਰਥੀ ਪਾਠ ਯਾਦ ਕਰਦੇ ਹਨ।

(ੲ) ਉਹਨਾਂ ਨੇ ਹਾਕੀ ਦਾ ਮੈਚ ਜਿੱਤ ਲਿਆ ਹੈ।

(ਸ) ਬੱਚੇ ਫ਼ੁਟਬਾਲ ਖੇਡ ਰਹੇ ਹਨ।

ਉਪਰੋਕਤ ਵਾਕਾਂ ਵਿੱਚ 'ਮਾਤਾ ਜੀ', 'ਵਿਦਿਆਰਥੀ', 'ਉਹਨਾਂ' ਅਤੇ 'ਬੱਚੇ' ਕਰਤਾ ਹਨ। 'ਰੋਟੀ', 'ਪਾਠ', 'ਹਾਕੀ ਦਾ ਮੈਚ' ਅਤੇ 'ਫ਼ੁਟਬਾਲ' ਕਰਮ ਹਨ। ਇਸ ਲਈ 'ਪਕਾਉਂਦੇ ਹਨ', 'ਕਰਦੇ ਹਨ', 'ਲਿਆ ਹੈ', 'ਰਹੇ ਹਨ' ਸਕਰਮਕ ਕਿਰਿਆਵਾਂ ਹਨ।

## ਅਭਿਆਸ

1. ਕਿਰਿਆ ਕਿਸ ਨੂੰ ਆਖਦੇ ਹਨ ?
2. ਕਰਤਾ ਤੋਂ ਕੀ ਭਾਵ ਹੈ ?
3. ਕਰਮ ਤੋਂ ਕੀ ਭਾਵ ਹੈ ?
4. ਹੇਠਾਂ ਦਿੱਤੇ ਵਾਕਾਂ ਵਿੱਚ ਕਿਰਿਆ-ਸ਼ਬਦਾਂ ਦੇ ਹੇਠਾਂ ਲਕੀਰ ਲਾਓ :-

   (ੳ) ਹਰਬੰਸ ਉੱਚੀ-ਉੱਚੀ ਰੋ ਰਿਹਾ ਹੈ।

   (ਅ) ਰੇਲਗੱਡੀ ਆਏਗੀ।

   (ੲ) ਉਹ ਦਰਵਾਜ਼ਾ ਬੰਦ ਕਰ ਰਿਹਾ ਹੈ।

   (ਸ) ਧੋਬੀ ਕੱਪੜੇ ਧੋ ਰਿਹਾ ਹੈ।

   (ਹ) ਅਧਿਆਪਕ ਜੀ ਸ਼੍ਰੇਣੀ ਵਿੱਚ ਪੜ੍ਹਾਉਂਦੇ ਹਨ।

   (ਕ) ਕੁੜੀ ਰੱਸੀ ਟੱਪਦੀ ਹੈ।

   (ਖ) ਦਰਜ਼ੀ ਕੱਪੜੇ ਸਿਊਂ ਰਿਹਾ ਹੈ।

**ਅਧਿਆਪਕ ਵਿਦਿਆਰਥੀਆਂ ਨੂੰ ਹੋਰ ਅਕਰਮਕ ਤੇ ਸਕਰਮਕ ਕਿਰਿਆਵਾਂ ਵਾਲੇ ਵਾਕ ਚੁਣਨ ਲਈ ਪ੍ਰੇਰਿਤ ਕਰਨ।**

*****

# ਕਾਲ

ਕਾਲ ਤੋਂ ਭਾਵ ਹੈ—ਸਮਾਂ। ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜੇ ਰੂਪ ਧਾਰਨ ਕਰਦੀ ਹੈ, ਉਹਨਾਂ ਨੂੰ ਕਿਰਿਆ ਦਾ ਕਾਲ ਕਿਹਾ ਜਾਂਦਾ ਹੈ।


**ਜਿਵੇਂ :-** ੳ. ਰਾਮ **ਪੜ੍ਹਦਾ ਹੈ**।

ਅ. ਰਾਮ ਨੇ ਪਾਠ **ਪੜ੍ਹਿਆ**।

ੲ. ਰਾਮ ਪਾਠ **ਪੜ੍ਹੇਗਾ**।

ਉਪਰੋਕਤ ਵਾਕਾਂ ਵਿੱਚ 'ਪੜ੍ਹਦਾ ਹੈ', 'ਪੜ੍ਹਿਆ', 'ਪੜ੍ਹੇਗਾ' ਸ਼ਬਦ ਕੰਮ ਹੋਣ ਦੇ ਸਮੇਂ ਦਾ ਬੋਧ ਕਰਾਉਂਦੇ ਹਨ।

ਕਾਲ ਤਿੰਨ ਹਨ :-




1. **ਭੂਤ-ਕਾਲ**
2. **ਵਰਤਮਾਨ-ਕਾਲ**
3. **ਭਵਿਖਤ-ਕਾਲ**

## 1. ਭੂਤ-ਕਾਲ

ਵਾਕ ਵਿੱਚ ਜਿਹੜੀ ਕਿਰਿਆ ਬੀਤ ਚੁੱਕੇ ਸਮੇਂ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਭੂਤ-ਕਾਲ ਕਿਹਾ ਜਾਂਦਾ ਹੈ।

**ਉਦਾਹਰਨ :**

(ੳ) ਗੀਟਾ ਨੇ ਪਾਠ **ਪੜ੍ਹਿਆ।**

(ਅ) ਜਾਦੂਗਰ ਨੇ ਜਾਦੂ **ਦਿਖਾਇਆ।**

ਉਪਰੋਕਤ ਵਾਕਾਂ ਵਿੱਚ ਕਿਰਿਆ-ਸ਼ਬਦ ਬੀਤ ਚੁੱਕੇ ਸਮੇਂ ਅਰਥਾਤ ਭੂਤ-ਕਾਲ ਦਾ ਗਿਆਨ ਦਿੰਦਾ ਹੈ।

## 2. ਵਰਤਮਾਨ-ਕਾਲ

ਵਾਕ ਵਿੱਚ ਜਿਹੜੀ ਕਿਰਿਆ 'ਮੌਜੂਦਾ ਭਾਵ ਚੱਲ ਰਹੇ ਸਮੇਂ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਵਰਤਮਾਨ-ਕਾਲ ਆਖਦੇ ਹਨ।'

ਉਦਾਹਰਨ :

(ੳ) ਗੀਟਾ ਪਾਠ **ਪੜ੍ਹਦੀ ਹੈ।**

(ਅ) ਜਾਦੂਗਰ ਜਾਦੂ **ਦਿਖਾਉਂਦਾ ਹੈ।**

ਉਪਰੋਕਤ ਵਾਕਾਂ ਵਿੱਚ ਕਿਰਿਆ-ਸ਼ਬਦ ਮੌਜੂਦਾ ਸਮੇਂ ਦਾ ਗਿਆਨ ਦਿੰਦੇ ਹਨ ਇਸ ਲਈ ਇਹ ਵਾਕ ਵਰਤਮਾਨ-ਕਾਲ ਵਿੱਚ ਹਨ।

### 3. ਭਵਿਖਤ-ਕਾਲ

ਵਾਕ ਵਿੱਚ ਜਿਹੜੀ ਕਿਰਿਆ ਆਉਣ ਵਾਲ਼ੇ ਸਮੇਂ ਅਰਥਾਤ ਭਵਿਖ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਭਵਿਖਤ-ਕਾਲ ਕਿਹਾ ਜਾਂਦਾ ਹੈ।

ਉਦਾਹਰਨ : (ੳ) ਗੀਟਾ ਪਾਠ **ਪੜ੍ਹੇਗੀ।**

(ਅ) ਜਾਦੂਗਰ ਜਾਦੂ **ਦਿਖਾਏਗਾ।**

ਉਪਰੋਕਤ ਵਾਕਾਂ ਵਿੱਚ ਕਿਰਿਆ-ਸ਼ਬਦ ਆਉਣ ਵਾਲ਼ੇ ਸਮੇਂ ਦਾ ਗਿਆਨ ਕਰਵਾਉਂਦੇ ਹਨ।

## ਅਭਿਆਸ

1. ਕਾਲ ਤੋਂ ਕੀ ਭਾਵ ਹੈ ?
2. ਕਾਲ ਕਿੰਨੀ ਪ੍ਰਕਾਰ ਦਾ ਹੁੰਦਾ ਹੈ ?
3. ਹੇਠ ਲਿਖੇ ਵਾਕ ਕਿਹੜੇ ਕਾਲ ਨਾਲ਼ ਸੰਬੰਧ ਰੱਖਦੇ ਹਨ:

(ੳ) ਭਾਰਤ ਦੀ ਟੀਮ ਮੈਚ ਖੇਡੇਗੀ। ________

(ਅ) ਮੁੱਖ ਮੰਤਰੀ ਜੀ ਭਾਸ਼ਣ ਕਰ ਰਹੇ ਹਨ। ________

(ੲ) ਅਧਿਆਪਕਾ ਪੜ੍ਹਾ ਰਹੀ ਹੈ। ________

(ਸ) ਰਾਜੂ ਅੱਠਵੀਂ ਸ਼੍ਰੇਣੀ ਵਿੱਚੋਂ ਪਾਸ ਹੋ ਗਿਆ ਹੈ। ________

(ਹ) ਉਹਨਾਂ ਨੇ ਦਰਿਆ ਪਾਰ ਕਰ ਲਿਆ ਸੀ। ________

(ਕ) ਸ਼ਰਮਾ ਜੀ ਜੱਜ ਦੀ ਭੂਮਿਕਾ ਨਿਭਾ ਰਹੇ ਸਨ। ________

(ਖ) ਮੁੱਖ ਮੰਤਰੀ ਜੀ ਨੇ ਪਿੰਡ ਦਾ ਦੌਰਾ ਕੀਤਾ। ________

(ਗ) ਜ਼ਿਲ੍ਹਾ ਸਿੱਖਿਆ ਅਫ਼ਸਰ ਸਕੂਲ ਦੀ ਚੈੱਕਿੰਗ ਕਰਨਗੇ। ________

4. ਹੇਠ ਲਿਖੇ ਵਰਤਮਾਨ-ਕਾਲ ਦੇ ਵਾਕਾਂ ਨੂੰ ਭੂਤ-ਕਾਲ ਵਿੱਚ ਬਦਲੋ :

(ੳ) ਸਚਿਨ ਕ੍ਰਿਕਟ ਖੇਡਦਾ ਹੈ। ________

(ਅ) ਮਾਤਾ ਜੀ ਖਾਣਾ ਪਕਾਉਂਦੇ ਹਨ। ________

(ੲ) ਸੂਰਜ ਨਿਕਲ਼ ਰਿਹਾ ਹੈ। ________

(ਸ) ਪਸ਼ੂ ਘਾਹ ਚਰਦੇ ਹਨ। ________

(ਹ) ਬੱਚਾ ਪਤੰਗ ਉਡਾਉਂਦਾ ਹੈ। ________

5. ਹੇਠ ਲਿਖੇ ਵਰਤਮਾਨ-ਕਾਲ ਦੇ ਵਾਕਾਂ ਨੂੰ ਭਵਿਖਤ-ਕਾਲ ਵਿੱਚ ਬਦਲੋ :

(ੳ) ਵਰਖਾ ਪੈ ਰਹੀ ਹੈ। ____________

(ਅ) ਘੋੜੇ ਦੌੜਦੇ ਹਨ। ____________

(ੲ) ਮੱਝਾਂ ਚਰ ਰਹੀਆਂ ਹਨ। ____________

(ਸ) ਕੁੜੀਆਂ ਖੇਡ ਰਹੀਆਂ ਹਨ। ____________

(ਹ) ਸੁਰਜੀਤ ਹਾਕੀ ਖੇਡ ਰਿਹਾ ਹੈ। ____________

6. ਹੇਠ ਲਿਖੇ ਵਾਕਾਂ ਨੂੰ ਭੂਤ-ਕਾਲ ਵਿੱਚ ਬਦਲੋ :

(ੳ) ਜਾਦੂਗਰ ਜਾਦੂ ਦਿਖਾਏਗਾ। ____________

(ਅ) ਗੀਟਾ ਪਾਠ ਪੜ੍ਹੇਗੀ। ____________

(ੲ) ਪੁਜਾਰੀ ਆਰਤੀ ਕਰ ਰਿਹਾ ਹੈ। ____________

(ਸ) ਬੱਚੇ ਗੀਤ ਗਾ ਰਹੇ ਹਨ। ____________

(ਹ) ਮੱਝਾਂ ਚਰ ਰਹੀਆਂ ਹਨ। ____________

(ਕ) ਪੰਛੀ ਅਕਾਸ਼ ਵਿੱਚ ਉੱਡ ਰਹੇ ਹਨ। ____________

(ਖ) ਕਵੀ ਕਵਿਤਾ ਸੁਣਾਏਗਾ। ____________

(ਗ) ਬੱਚਾ ਪਤੰਗ ਉਡਾਏਗਾ। ____________

*****

# ਵਿਸ਼ੇਸ਼ਣ

ਜਦੋਂ ਅਸੀਂ ਕਿਸੇ ਜੀਵ, ਜਗ੍ਹਾ ਜਾਂ ਵਸਤੂ ਦਾ ਗੁਣ, ਔਗੁਣ, ਰੰਗ, ਆਕਾਰ ਆਦਿ ਦਾ ਜ਼ਿਕਰ ਕਰਦੇ ਹਾਂ ਤਾਂ ਉਹ ਵਸਤੂ ਉਹੋ—ਜਿਹੀਆਂ ਦੂਜੀਆਂ ਵਸਤੂਆਂ ਤੋਂ ਵਿਸ਼ੇਸ਼ ਬਣ ਜਾਂਦੀ ਹੈ; ਉਦਾਹਰਨ ਵਜੋਂ: ਗਊ ਇੱਕ ਆਮ ਜੀਵ ਹੈ ਪਰ 'ਗਊ ਚਿੱਟੀ ਹੈ' ਕਹਿਣ ਨਾਲ਼ ਉਸ ਦੇ ਰੰਗ ਦੀ ਵਿਸ਼ੇਸ਼ਤਾ ਆ ਜਾਂਦੀ ਹੈ। ਇਸੇ ਤਰ੍ਹਾਂ ਮੁੰਡਾ ਇੱਕ ਆਮ ਲੜਕਾ ਹੈ ਪਰ "ਮੁੰਡਾ ਬਹੁਤ ਸੋਹਣਾ ਹੈ" ਇੱਕ ਮੁੰਡੇ ਵੱਲ ਵਿਸ਼ੇਸ਼ ਇਸ਼ਾਰਾ ਕਰਦਾ ਹੈ। ਅਜਿਹੀ ਵਿਸ਼ੇਸ਼ਤਾ ਦੱਸਣ ਵਾਲ਼ੇ ਸ਼ਬਦਾਂ ਨੂੰ ਵਿਆਕਰਨ ਵਿੱਚ ਵਿਸ਼ੇਸ਼ਣ ਕਿਹਾ ਜਾਂਦਾ ਹੈ।

**ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ-ਸ਼ਬਦ ਨਾਲ਼ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਤੇ ਉਹਨਾਂ ਨੂੰ ਆਮ ਤੋਂ ਖ਼ਾਸ ਬਣਾਉਣ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ।**


**ਜਿਵੇਂ :-** (ੳ) ਸ਼ਾਲਿਨੀ **ਬੁੱਧੀਮਾਨ** ਹੈ।
(ਅ) ਗੀਤਾ **ਸਿਆਣੀ** ਕੁੜੀ ਹੈ।
(ੲ) ਮੁੰਡਾ **ਉੱਦਮੀ** ਹੈ।

ਇਹਨਾਂ ਵਾਕਾਂ ਵਿੱਚ **ਬੁੱਧੀਮਾਨ**, **ਸਿਆਣੀ**, **ਉੱਦਮੀ** ਵਿਸ਼ੇਸ਼ਣ-ਸ਼ਬਦ ਹਨ।

## ਵਿਸ਼ੇਸ਼ਣ ਦੇ ਭੇਦ

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ।

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀਂ ਵਿਸ਼ੇਸ਼ਣ




### 1. ਗੁਣਵਾਚਕ ਵਿਸ਼ੇਸ਼ਣ

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਦੇ ਗੁਣ-ਔਗੁਣ ਆਦਿ ਪ੍ਰਗਟ ਕਰੇ, ਉਸ ਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :-

(ੳ) **ਪਤਲੀ** ਕੁੜੀ
(ਅ) **ਸੁੰਦਰ** ਦ੍ਰਿਸ਼
(ੲ) **ਉੱਚੀ** ਪਦਵੀ

ਉਪਰੋਕਤ ਵਾਕ ਵਿੱਚ '**ਪਤਲੀ**', '**ਸੁੰਦਰ**', '**ਉੱਚੀ**' ਗੁਣਵਾਚਕ ਵਿਸ਼ੇਸ਼ਣ ਹਨ।

### 2. ਸੰਖਿਆਵਾਚਕ ਵਿਸ਼ੇਸ਼ਣ

ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਸੰਖਿਆ, ਭਾਰ, ਗਿਣਤੀ ਦਾ ਗਿਆਨ ਹੋਵੇ, ਉਸ ਨੂੰ ਸੰਖਿਆਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ ਜਿਵੇਂ:

(ੳ) ਸੀਤਾ ਕੋਲ਼ **ਸੱਤ** ਕਿਤਾਬਾਂ ਹਨ।

(ਅ) ਮੈਂ **ਸੱਤਵੇਂ** ਨੰਬਰ 'ਤੇ ਹਾਂ।

(ੲ) ਇਸ ਕਮੀਜ਼ ਦਾ ਮੁੱਲ **ਪੰਜਾਹ** ਰੁਪਏ ਹੈ।

ਉਪਰੋਕਤ ਵਾਕਾਂ ਵਿੱਚ **'ਸੱਤ'**,**'ਸੱਤਵੇਂ'** ਤੇ **'ਪੰਜਾਹ'** ਸ਼ਬਦ ਸੰਖਿਆਵਾਚਕ ਵਿਸ਼ੇਸ਼ਣ ਹਨ।

### 3. ਪਰਿਮਾਣਵਾਚਕ ਵਿਸ਼ੇਸ਼ਣ

ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਮਿਣਤੀ, ਮਾਪ ਜਾਂ ਤੋਲ ਦਾ ਗਿਆਨ ਹੋਵੇ, ਉਸ ਨੂੰ ਪਰਿਮਾਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : –

(ੳ) ਦੀਨਾ ਨਾਥ ਕੋਲ਼ **ਬਹੁਤ** ਧਨ ਹੈ।

(ਅ) ਰਾਮ ਦਾ **ਥੋੜ੍ਹਾ** ਕੰਮ ਬਾਕੀ ਹੈ।

(ੲ) ਅਸੀਂ **ਕਾਫ਼ੀ** ਕੰਮ ਮੁਕਾ ਲਿਆ ਹੈ।

ਉਪਰੋਕਤ ਵਾਕਾਂ ਵਿੱਚ, **'ਬਹੁਤ'**, **'ਥੋੜ੍ਹਾ'**, **'ਕਾਫ਼ੀ'** ਪਰਿਮਾਣਵਾਚਕ ਵਿਸ਼ੇਸ਼ਣ ਹਨ।

### 4. ਨਿਸ਼ਚੇਵਾਚਕ ਵਿਸ਼ੇਸ਼ਣ

ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਵੱਲ ਨਿਸ਼ਚੇਪੂਰਬਕ ਸੰਕੇਤ ਕਰੇ ਤੇ ਉਸ ਨੂੰ ਆਮ ਤੋਂ ਵਿਸ਼ੇਸ਼ ਬਣਾਏ, ਉਸ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ:–

(ੳ) **ਇਹ** ਕੁੜੀ ਕਿੰਨੀ ਸਮਝਦਾਰ ਹੈ!

(ਅ) **ਉਹ** ਫੁੱਲ ਕਿੰਨਾ ਸੋਹਣਾ ਹੈ!

ਉਪਰੋਕਤ ਵਾਕਾਂ ਵਿੱਚ **'ਇਹ'** ਅਤੇ **'ਉਹ'** ਨਿਸ਼ਚੇਵਾਚਕ ਵਿਸ਼ੇਸ਼ਣ ਹਨ।

### 5. ਪੜਨਾਂਵੀਂ ਵਿਸ਼ੇਸ਼ਣ

ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ–ਸ਼ਬਦ ਨਾਲ਼ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰੇ, ਉਸ ਨੂੰ ਪੜਨਾਂਵੀਂ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ:–

1. **ਜਿਸ** ਆਦਮੀ ਨੇ ਗ਼ਲਤੀ ਕੀਤੀ ਸੀ, ਉਹ ਮੰਨ ਗਿਆ ਹੈ।
2. **ਮੇਰੀ** ਕਿਤਾਬ ਕਿਸ ਕੋਲ਼ ਹੈ ?

ਉਪਰੋਕਤ ਵਾਕਾਂ ਵਿੱਚ **'ਜਿਸ'** ਤੇ **'ਮੇਰੀ'** ਪੜਨਾਂਵੀਂ ਵਿਸ਼ੇਸ਼ਣ ਹਨ।

## ਅਭਿਆਸ

1. ਵਿਸ਼ੇਸਣ ਕਿਸ ਨੂੰ ਆਖਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
2. ਗੁਣਵਾਚਕ ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ?
3. ਸੰਖਿਆਵਾਚਕ ਵਿਸ਼ੇਸ਼ਣ ਕੀ ਹੁੰਦਾ ਹੈ, ਉਦਾਹਰਨਾਂ ਦੇ ਕੇ ਦੱਸੋ ?
4. ਪੜਨਾਂਵੀਂ ਵਿਸ਼ੇਸ਼ਣ ਦੀ ਪਰਿਭਾਸ਼ਾ ਦੱਸੋ ?

5. ਹੇਠ ਲਿਖੇ ਵਾਕਾਂ ਵਿੱਚ ਆਏ ਵਿਸ਼ੇਸ਼ਣ ਕਿਸ ਪ੍ਰਕਾਰ ਦੇ ਹਨ ? ਵਾਕਾਂ ਦੇ ਸਾਮ੍ਹਣੇ ਲਿਖੋ:

| ਵਾਕ | ਵਿਸ਼ੇਸ਼ਣ | ਕਿਸਮ |
|---|---|---|
| (ੳ) ਰਾਜ ਇਸ ਸਭਾ ਦਾ ਚੌਥਾ ਮੈਂਬਰ ਹੈ। | ਚੌਥਾ | ਸੰਖਿਆਵਾਚਕ ਵਿਸ਼ੇਸ਼ਣ |
| (ਅ) ਇਹ ਕੱਪੜਾ ਦੋ ਮੀਟਰ ਲੰਮਾ ਹੈ। | ______ | ______ |
| (ੲ) ਉਹ ਸਾਡਾ ਘਰ ਹੈ। | ______ | ______ |
| (ਸ) ਦੁੱਧ ਵਿੱਚ ਥੋੜ੍ਹਾ ਪਾਣੀ ਮਿਲ਼ਾ ਦਿਓ। | ______ | ______ |
| (ਹ) ਸੁਨੀਤਾ ਬੜੀ ਲਾਇਕ ਕੁੜੀ ਹੈ। | ______ | ______ |
| (ਕ) ਮੇਰਾ ਕੁੜਤਾ ਨੀਲੇ ਰੰਗ ਦਾ ਹੈ। | ______ | ______ |
| (ਖ) ਰਾਮ ਕੋਲ਼ ਬਥੇਰੀਆਂ ਕਮੀਜ਼ਾਂ ਹਨ। | ______ | ______ |
| (ਗ) ਉਸ ਕੋਲ਼ ਪੰਜਾਹ ਰੁਪਏ ਹਨ। | ______ | ______ |

6. ਹੇਠ ਲਿਖੇ ਵਾਕਾਂ ਵਿੱਚੋਂ ਸੰਖਿਆਵਾਚਕ ਤੇ ਗੁਣਵਾਚਕ ਵਿਸ਼ੇਸ਼ਣ ਚੁਣੋ :

(ੳ) ਰਾਜੂ ਸਭ ਨਾਲ਼ੋਂ ਹੁਸ਼ਿਆਰ ਵਿਦਿਆਰਥੀ ਹੈ।

(ਅ) ਉਹ ਘਰ ਬੜਾ ਸਾਫ਼-ਸੁਥਰਾ ਹੈ।

(ੲ) ਵਿਧਾਨ-ਸਭਾ ਦਾ ਚੌਥਾ ਇਜਲਾਸ ਕੱਲ੍ਹ ਤੋਂ ਸ਼ੁਰੂ ਹੋ ਰਿਹਾ ਹੈ।

(ਸ) ਇਸ ਪਲਾਟ ਦੀ ਕੀਮਤ ਦਸ ਲੱਖ ਰੁਪਏ ਹੈ।

(ਹ) ਸੁਖਵੀਰ ਸਰਾਵਾਂ ਕਬੱਡੀ ਦੀ ਟੀਮ ਦਾ ਨਾਮਵਰ ਖਿਡਾਰੀ ਸੀ।

*****


# ਕਿਰਿਆ-ਵਿਸ਼ੇਸ਼ਣ

**ਪਰਿਭਾਸ਼ਾ :**

ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਆਦਿ ਦੱਸੇ, ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ।

| ਕਿਰਿਆ | ਕੰਮ |
|---|---|
| ਵਿਸ਼ੇਸ਼ਣ ਵਿਸ਼ੇਸ਼ਤਾ | ਕੰਮ ਦੀ ਵਿਸ਼ੇਸ਼ਤਾ |
| 1 | 2 |
| 1. ਰਾਜੂ ਨੇ ਬੂਹਾ ਖੋਲ੍ਹਿਆ। | 1. ਰਾਜੂ ਨੇ ਬੂਹਾ ਹੌਲ਼ੀ ਜਿਹੀ ਖੋਲ੍ਹਿਆ। |
| 2. ਉਹ ਕਮਰੇ ਵਿੱਚ ਗਿਆ। | 2. ਉਹ ਕਮਰੇ ਵਿੱਚ **ਕਾਹਲ਼ੀ** ਨਾਲ਼ ਗਿਆ। |
| 3. ਸੀਤਾ ਗਾਉਂਦੀ ਹੈ। | 3. ਸੀਤਾ ਬਹੁਤ **ਸੁਰੀਲਾ** ਗਾਉਂਦੀ ਹੈ। |
| 4. ਤਰਸੇਮ ਸਕੂਲ ਤੋਂ ਆਇਆ ਹੈ। | 4. ਤਰਸੇਮ ਸਕੂਲ ਤੋਂ **ਹੁਣੇ** ਆਇਆ ਹੈ। |

ਉਪਰੋਕਤ ਦੋਹਾਂ ਕਿਸਮਾਂ ਦੇ ਵਾਕਾਂ ਵਿੱਚ ਕਾਫ਼ੀ ਭਿੰਨਤਾ ਹੈ। ਪਹਿਲੀ ਕਿਸਮ ਦੇ ਵਾਕਾਂ ਵਿੱਚ ਸਧਾਰਨ ਕਿਰਿਆ ਵਾਪਰਦੀ ਹੈ ਤੇ ਦੂਜੀ ਕਿਸਮ ਦੇ ਵਾਕਾਂ ਵਿੱਚ **'ਹੌਲ਼ੀ'**, **'ਕਾਹਲ਼ੀ'**, **'ਸੁਰੀਲਾ'**, **'ਹੁਣੇ'** ਆਦਿ ਸ਼ਬਦਾਂ ਦੇ ਲੱਗ ਜਾਣ ਨਾਲ਼ ਕਿਰਿਆ ਸਧਾਰਨ ਤੋਂ ਵਿਸ਼ੇਸ਼ ਬਣ ਗਈ ਹੈ। ਇਸ ਲਈ ਇਹ ਸ਼ਬਦ ਕਿਰਿਆ-ਵਿਸ਼ੇਸ਼ਣ ਹਨ।



ਕਿਰਿਆ-ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ :

1. ਕਾਲਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ

### 1. ਕਾਲਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਸਮਾਂ ਪ੍ਰਗਟ ਹੁੰਦਾ ਹੈ ਉਹਨਾਂ ਨੂੰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ:- **ਹੁਣੇ, ਭਲ਼ਕੇ, ਰਾਤੋ-ਰਾਤ, ਹਰ ਰੋਜ਼, ਕਦੇ-ਕਦਾਈਂ ਆਦਿ।**

### 2. ਸਥਾਨਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਗਿਆਨ ਹੋਵੇ, ਉਹਨਾਂ ਨੂੰ ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ:- **ਘਰ, ਬਜ਼ਾਰ, ਇੱਧਰ, ਪਿੱਛੇ, ਸਾਮ੍ਹਣੇ, ਸੱਜਿਓਂ, ਖੱਬਿਓਂ ਆਦਿ।**

### 3. ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਢੰਗ ਜਾਂ ਪ੍ਰਕਾਰ ਦਾ ਗਿਆਨ ਹੋਵੇ, ਉਹਨਾਂ ਨੂੰ ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :- **ਹੌਲ਼ੀ, ਛੇਤੀ, ਇਉਂ, ਉਸ ਤਰ੍ਹਾਂ ਆਦਿ।**

### 4. ਕਾਰਨਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦੇ ਕਾਰਨ ਦਾ ਪਤਾ ਲੱਗੇ, ਉਹਨਾਂ ਨੂੰ ਕਾਰਨਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :- **ਇਸ ਲਈ, ਇੰਞ, ਕਿਉਂਕਿ, ਤਦੇ, ਤਾਂ ਹੀ ਆਦਿ।**

### 5. ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੀ ਮਿਣਤੀ, ਮਿਕਦਾਰ ਜਾਂ ਪਰਿਮਾਣ ਦਾ ਬੋਧ ਹੋਵੇ, ਉਹਨਾਂ ਨੂੰ ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :- **ਜ਼ਰਾ, ਬਹੁਤ, ਏਨਾ, ਜਿੰਨਾ, ਰਤਾ ਕੁ ਆਦਿ।**

### 6. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੀ ਗਿਣਤੀ ਜਾਂ ਦੁਹਰਾਅ ਦਾ ਪਤਾ ਲੱਗੇ, ਉਹਨਾਂ ਨੂੰ ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :- **ਘੜੀ-ਮੁੜੀ, ਦੁਬਾਰਾ, ਕਈ ਵਾਰ, ਇੱਕ-ਇੱਕ, ਦੋ-ਦੋ।**

### 7. ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦਾ ਨਿਰਨੇਪੂਰਬਕ ਗਿਆਨ ਹੋਵੇ, ਉਹਨਾਂ ਨੂੰ ਨਿਰਨੈਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ :- **ਜੀ ਹਾਂ, ਆਹੋ ਜੀ, ਚੰਗਾ ਜੀ ਆਦਿ।**

### 8. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਬਾਰੇ ਨਿਸ਼ਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :- **ਬੇਸ਼ੱਕ, ਬਿਲਕੁਲ, ਜ਼ਰੂਰ ਆਦਿ।**

## ਅਭਿਆਸ

1. ਕਿਰਿਆ-ਵਿਸ਼ੇਸ਼ਣ ਕੀ ਹੁੰਦਾ ਹੈ ?
2. ਕਿਰਿਆ-ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹਨ ? ਹਰ ਇੱਕ ਬਾਰੇ ਵਿਸਤਾਰਪੂਰਬਕ ਲਿਖੋ ?
3. ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ।
4. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ।
5. ਹੇਠ ਲਿਖੇ ਕਿਰਿਆ-ਵਿਸ਼ੇਸ਼ਣ ਸ਼ਬਦਾਂ ਦੇ ਸਾਮ੍ਹਣੇ ਉਹਨਾਂ ਦੀ ਕਿਸਮ ਲਿਖੋ :

| | | | |
|---|---|---|---|
| (ੳ) ਦਿਨੋ-ਦਿਨ | ________ | (ਹ) ਜ਼ਰੂਰ | ________ |
| (ਅ) ਇਸ ਤਰ੍ਹਾਂ | ________ | (ਕ) ਬਥੇਰਾ | ________ |
| (ੲ) ਵਾਰ -ਵਾਰ | ________ | (ਖ) ਇਸੇ ਕਰਕੇ | ________ |
| (ਸ) ਬਹੁਤ ਅੱਛਾ | ________ | (ਗ) ਆਹੋ ਜੀ | ________ |

6. ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣ ਕੇ ਸਾਮ੍ਹਣੇ ਦਿੱਤੀ ਖ਼ਾਲੀ ਥਾਂ 'ਤੇ ਲਿਖੋ ਤੇ ਉਹਨਾਂ ਦੀ ਕਿਸਮ ਵੀ ਦੱਸੋ ?

(ੳ) ਮਾਤਾ ਜੀ ਘਰੋਂ ਬਜ਼ਾਰ ਗਏ ਹਨ। ________

(ਅ) ਮੈਂ ਐਤਵਾਰ ਨੂੰ ਘਰ ਨਹੀਂ ਮਿਲ਼ਾਂਗਾ। ________

(ੲ) ਮੈਂ ਗਲਾਸ ਹੌਲ਼ੀ ਜਿਹੇ ਰੱਖਿਆ ਸੀ, ਜ਼ੋਰ ਨਾਲ਼ ਨਹੀਂ। ________

(ਸ) ਪੜ੍ਹੋ ਜ਼ਰੂਰ, ਬੇਸ਼ੱਕ ਦੁਕਾਨ ਹੀ ਕਰੋ। ________

(ਹ) ਹਾਂ ਜੀ, ਮੈਂ ਸਮੇਂ ਸਿਰ ਪਹੁੰਚ ਜਾਵਾਂਗਾ। ________

7. ਹੇਠ ਲਿਖੇ ਵਾਕਾਂ ਵਿੱਚੋਂ ਸਹੀ ਦੇ ਸਾਮ੍ਹਣੇ ਸਹੀ (✔) ਤੇ ਗ਼ਲਤ ਦੇ ਸਾਮ੍ਹਣੇ ਗ਼ਲਤ (✗) ਦਾ ਨਿਸ਼ਾਨ ਲਾਓ :

(ੳ) ਕਿਰਿਆ-ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹੁੰਦੇ ਹਨ। ☐

(ਅ) ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ੇ ਸ਼ਬਦ ਕਿਰਿਆ-ਵਿਸ਼ੇਸ਼ਣ ਹੁੰਦੇ ਹਨ। ☐

(ੲ) ਹੌਲ਼ੀ, ਛੇਤੀ ਸ਼ਬਦ ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ ਨਹੀਂ ਹੁੰਦੇ । ☐

(ਸ) ਬੇਸ਼ੱਕ, ਜ਼ਰੂਰ ਸ਼ਬਦ ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ ਹਨ। ☐

(ਹ) ਪਿੱਛੇ, ਸਾਮ੍ਹਣੇ ਸ਼ਬਦ ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ ਹਨ। ☐

(ਕ) ਜੀ ਹਾਂ, ਆਹੋ ਸ਼ਬਦ ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ ਹਨ। ☐

(ਖ) ਮੈਂ ਰਾਤੋ-ਰਾਤ ਦਿੱਲੀ ਗਿਆ, ਵਾਕ ਵਿੱਚ ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ ਹੈ। ☐


*****

# ਸੰਬੰਧਕ

ਜਿਹੜੇ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਨ, ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

1. ਇਹ ਪੈੱਨ ਰਾਮ **ਦਾ** ਹੈ।
2. ਧੰਨੇ **ਦੀ** ਮੱਝ ਕਾਲ਼ੇ ਰੰਗ ਦੀ ਹੈ।
3. ਗਾਇਤਰੀ **ਕੋਲ਼** ਇੱਕ ਕੈਮਰਾ ਹੈ।
4. ਗੀਤਾ **ਦੇ** ਵਾਲ਼ ਬਹੁਤ ਲੰਮੇ ਹਨ।

ਇਹਨਾਂ ਵਾਕਾਂ ਵਿੱਚ '**ਦਾ**', '**ਦੀ**', '**ਕੋਲ਼**', '**ਦੇ**', ਸ਼ਬਦ ਸੰਬੰਧਕ ਹਨ। ਇਸੇ ਤਰ੍ਹਾਂ ਕੁਝ ਹੋਰ ਸੰਬੰਧਕ ਸ਼ਬਦ ਹਨ: **ਨਾਲ਼, ਤੋਂ, ਉੱਪਰ, ਤੱਕ, ਤੋੜੀ, ਤਾਈਂ, ਵਿੱਚ, ਹੇਠਾਂ, ਨੇੜੇ, ਕੋਲ਼, ਸਹਿਤ, ਪਾਸ, ਦੂਰ, ਸਾਮ੍ਹਣੇ, ਪਰੇ, ਬਿਨਾਂ, ਲਈ, ਵੱਲ, ਰਾਹੀਂ, ਦੁਆਰਾ।**




ਸੰਬੰਧਕ ਦੋ ਪ੍ਰਕਾਰ ਦੇ ਹੁੰਦੇ ਹਨ।

1. ਪੂਰਨ ਸੰਬੰਧਕ
2. ਅਪੂਰਨ ਸੰਬੰਧਕ

1. **ਪੂਰਨ ਸੰਬੰਧਕ** :- ਜਿਹੜੇ ਸ਼ਬਦ **ਇਕੱਲੇ** ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਪੂਰਨ ਸੰਬੰਧਕ ਕਿਹਾ ਜਾਂਦਾ ਹੈ ਜਿਵੇਂ : –

   (ੳ) ਰਾਜੂ **ਦਾ** ਬੈਟ ਵਧੀਆ ਹੈ।

   (ਅ) ਕੱਲ੍ਹ ਭਾਰਤ **ਦਾ** ਮੈਚ ਪਾਕਿਸਤਾਨ **ਨਾਲ਼** ਹੈ।

   ਉਪਰੋਕਤ ਵਾਕਾਂ ਵਿੱਚ 'ਦਾ' ਅਤੇ 'ਨਾਲ਼' ਸੰਬੰਧਕ ਸ਼ਬਦ ਹਨ।

2. **ਅਪੂਰਨ ਸੰਬੰਧਕ** :- ਜਿਹੜੇ ਸ਼ਬਦ ਇਕੱਲੇ ਸੰਬੰਧਕ ਦਾ ਕੰਮ ਨਾ ਕਰ ਸਕਣ ਅਤੇ ਉਹ ਪੂਰਨ ਸੰਬੰਧਕ ਨਾਲ਼ ਮਿਲ਼ ਕੇ ਸੰਬੰਧਕ ਬਣਨ, ਉਹਨਾਂ ਨੂੰ ਅਪੂਰਨ ਸੰਬੰਧਕ ਕਿਹਾ ਜਾਂਦਾ ਹੈ, ਜਿਵੇਂ :–

(ੳ) ਮੇਰਾ ਘਰ ਰਾਜੂ ਦੇ ਘਰ **ਕੋਲ਼** ਹੈ।

(ਅ) ਤੁਹਾਡੀ ਸੀਟ ਮੇਰੇ ਤੋਂ **ਪਰੇ** ਹੈ।

ਉਪਰੋਕਤ ਵਾਕਾਂ ਵਿੱਚ **'ਕੋਲ਼'** ਤੇ **'ਪਰੇ'** ਸ਼ਬਦ ਅਪੂਰਨ ਸੰਬੰਧਕ ਹਨ।

ਜੇ ਸੰਬੰਧਕ ਨਾ ਹੋਣ ਤਾਂ ਵਾਕਾਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ, ਜਿਵੇਂ: **'ਇਹ ਪੈੱਨ ਰਾਮ ਦਾ ਹੈ'** ਦੀ ਥਾਂ **'ਇਹ ਪੈੱਨ ਰਾਮ ਹੈ'।**

## ਅਭਿਆਸ

1. ਸੰਬੰਧਕ ਤੋਂ ਕੀ ਭਾਵ ਹੈ ?
2. ਸੰਬੰਧਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
3. ਹੇਠ ਲਿਖੇ ਵਾਕਾਂ ਵਿੱਚੋਂ ਸੰਬੰਧਕ ਚੁਣੋ ਤੇ ਸਾਮ੍ਹਣੇ ਲਿਖੋ :

(ੳ) ਸਾਡਾ ਘਰ ਬੱਸ ਅੱਡੇ ਦੇ ਨੇੜੇ ਹੈ। ____________

(ਅ) ਬਿੱਲੀ ਮੇਜ਼ ਦੇ ਹੇਠਾਂ ਬੈਠੀ ਹੈ। ____________

(ੲ) ਕਾਲੂ ਦਾ ਭਰਾ ਬੜਾ ਸੋਹਣਾ ਹੈ। ____________

(ਸ) ਤੁਹਾਡੀ ਮਾਤਾ ਦੀ ਸਾੜ੍ਹੀ ਪ੍ਰੈੱਸ ਹੋ ਚੁੱਕੀ ਹੈ। ____________

(ਹ) ਤੁਹਾਡੇ ਪਿਤਾ ਜੀ ਕਿੱਥੇ ਕੰਮ ਕਰਦੇ ਹਨ ? ____________

(ਕ) ਰਤਾ ਪਰੇ ਹੋ ਕੇ ਬੈਠੋ। ____________

*****

# ਯੋਜਕ

ਯੋਜਕ ਦਾ ਸ਼ਾਬਦਿਕ ਅਰਥ ਹੈ; ਜੋੜਨਾ ਜਾਂ ਜੋੜਨ ਵਾਲਾ।

ਦੋ ਜਾਂ ਦੋ ਤੋਂ ਵੱਧ ਸ਼ਬਦਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨਾ ।


**ਜਿਹੜੇ ਸ਼ਬਦ ਵਾਕ ਵਿੱਚ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨ, ਉਹਨਾਂ ਨੂੰ ਯੋਜਕ ਕਿਹਾ ਜਾਂਦਾ ਹੈ।**

ਜਿਵੇਂ : -

1. ਹਾਕੀ **ਅਤੇ** ਕ੍ਰਿਕਟ ਦੋਵੇਂ ਅੰਤਰਰਾਸ਼ਟਰੀ ਖੇਡਾਂ ਹਨ।
2. ਮੈਨੂੰ ਵਿਸ਼ਵਾਸ ਹੈ **ਕਿ** ਉਹ ਬਿਮਾਰ ਨਹੀਂ ਸਗੋਂ ਬਹਾਨਾ ਕਰਦਾ ਹੈ।
3. ਅਸੀਂ ਉਸ ਦੀ ਮਦਦ ਨਹੀਂ ਕਰ ਸਕਦੇ **ਕਿਉਂਕਿ** ਉਹ ਆਦਮੀ ਬੜਾ ਨਾਸ਼ੁਕਰਾ ਹੈ।

ਉਪਰੋਕਤ ਵਾਕਾਂ ਵਿੱਚ **'ਅਤੇ'**, **'ਕਿ'** ਅਤੇ **'ਕਿਉਂਕਿ'** ਸ਼ਬਦ ਯੋਜਕ ਹਨ।

ਯੋਜਕ ਦੋ ਪ੍ਰਕਾਰ ਦੇ ਹੁੰਦੇ ਹਨ :




1 . ਸਮਾਨਯੋਜਕ

2. ਅਧੀਨਯੋਜਕ

## 1. ਸਮਾਨਯੋਜਕ :

ਜਿਹੜੇ ਸ਼ਬਦ ਸਮਾਨ ਜਾਂ ਬਰਾਬਰ ਦੇ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਨ, ਉਹਨਾਂ ਨੂੰ ਸਮਾਨ ਯੋਜਕ ਕਿਹਾ ਜਾਂਦਾ ਹੈ, ਜਿਵੇਂ :–

1. ਰਾਮ **ਅਤੇ** ਸ਼ਾਮ ਦਾ ਕੱਦ ਇੱਕੋ–ਜਿਹਾ ਹੈ।
2. ਚਾਹ ਵੀ ਪੀਓ **ਤੇ** ਰੋਟੀ ਵੀ ਖਾਓ।
3. ਉਹ ਬੁਜ਼ਦਿਲ ਨਹੀਂ **ਸਗੋਂ** ਬਹਾਦਰ ਹੈ।

ਉਪਰੋਕਤ ਵਾਕਾਂ ਵਿੱਚ **'ਅਤੇ'**, **'ਤੇ'**, **'ਸਗੋਂ'** ਸ਼ਬਦ ਸਮਾਨ–ਯੋਜਕ ਹਨ।

## 2. ਅਧੀਨਯੋਜਕ :

ਜਿਹੜੇ ਸ਼ਬਦ ਇੱਕ ਪ੍ਰਧਾਨ ਉਪਵਾਕ ਨੂੰ ਅਧੀਨ ਉਪਵਾਕ ਜਾਂ ਉਪਵਾਕਾਂ ਨਾਲ ਜੋੜਨ ਉਹਨਾਂ ਨੂੰ ਅਧੀਨ–ਯੋਜਕ ਕਿਹਾ ਜਾਂਦਾ ਹੈ, ਜਿਵੇਂ :–

(ੳ) ਮੈਂ ਤੁਹਾਡੇ ਉੱਤੇ ਪੈਸੇ ਖ਼ਰਚਦਾ ਹਾਂ **ਤਾਂਕਿ** ਤੁਸੀਂ ਕੁਝ ਬਣ ਸਕੋ।

(ਅ) ਭਾਵੇਂ ਉਹ ਗ਼ਰੀਬ ਹੈ **ਫਿਰ ਵੀ** ਇਮਾਨਦਾਰ ਹੈ।

(ੲ) ਮੈਂ ਜਾਣਦਾ ਹਾਂ **ਕਿ** ਤੂੰ ਕਿੰਨੇ ਕੁ ਪਾਣੀ ਵਿੱਚ ਹੈਂ।

ਉਪਰੋਕਤ ਵਾਕਾਂ ਵਿੱਚ **'ਤਾਂਕਿ'**, **'ਫਿਰ ਵੀ'**, **'ਕਿ'** ਆਦਿ ਸ਼ਬਦ ਅਧੀਨ ਯੋਜਕ ਹਨ।

## ਅਭਿਆਸ

1. ਯੋਜਕ ਕਿਸ ਨੂੰ ਆਖਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
2. ਹੇਠ ਲਿਖੇ ਵਾਕਾਂ ਵਿੱਚੋਂ ਸਮਾਨ ਤੇ ਅਧੀਨ-ਯੋਜਕ ਚੁਣੋ :

   (ੳ) ਰੇਡੀਓ ਅਤੇ ਟੀ.ਵੀ. ਵਿਗਿਆਨ ਦੀਆਂ ਅਦਭੁਤ ਕਾਢਾਂ ਹਨ। ____________

   (ਅ) ਮੋਹਨ ਗ਼ਰੀਬ ਹੈ ਪਰ ਉਹ ਬੇਈਮਾਨ ਨਹੀਂ। ____________

   (ੲ) ਦਵਿੰਦਰ ਤੇ ਰਵਿੰਦਰ ਸਕੇ ਭਰਾ ਹਨ। ____________

   (ਸ) ਰੀਨਾ ਸਕੂਲ ਨਹੀਂ ਆਈ ਕਿਉਂਕਿ ਉਸ ਦੀ ਭੈਣ ਬਿਮਾਰ ਹੈ। ____________

   (ਹ) ਉਸ ਨੇ ਬੱਚਿਆਂ ਦੀ ਟਿਊਸ਼ਨ ਰਖਵਾਈ ਹੈ ਤਾਂਕਿ ਉਹ ਪਾਸ ਹੋ ਜਾਣ। ____________

   (ਕ) ਉਹ ਕਮਜ਼ੋਰ ਹੀ ਨਹੀਂ ਬਲਕਿ ਡਰਪੋਕ ਵੀ ਹੈ। ____________

   (ਖ) ਉਹ ਪੜ੍ਹਾਈ ਵਿੱਚ ਕਮਜ਼ੋਰ ਹੈ ਪਰੰਤੂ ਨਕਲ ਨਹੀਂ ਕਰਦਾ। ____________

   (ਗ) ਪਿਤਾ ਜੀ ਨੇ ਬੱਚਿਆਂ ਨੂੰ ਕਿਹਾ ਕਿ ਉਹ ਸਮੇਂ ਸਿਰ ਘਰ ਪੁੱਜਣ। ____________

   (ਘ) ਰੋਜ਼ ਦੰਦ ਸਾਫ਼ ਕਰਨਾ ਤੇ ਨ੍ਹਾਉਣਾ ਸਿਹਤ ਲਈ ਗੁਣਕਾਰੀ ਹੈ। ____________

   (ਙ) ਤੂੰ ਜਾਵੇਂਗਾ ਤਾਂ ਉਹ ਆਵੇਗਾ। ____________

*****

# ਵਿਸਮਕ

ਜਿਨ੍ਹਾਂ ਸ਼ਬਦਾਂ ਦੁਆਰਾ ਖ਼ੁਸ਼ੀ, ਗ਼ਮੀ, ਹੈਰਾਨੀ, ਡਰ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਹੋਣ, ਵਿਆਕਰਨ ਵਿੱਚ ਉਹਨਾਂ ਨੂੰ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਹਾਏ ! ਆਹਾ ! ਉਹੋ ! ਵਾਹ ! ਹੈਂ !**।

## ਵਿਸਮਕ ਦੀਆਂ ਕਿਸਮਾਂ

| (ਵਿਸਮਕ) | |
|---|---|
| 1. ਪ੍ਰਸੰਸਾਵਾਚਕ ਵਿਸਮਕ | 6. ਸਤਿਕਾਰਵਾਚਕ ਵਿਸਮਕ |
| 2. ਸ਼ੋਕਵਾਚਕ ਵਿਸਮਕ | 7. ਫਿਟਕਾਰਵਾਚਕ ਵਿਸਮਕ |
| 3. ਹੈਰਾਨੀਵਾਚਕ ਵਿਸਮਕ | 8. ਅਸੀਸਵਾਚਕ ਵਿਸਮਕ |
| 4. ਸੂਚਨਾਵਾਚਕ ਵਿਸਮਕ | 9. ਇੱਛਾਵਾਚਕ ਵਿਸਮਕ |
| 5. ਸੰਬੋਧਨੀ ਵਿਸਮਕ | |

ਭਾਵਾਂ ਅਨੁਸਾਰ ਵਿਸਮਕ ਦੀਆਂ ਹੇਠ ਲਿਖੀਆਂ ਕਿਸਮਾਂ ਹਨ :

### 1. ਪ੍ਰਸੰਸਾਵਾਚਕ ਵਿਸਮਕ

ਜਿਹੜੇ ਸ਼ਬਦਾਂ ਤੋਂ ਪ੍ਰਸੰਸਾ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਪ੍ਰਸੰਸਾਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਅਸ਼ਕੇ !, ਆਹਾ !, ਸ਼ਾਬਾਸ਼ !, ਸ਼ਾਵਾ !, ਖ਼ੂਬ !, ਬੱਲੇ ! ਆਦਿ।**

### 2. ਸ਼ੋਕਵਾਚਕ ਵਿਸਮਕ

ਜਿਹੜੇ ਸ਼ਬਦ ਤੋਂ ਦੁੱਖ ਦੇ ਭਾਵ ਪ੍ਰਗਟ ਹੋਣ, ਉਸ ਨੂੰ ਸ਼ੋਕਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਉਫ਼ ! ਹਾਏ !, ਉਹੋ !, ਹਾਏ ਰੱਬਾ ! ਆਦਿ।**

### 3. ਹੈਰਾਨੀਵਾਚਕ ਵਿਸਮਕ

ਜਿਹੜੇ ਸ਼ਬਦ ਵਾਕਾਂ ਵਿੱਚ ਹੈਰਾਨੀ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਹੈਰਾਨੀਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਓ !, ਆਹਾ !, ਹੈਂ !, ਹੈਂ-ਹੈਂ ! ਵਾਹ ! ਵਾਹ-ਵਾਹ ! ਆਦਿ।**

### 4. ਸੂਚਨਾਵਾਚਕ ਵਿਸਮਕ

ਜਿਹੜੇ ਸ਼ਬਦ ਸੂਚਨਾ ਦੇਣ ਜਾਂ ਸੁਚੇਤ ਕਰਨ ਲਈ ਵਰਤੇ ਜਾਂਦੇ ਹਨ, ਉਹਨਾਂ ਨੂੰ ਸੂਚਨਾ-ਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਸੁਣੋ ਜੀ !, ਹਟੋ ਜੀ !, ਖ਼ਬਰਦਾਰ !, ਠਹਿਰ ਜ਼ਰਾ ! ਆਦਿ।**

### 5. ਸੰਬੋਧਨੀ ਵਿਸਮਕ

ਜਿਹੜੇ ਸ਼ਬਦ ਕਿਸੇ ਨੂੰ ਬੁਲਾਉਣ ਲਈ ਬੋਲੇ ਜਾਣ, ਉਹਨਾਂ ਤੋਂ ਬਾਅਦ ਆਮ ਤੌਰ 'ਤੇ ਕਾਮਾ ਲੱਗਦਾ ਹੈ ਪਰ ਜੇਕਰ ਇਹਨਾਂ ਦੇ ਪ੍ਰਸੰਗ ਤੋਂ ਪਤਾ ਲੱਗੇ ਕਿ ਸੰਬੋਧਨ ਦੇ ਸ਼ਬਦ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ, ਸ਼ੁਕਰਾਨਾ ਆਦਿ ਦੇ ਭਾਵ ਨਾਲ਼ ਜੁੜੇ ਹਨ ਤਦ ਵਿਸਮਕ-ਚਿੰਨ੍ਹ ਦੀ ਵਰਤੋਂ ਹੁੰਦੀ ਹੈ, ਜਿਵੇਂ :- **ਨੀ ਕੁੜੀਏ !, ਓਏ ਕਾਕਾ !, ਓ ਮੁੰਡਿਓ ! ਆਦਿ।**

### 6. ਸਤਿਕਾਰਵਾਚਕ ਵਿਸਮਕ

ਜਿਹੜੇ ਸ਼ਬਦ ਵਾਕਾਂ ਵਿੱਚ ਸਤਿਕਾਰ ਜਾਂ ਪਿਆਰ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਸਤਿਕਾਰਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਧੰਨ ਭਾਗ !, ਜੀ ਆਇਆਂ ਨੂੰ !, ਆਓ ਜੀ ! ਆਦਿ।**

### 7. ਫਿਟਕਾਰਵਾਚਕ ਵਿਸਮਕ

ਜਿਹੜੇ ਸ਼ਬਦਾਂ ਤੋਂ ਵਾਕਾਂ ਵਿੱਚ ਫਿਟਕਾਰ ਜਾਂ ਲਾਹਨਤ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਫਿਟਕਾਰਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਲੱਖ ਲਾਹਨਤ !, ਫਿੱਟੇ-ਮੂੰਹ ! ਆਦਿ।**

### 8. ਅਸੀਸਵਾਚਕ ਵਿਸਮਕ

ਜਿਹੜੇ ਸ਼ਬਦ ਵਾਕਾਂ ਵਿੱਚ ਅਸੀਸ ਜਾਂ ਅਸ਼ੀਰਵਾਦ ਦੇ ਭਾਵ ਪ੍ਰਗਟ ਕਰਦੇ ਹਨ, ਉਹਨਾਂ ਨੂੰ ਅਸੀਸਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਸਾਂਈਂ ਜੀਵੇ !, ਖ਼ੁਸ਼ ਰਹੁ !, ਜੁਆਨੀਆਂ ਮਾਣ !, ਜਿਊਂਦਾ ਰਹੁ ! ਆਦਿ।**

### 9. ਇੱਛਾਵਾਚਕ ਵਿਸਮਕ

ਜਿਹੜੇ ਸ਼ਬਦ ਮਨ ਦੀ ਇੱਛਾ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਇੱਛਾਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- **ਹੇ ਕਰਤਾਰ !, ਹੇ ਵਾਹਿਗੁਰੂ !, ਜੇ ਕਦੇ !, ਕਾਸ਼ ! ਆਦਿ।**

## ਅਭਿਆਸ

1. ਵਿਸਮਕ ਕਿਸ ਨੂੰ ਆਖਦੇ ਹਨ ?
2. ਪ੍ਰਸ਼ੰਸਾਵਾਚਕ ਵਿਸਮਕ ਦੀਆਂ ਦੋ ਉਦਾਹਰਨਾਂ ਦਿਓ।
3. ਸ਼ੋਕਵਾਚਕ ਵਿਸਮਕ ਤੋਂ ਕਿਹੋ-ਜਿਹੇ ਭਾਵ ਪ੍ਰਗਟ ਹੁੰਦੇ ਹਨ।
4. ਫਿਟਕਾਰਵਾਚਕ ਵਿਸਮਕ ਦੀ ਪਰਿਭਾਸ਼ਾ ਲਿਖੋ।
5. ਹੈਰਾਨੀਵਾਚਕ ਵਿਸਮਕ ਦੀਆਂ ਉਦਾਹਰਨਾਂ ਲਿਖੋ।
6. ਹੇਠ ਲਿਖੇ ਸ਼ਬਦਾਂ ਦੇ ਸਾਮ੍ਹਣੇ ਵਿਸਮਕ ਦੀ ਕਿਸਮ ਲਿਖੋ :

| | | | |
|---|---|---|---|
| (ੳ) ਸ਼ਾਬਾਸ਼ ! | ________ | (ਕ) ਨੀ ਕੁੜੀਏ ! | ________ |
| (ਅ) ਕਾਸ਼ ! | ________ | (ਖ) ਹੈਂ -ਹੈਂ ! | ________ |
| (ੲ) ਜਿਊਂਦਾ ਰਹੁ ! | ________ | (ਗ) ਆਹਾ ! | ________ |
| (ਸ) ਫਿੱਟੇ-ਮੂੰਹ ! | ________ | (ਘ) ਹੇ ਰੱਬਾ ! | ________ |
| (ਹ) ਆਓ ਜੀ ! | ________ | (ਙ) ਬੱਲੇ ਜਵਾਨਾ ! | ________ |

*****

# ਵਾਕ-ਬੋਧ

ਵਾਕ-ਬੋਧ ਵਿਆਕਰਨ ਦਾ ਉਹ ਭਾਗ ਹੈ ਜਿਸ ਵਿੱਚ ਵਾਕ-ਬਣਤਰ ਦੇ ਨਿਯਮਾਂ, ਵਾਕਾਂ ਦੀ ਵੰਨਗੀ ਆਦਿ ਬਾਰੇ ਵਿਚਾਰ ਕੀਤੀ ਜਾਂਦੀ ਹੈ। ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੈ। ਧੁਨੀਆਂ ਤੋਂ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ। ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਵਾਕ ਹੈ। ਵਾਕ ਸ਼ਬਦਾਂ ਦੇ ਉਸ ਸਮੂਹ ਨੂੰ ਆਖਦੇ ਹਨ ਜਿਸ ਤੋਂ ਗੱਲ ਪੂਰੀ ਤਰ੍ਹਾਂ ਸਮਝ ਆ ਜਾਵੇ ਅਤੇ ਉਸ ਦਾ ਕੋਈ ਭਾਵ ਨਿਕਲ਼ਦਾ ਹੋਵੇ। ਵਾਕ ਦੇ ਅੰਤ ਉੱਤੇ ਪੂਰਨ-ਵਿਸਰਾਮ ਚਿੰਨ੍ਹ ਆਉਂਦਾ ਹੈ। ਵਾਕ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(ੳ) ਉਦੇਸ਼ (ਅ) ਵਿਧੇਅ

ਹੇਠਾਂ ਉਦੇਸ਼ ਅਤੇ ਵਿਧੇਅ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਹਨ :

| ਉਦੇਸ਼ | ਵਿਧੇਅ |
|---|---|
| ਬੱਚਾ | ਰੋ ਰਿਹਾ ਹੈ। |
| ਲੜਕੇ | ਪੜ੍ਹ ਰਹੇ ਹਨ। |
| ਮੀਂਹ | ਪੈ ਰਿਹਾ ਹੈ। |
| ਪੰਛੀ | ਉੱਡ ਜਾਣਗੇ। |

ਉਪਰੋਕਤ ਵਾਕਾਂ ਵਿੱਚ 'ਬੱਚਾ', 'ਲੜਕੇ', 'ਮੀਂਹ' ਅਤੇ ਪੰਛੀ ਵਾਕ ਦੇ ਉਦੇਸ਼ ਹਨ ਅਤੇ 'ਰੋ ਰਿਹਾ ਹੈ', 'ਪੜ੍ਹ ਰਹੇ ਹਨ', 'ਪੈ ਰਿਹਾ ਹੈ', 'ਉੱਡ ਜਾਣਗੇ' ਵਾਕ ਦੇ ਵਿਧੇਅ ਹਨ। ਉਦੇਸ਼ ਅਤੇ ਵਿਧੇਅ ਨੂੰ ਮਿਲ਼ਾ ਕੇ ਪੂਰਨ ਵਾਕ ਬਣਦਾ ਹੈ।

ਵਾਕ ਦੀ ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ। ਪਹਿਲੀ ਪ੍ਰਕਾਰ ਦੀ ਵੰਡ ਬਣਤਰ ਪੱਖੋਂ ਇਸ ਤਰ੍ਹਾਂ ਹੈ :

ਬਣਤਰ ਪੱਖੋਂ ਵਾਕ-ਵੰਡ

ਸਧਾਰਨ ਵਾਕ    ਸੰਯੁਕਤ ਵਾਕ    ਮਿਸ਼ਰਤ ਵਾਕ

## (ੳ) ਸਧਾਰਨ ਵਾਕ

ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਨੂੰ ਸਧਾਰਨ ਵਾਕ ਆਖਿਆ ਜਾਂਦਾ ਹੈ।

ਉਦਾਹਰਨ :- (ੳ) ਬੱਚਾ ਰੋ ਰਿਹਾ ਹੈ। (ਅ) ਲੜਕਾ ਖੇਡਦਾ ਹੈ।

## (ਅ) ਸੰਯੁਕਤ ਵਾਕ

ਜਦੋਂ ਦੋ ਸਧਾਰਨ ਜਾਂ ਸਮਾਨ ਵਾਕਾਂ ਨੂੰ ਸਮਾਨ ਯੋਜਕਾਂ ਨਾਲ਼ ਜੋੜ ਕੇ ਇੱਕ ਵਾਕ ਬਣਾਇਆ ਜਾਵੇ ਅਤੇ ਕੋਈ ਉਪਵਾਕ ਇੱਕ ਦੂਜੇ ਉੱਤੇ ਆਧਾਰਿਤ ਨਾ ਹੋਵੇ ਤਾਂ ਇਸ ਨਵੇਂ ਬਣੇ ਵਾਕ ਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ।

ਉਦਾਹਰਨ: (ੳ) ਮਾਤਾ ਖਾਣਾ ਪਕਾ ਰਹੀ ਹੈ ਪਰ ਬੱਚੇ ਖੇਡ ਰਹੇ ਹਨ।

(ਅ) ਮੋਹਨ ਨੇ ਗੀਤ ਗਾਇਆ ਅਤੇ ਸੋਹਨ ਨੇ ਕਵਿਤਾ ਪੜ੍ਹੀ।

### (ੲ) ਮਿਸ਼ਰਤ ਵਾਕ

ਜਿਸ ਵਾਕ ਵਿੱਚ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੁੰਦੇ ਹਨ, ਉਸ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ।

ਉਦਾਹਰਨ :

(ੳ) ਹਰਪ੍ਰੀਤ ਖ਼ੁਸ਼ ਹੈ ਕਿਉਂਕਿ ਉਹ ਜਮਾਤ ਵਿੱਚ ਪਹਿਲੇ ਨੰਬਰ 'ਤੇ ਆਈ ਹੈ।

(ਅ) ਭਾਰਤ ਦੀ ਹਾਕੀ ਟੀਮ ਖ਼ੁਸ਼ ਹੈ ਕਿਉਂਕਿ ਉਹਨਾਂ ਨੇ ਮੈਚ ਜਿੱਤ ਲਿਆ ਹੈ।

ਦੂਸਰੀ ਪ੍ਰਕਾਰ ਦੀ ਵਾਕ-ਵੰਡ ਹੇਠਾਂ ਦਿੱਤੇ ਅਨੁਸਾਰ ਹੈ :

**(ੳ) ਹਾਂਵਾਚਕ ਵਾਕ** : ਜਿਸ ਵਾਕ ਵਿੱਚ ਕਿਰਿਆ ਹਾਂਵਾਚਕ ਹੋਵੇ, ਉਸ ਨੂੰ ਹਾਂਵਾਚਕ ਵਾਕ ਕਿਹਾ ਜਾਂਦਾ ਹੈ, ਜਿਵੇਂ :-

(ੳ) ਮੈਂ ਸਕੂਲ ਜਾ ਰਿਹਾ ਹਾਂ।

(ਅ) ਅਸੀਂ ਆਪਣੇ ਦੇਸ ਨੂੰ ਪਿਆਰ ਕਰਦੇ ਹਾਂ।

(ੲ) ਸਾਡਾ ਸਕੂਲ ਬਹੁਤ ਸੁੰਦਰ ਹੈ।

**(ਅ) ਨਾਂਹਵਾਚਕ ਵਾਕ** : ਜਿਸ ਵਾਕ ਵਿੱਚ ਕਿਰਿਆ ਨਾਂਹਵਾਚਕ ਹੋਵੇ, ਉਸ ਨੂੰ ਨਾਂਹ-ਵਾਚਕ ਵਾਕ ਕਿਹਾ ਜਾਂਦਾ ਹੈ, ਜਿਵੇਂ :-

(ੳ) ਮੈਂ ਸਕੂਲ ਨਹੀਂ ਜਾਵਾਂਗਾ।

(ਅ) ਜੇ ਮਿਹਨਤ ਨਹੀਂ ਕਰੋਗੇ ਤਾਂ ਪਾਸ ਨਹੀਂ ਹੋਵੋਗੇ।

**(ੲ) ਪ੍ਰਸ਼ਨਵਾਚਕ ਵਾਕ** : ਜਿਸ ਵਾਕ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸ ਨੂੰ ਪ੍ਰਸ਼ਨਵਾਚਕ ਵਾਕ ਕਿਹਾ ਜਾਂਦਾ ਹੈ। ਅਜਿਹੇ ਵਾਕਾਂ ਵਿੱਚ ਆਮ ਤੌਰ 'ਤੇ 'ਕੀ', 'ਕਿਉਂ', 'ਕਿਵੇਂ', 'ਕਿਹੜਾ',' ਕਿੱਥੇ' ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਹੈ ਅਤੇ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ( ? ) ਲੱਗਦਾ ਹੈ, ਜਿਵੇਂ :-

(ੳ) ਸ਼੍ਰੇਣੀ ਵਿੱਚ ਕਿੰਨੇ ਵਿਦਿਆਰਥੀ ਹਨ ?

(ਅ) ਕੀ ਉਹ ਪੜ੍ਹ ਰਿਹਾ ਹੈ ?

(ੲ) ਕਿਤਾਬਾਂ ਕਿੱਥੋਂ ਮਿਲ਼ਦੀਆਂ ਹਨ ?

**(ਸ) ਵਿਸਮੈਵਾਚਕ ਵਾਕ** : ਜਿਸ ਵਾਕ ਵਿੱਚ ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਹੋਵੇ, ਉਸ ਨੂੰ ਵਿਸਮੈਵਾਚਕ ਵਾਕ ਆਖਦੇ ਹਨ। ਅਜਿਹੇ ਵਾਕ ਦੇ ਅੰਤ ਵਿੱਚ ਵਿਸਮਕ-ਚਿੰਨ੍ਹ (!) ਦੀ ਵਰਤੋਂ ਹੁੰਦੀ ਹੈ, ਜਿਵੇਂ :-

(ੳ) ਵਾਹ, ਕਿੰਨਾ ਸੋਹਣਾ ਫੁੱਲ ਹੈ!

(ਅ) ਹਾਏ, ਤੂੰ ਕਿੰਨੀ ਦੇਰ ਬਾਅਦ ਮਿਲ਼ੀ ਹੈਂ!

ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੇਕਰ ਵਿਸਮੈ ਦਾ ਭਾਵ ਇੱਕ ਸ਼ਬਦ ਵਿੱਚ ਪ੍ਰਗਟ ਹੁੰਦਾ ਹੈ ਤਾਂ ਵਿਸਮਕ-ਚਿੰਨ੍ਹ ਉਸ ਸ਼ਬਦ ਪਿੱਛੋਂ ਆਉਂਦਾ ਹੈ ਪਰ ਜੇ ਭਾਵ ਸਾਰੇ ਵਾਕ ਵਿੱਚ ਪ੍ਰਗਟ ਹੁੰਦਾ ਹੈ ਤਦ ਵਿਸਮਕ-ਚਿੰਨ੍ਹ ਸਾਰੇ ਵਾਕ ਪਿੱਛੋਂ ਆਉਂਦਾ ਹੈ।

## ਅਭਿਆਸ

1. ਵਾਕ-ਬੋਧ ਤੋਂ ਕੀ ਭਾਵ ਹੈ ? ਉਦਾਹਰਨਾਂ ਸਹਿਤ ਲਿਖੋ।
2. ਵਾਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ ? ਉਦਾਹਰਨਾਂ ਸਹਿਤ ਲਿਖੋ।
3. ਹੇਠਾਂ ਕੁਝ ਵਾਕ ਦਿੱਤੇ ਗਏ ਹਨ। ਉਹਨਾਂ ਦੇ ਸਾਮ੍ਹਣੇ ਖ਼ਾਲੀ ਥਾਂ ਛੱਡੀ ਗਈ ਹੈ। ਖ਼ਾਲੀ ਥਾਂ ਵਿੱਚ ਵਾਕ ਦੀ ਕਿਸਮ ਲਿਖੋ :

   (ੳ) ਰਾਮ ਪੜ੍ਹਦਾ ਹੈ। ____________

   (ਅ) ਮੁੰਡੇ ਖ਼ੁਸ਼ ਹਨ ਕਿਉਂਕਿ ਉਹ ਮੈਚ ਜਿੱਤ ਗਏ। ____________

   (ੲ) ਸਮੀਰ ਨੇ ਗੀਤ ਗਾਇਆ ਤੇ ਖ਼ੁਸ਼ਬੂ ਨੇ ਸਿਤਾਰ ਵਜਾਈ। ____________

   (ਸ) ਸਿਆਣੇ ਕਹਿੰਦੇ ਹਨ ਕਿ ਸਦਾ ਸੱਚ ਬੋਲਣਾ ਚਾਹੀਦਾ ਹੈ ਤੇ ਸੱਚ ਪਵਿੱਤਰਤਾ ਦਾ ਚਿੰਨ੍ਹ ਹੈ। ____________

   (ਹ) ਮੈਂ ਬਜ਼ਾਰ ਨਹੀਂ ਜਾਵਾਂਗਾ। ____________

   (ਕ) ਇਹ ਪੈੱਨ ਕਿਸ ਦਾ ਹੈ ? ____________

   (ਖ) ਵਾਹ ! ਕਿੰਨਾ ਮਨਮੋਹਕ ਨਜ਼ਾਰਾ ਹੈ ! ____________

4. ਉਦਾਹਰਨ ਵਿੱਚ ਦੱਸੇ ਅਨੁਸਾਰ ਹੇਠ ਲਿਖੇ ਵਾਕਾਂ ਦੀ ਵਾਕ-ਵੰਡ ਕਰੋ :-

   ਉਦਾਹਰਨ : ਬੱਚੇ ਖੇਡ ਰਹੇ ਹਨ।

   | ਉਦੇਸ਼ | ਵਿਧੇਅ |
   |---|---|
   | ਬੱਚੇ | ਖੇਡ ਰਹੇ ਹਨ |

   (ੳ) ਮੋਰ ਪੈਲ ਪਾ ਰਿਹਾ ਹੈ।

   (ਅ) ਕੁੜੀਆਂ ਰੱਸੀ ਟੱਪ ਰਹੀਆਂ ਹਨ।

   (ੲ) ਮੁੰਡੇ ਭੰਗੜਾ ਪਾ ਰਹੇ ਹਨ।

   (ਸ) ਕਾਂ ਪਾਣੀ ਪੀ ਰਿਹਾ ਹੈ।

   (ਹ) ਕੋਇਲ ਕੂਕ ਰਹੀ ਹੈ।

*****

# ਅਰਥ-ਬੋਧ

## ਅਰਥ-ਬੋਧ

ਅਰਥ-ਬੋਧ ਤੋਂ ਭਾਵ ਹੈ ਸ਼ਬਦਾਂ ਦੀ ਅਰਥ ਦੇ ਪੱਖ ਤੋਂ ਕੀਤੀ ਗਈ ਵਿਆਖਿਆ। ਇਸ ਵਿੱਚ ਹੇਠਾਂ ਦਿੱਤੇ ਅਨੁਸਾਰ ਵਿਆਖਿਆ ਕੀਤੀ ਜਾ ਸਕਦੀ ਹੈ :

(ੳ) ਬਹੁਅਰਥਕ ਸ਼ਬਦ

(ਅ) ਸਮਾਨਾਰਥਕ ਸ਼ਬਦ

(ੲ) ਵਿਰੋਧਾਰਥਕ ਸ਼ਬਦ

(ਸ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

## (ੳ) ਬਹੁਅਰਥਕ ਸ਼ਬਦ

ਬਹੁਅਰਥਕ ਸ਼ਬਦ ਉਹ ਸ਼ਬਦ ਹਨ ਜਿਨ੍ਹਾਂ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਅਰਥ ਹੁੰਦੇ ਹਨ। ਉਦਾਹਰਨ ਲਈ ਜੱਗ ਸ਼ਬਦ ਦੇ ਕਈ ਅਰਥ ਬਣਦੇ ਹਨ :

(ੳ) ਉਸ ਨੂੰ ਇੰਨੀ ਪਿਆਸ ਲੱਗੀ ਸੀ ਕਿ ਉਹ ਪਾਣੀ ਦਾ ਪੂਰਾ **ਜੱਗ** ਹੀ ਪੀ ਗਿਆ।

(ਅ) ਪਿੰਡ ਵਿੱਚ **ਜੱਗ** ਹੋਇਆ ਤਾਂ ਸਭ ਨੇ ਰੱਜ ਕੇ ਖਾਧਾ।

(ੲ) ਸਿਆਣੇ ਕਹਿੰਦੇ ਹਨ, "ਇਹ **ਜੱਗ** ਮਿੱਠਾ, ਅਗਲਾ ਕਿਨ ਡਿੱਠਾ ?"

ਸ਼ਬਦ ਦਾ ਅਰਥ ਸਪਸ਼ਟ ਰੂਪ ਵਿੱਚ ਭਾਵੇਂ ਇੱਕ ਹੀ ਹੁੰਦਾ ਹੈ ਪਰ ਉਸ ਨੂੰ ਵੱਖ-ਵੱਖ ਪ੍ਰਸੰਗਾਂ ਵਿੱਚ ਵਰਤਣ ਨਾਲ਼ ਵੱਖਰਾ ਭਾਵ ਪ੍ਰਗਟ ਹੁੰਦਾ ਹੈ, ਜਿਵੇਂ :

(ੳ) ਬੁਖ਼ਾਰ **ਉੱਤਰ** ਗਿਆ। (ਅ) ਹੜ੍ਹ ਦਾ ਪਾਣੀ **ਉੱਤਰ** ਗਿਆ।

(ੲ) ਕੱਪੜੇ ਦਾ ਰੰਗ **ਉੱਤਰ** ਗਿਆ। (ਸ) ਬੱਸ ਵਿੱਚੋਂ ਸਵਾਰੀ **ਉੱਤਰ** ਗਈ

(ਹ) ਨਲਾਇਕ ਵਿਦਿਆਰਥੀ ਅਧਿਆਪਕ ਦੇ ਦਿਲੋਂ **ਉੱਤਰ** ਗਿਆ।

ਅਜਿਹੇ ਬਹੁਅਰਥਕ ਸ਼ਬਦਾਂ ਦੀਆਂ ਕੁਝ ਉਦਾਹਰਨਾਂ ਹੇਠ ਦਿੱਤੀਆਂ ਗਈਆਂ ਹਨ :

**ਉੱਚਾ**
1. ਇਸ ਪਿੰਡ ਵਿੱਚ ਸਾਡਾ ਘਰ ਸਭ ਤੋਂ **ਉੱਚਾ** ਹੈ।
2. ਉਸ ਨੂੰ **ਉੱਚਾ** ਸੁਣਦਾ ਹੈ।
3. ਨਾਈ ਲਈ **ਉੱਚਾ** ਇੱਕ ਜ਼ਰੂਰੀ ਸੰਦ ਹੈ।
4. ਉਸ ਵਿਅਕਤੀ ਦਾ ਵਿਅਕਤਿਤਵ ਬਹੁਤ **ਉੱਚਾ** ਹੈ ।

**ਉੱਤਰ**
1. ਹਿਮਾਲਾ ਪਰਬਤ ਭਾਰਤ ਦੇ **ਉੱਤਰ** ਵੱਲ ਹੈ।
2. ਢੁਕਵਾਂ **ਉੱਤਰ** ਦੇਣ ਵਾਲ਼ੇ ਨੂੰ ਪੂਰੇ ਅੰਕ ਦਿੱਤੇ ਜਾਣਗੇ।
3. ਰਾਮ ਦਾ ਗੁੱਟ **ਉੱਤਰ** ਗਿਆ ਹੈ।

**ਉਸਤਾਦ**
1. ਉਸਤਾਦ ਅਤੇ ਸ਼ਗਿਰਦ ਦਾ ਰਿਸ਼ਤਾ ਬੜਾ ਪਵਿੱਤਰ ਹੈ।
2. ਹਰੀ ਬੜਾ **ਉਸਤਾਦ** ਨਿਕਲ਼ਿਆ।
3. ਗੁਰਪ੍ਰੀਤ ਚਿੱਤਰਕਾਰੀ ਵਿੱਚ ਬੜੀ **ਉਸਤਾਦ** ਹੈ।

**ਉਲਟੀ** 1. ਰਸਤੇ ਵਿੱਚ ਬੱਸ **ਉਲਟੀ** ਪਈ ਸੀ।
2. ਮੇਰੀ ਕਹੀ ਹੋਈ ਸਿੱਧੀ ਗੱਲ ਵੀ ਉਸ ਨੂੰ **ਉਲਟੀ** ਜਾਪਦੀ ਹੈ।
3. ਜ਼ਿਆਦਾ ਖਾਣ ਕਰਕੇ ਬੱਚੇ ਨੂੰ **ਉਲਟੀ** ਆ ਗਈ।
4. ਬਾਲਟੀ ਨੂੰ ਖ਼ਾਲੀ ਕਰੋ ਅਤੇ **ਉਲਟੀ** ਕਰਕੇ ਰੱਖ ਦਿਓ।

**ਅੱਕ** 1. ਸੁਰਿੰਦਰ ਦੀਆਂ ਗੱਲਾਂ ਸੁਣ-ਸਣ ਕੇ ਮੈਂ **ਅੱਕ** ਗਿਆ ਹਾਂ।
2. ਅੱਜ ਮੈਂ ਸਾਰਾ ਦਿਨ ਪੜ੍ਹਦੀ-ਪੜ੍ਹਦੀ **ਅੱਕ** ਗਈ ਹਾਂ।
3. ਅੱਕ ਤਾਂ ਬੰਜਰ ਜ਼ਮੀਨ ਵਿੱਚ ਵੀ ਉੱਗ ਪੈਂਦੇ ਹਨ।

**ਅੰਗ** 1. ਜੋ ਮਿਹਨਤ ਕਰਦਾ ਹੈ, ਪਰਮਾਤਮਾ ਉਸ ਦੇ **ਅੰਗ**-ਸੰਗ ਰਹਿੰਦਾ ਹੈ।
2. ਦਿਲ ਸਰੀਰ ਦਾ ਮਹੱਤਵਪੂਰਨ **ਅੰਗ** ਹੈ।
3. ਵਿਆਹ ਸਮੇਂ ਸਾਰੇ **ਅੰਗ**-ਸਾਕ ਇਕੱਠੇ ਹੋ ਜਾਂਦੇ ਹਨ।

**ਅੱਗਾ** 1. ਇਸ ਕੁੜਤੇ ਦਾ **ਅੱਗਾ** ਤਾਂ ਠੀਕ ਹੈ ਪਰ ਪਿੱਛਾ ਫਟਿਆ ਹੋਇਆ ਹੈ।
2. ਸੰਤ-ਜਨ ਆਪਣਾ **ਅੱਗਾ** ਸੁਧਾਰ ਲੈਂਦੇ ਹਨ।
3. ਸਮਝਦਾਰ ਆਦਮੀ **ਅੱਗਾ**-ਪਿੱਛਾ ਵੇਖ ਕੇ ਗੱਲ ਕਰਦਾ ਹੈ।

**ਸੰਗ** 1. ਹੱਥੀਂ ਕੰਮ ਕਰਦਿਆਂ **ਸੰਗ** ਕਾਹਦੀ ?
2. ਤਾਜ-ਮਹੱਲ **ਸੰਗਮਰਮਰ** ਦਾ ਬਣਿਆ ਹੋਇਆ ਹੈ।
3. ਹਮੇਸ਼ਾਂ ਚੰਗੇ ਬੰਦਿਆਂ ਦਾ **ਸੰਗ** ਕਰੋ।

**ਸਤ** 1. ਮੇਰੀ ਕਹੀ ਗੱਲ ਉਸ ਨੇ **ਸਤ**ਬਚਨ ਕਹਿ ਕੇ ਮੰਨ ਲਈ।
2. ਪੁਦੀਨੇ ਦਾ **ਸਤ** ਪੇਟ ਦੀਆਂ ਕਈ ਬਿਮਾਰੀਆਂ ਲਈ ਵਧੀਆ ਹੈ।
3. ਲੰਮੀ ਬਿਮਾਰੀ ਤੋਂ ਬਾਅਦ ਸੁਰਿੰਦਰ ਦੇ ਸਰੀਰ ਵਿੱਚ **ਸਤ** ਨਹੀਂ ਰਿਹਾ।

**ਸਰ** 1. ਇਸ ਵਾਰੀ ਪਹਿਲੀ **ਸਰ** ਮੇਰੀ ਹੈ।
2. ਉਸ ਦਾ ਥੋੜ੍ਹੇ ਪੈਸਿਆਂ ਨਾਲ਼ ਹੀ ਕੰਮ **ਸਰ** ਗਿਆ।
3. ਟੈਗੋਰ ਨੇ ਜੱਲ੍ਹਿਆਂਵਾਲ਼ਾ ਬਾਗ਼ ਦੇ ਦੁਖਾਂਤ ਪਿੱਛੋਂ ਸਰਕਾਰ ਨੂੰ **ਸਰ** ਦਾ ਖ਼ਿਤਾਬ ਵਾਪਸ ਕਰ ਦਿੱਤਾ।
4. ਇਸ **ਸਰ** ਦਾ ਪਾਣੀ ਬਹੁਤ ਠੰਢਾ ਹੈ।
5. ਨਹਿਰਾਂ ਦੇ ਕੰਢੇ ਬਹੁਤ **ਸਰ** ਉੱਗਿਆ ਹੋਇਆ ਹੈ।

**ਸਾਰ** 1. ਕਵਿਤਾ ਜਾਂ ਕਹਾਣੀ ਦਾ **ਸਾਰ** ਲਿਖੋ।
2. ਉਹ ਖਾਣਾ ਖਾਣ**ਸਾਰ** ਕੰਮ ਵਿੱਚ ਜੁੱਟ ਗਿਆ।
3. ਗ਼ਰੀਬ ਦੀ ਕੌਣ **ਸਾਰ** ਲੈਂਦਾ ਹੈ ?
4. ਮਹਿੰਗਾਈ ਦੇ ਜ਼ਮਾਨੇ ਵਿੱਚ ਹਰ ਕੋਈ ਔਖਿਆਂ ਹੋ ਕੇ **ਸਾਰ** ਰਿਹਾ ਹੈ।

**ਸੂਆ** 1. ਸਾਡੀ ਮੱਝ ਦਾ ਇਹ ਪਹਿਲਾ **ਸੂਆ** ਹੈ।

2. ਅੱਜ-ਕੱਲ੍ਹ ਬੋਰੀਆਂ ਮਸ਼ੀਨਾਂ ਨਾਲ ਸਿਊਂ ਲਈਆਂ ਜਾਂਦੀਆਂ ਹਨ, **ਸੂਆ** ਘੱਟ ਹੀ ਵਰਤੋਂ ਵਿੱਚ ਆਉਂਦਾ ਹੈ।
3. ਬੱਚੇ ਨੇ ਪਹਿਲਾ **ਸੂਆ** ਬੜਾ ਔਖਾ ਕੱਢਿਆ।
4. ਨਹਿਰ ਦਾ **ਸੂਆ** ਸਾਡੇ ਖੇਤ ਦੇ ਵਿਚਕਾਰੋਂ ਲੰਘਦਾ ਹੈ।

**ਸੂਤ**
1. ਬਜ਼ੁਰਗ ਔਰਤ ਚਰਖੇ ਉੱਤੇ **ਸੂਤ** ਕੱਤ ਰਹੀ ਹੈ।
2. ਅੰਤ ਮੇਰਾ ਕੰਮ **ਸੂਤ** ਆ ਹੀ ਗਿਆ।
3. ਮੱਕੀ ਦੇ **ਸੂਤ** ਨਿਕਲ਼ ਆਏ ਹਨ, ਛੇਤੀ ਹੀ ਛੱਲੀਆਂ ਬਣ ਜਾਣਗੀਆਂ।
4. ਲਗਾਤਾਰ ਬੁਖ਼ਾਰ ਨੇ ਮੇਰੇ ਸਰੀਰ ਦੀ ਤਾਕਤ **ਸੂਤ** ਲਈ ਹੈ।
5. ਪ੍ਰਿਥਵੀ ਰਾਜ ਚੌਹਾਨ ਨੇ ਤਲਵਾਰ **ਸੂਤ** ਲਈ।

**ਹਾਰ**
1. ਖੇਡ ਤਾਂ ਖੇਡਣ ਲਈ ਖੇਡੀਦੀ ਹੈ, **ਹਾਰ-ਜਿੱਤ** ਲਈ ਨਹੀਂ।
2. ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਮਰਥਕਾਂ ਨੇ ਨੇਹਾ ਦੇ ਗਲ਼ ਵਿੱਚ **ਹਾਰ** ਪਾਏ।
3. ਉਸ ਨੇ ਨੌਕਰੀ ਲਈ ਬਹੁਤ ਨੱਠ-ਭੱਜ ਕੀਤੀ ਪਰ ਨੌਕਰੀ ਨਾ ਮਿਲ਼ੀ। ਉਹ **ਹਾਰ** ਕੇ ਨਹੀਂ ਬੈਠਿਆ ਸਗੋਂ ਆਪਣੀ ਦੁਕਾਨ ਖੋਲ੍ਹ ਲਈ।

**ਹਾਲ**
1. ਉਸ ਨੂੰ ਮਿਲਦੇਸਾਰ ਮੈਂ ਪੁੱਛਿਆ, 'ਸੁਣਾਓ, ਤੁਹਾਡਾ ਕੀ **ਹਾਲ** ਹੈ ?'
2. ਪਹੀਏ ਦਾ **ਹਾਲ** ਗਰਮ ਕਰਕੇ ਚੜ੍ਹਾਇਆ ਜਾਂਦਾ ਹੈ।
3. **ਹਾਲ** ਦੀ ਘੜੀ ਤੁਸੀਂ ਇਸੇ ਤਰ੍ਹਾਂ ਹੀ ਕੰਮ ਚਲਾ ਲਓ।

**ਕੱਚਾ**
1. ਇਹ ਸੇਬ **ਕੱਚਾ** ਹੈ।
2. ਅਜਿਹਾ ਕੰਮ ਨਾ ਕਰੋ ਜਿਸ ਲਈ ਬਾਅਦ ਵਿੱਚ **ਕੱਚਾ** ਹੋਣਾ ਪਵੇ।
3. **ਕੱਚਾ** ਕੰਮ ਕਾਪੀ ਦੇ ਹਾਸ਼ੀਏ ਵਿੱਚ ਕਰੋ।
4. ਚੁਫੇਰੇ ਫੈਲੇ ਕੂੜੇ-ਕਰਕਟ ਨੂੰ ਵੇਖ ਕੇ ਮੇਰਾ ਜੀਅ **ਕੱਚਾ** ਹੋ ਰਿਹਾ ਹੈ।

**ਕਲੀ**
1. ਮੋਤੀਏ ਦੀ **ਕਲੀ** ਦੀ ਖ਼ੁਸ਼ਬੋ ਬਹੁਤ ਚੰਗੀ ਲੱਗਦੀ ਹੈ।
2. ਦਿਵਾਲ਼ੀ ਤੋਂ ਪਹਿਲਾਂ ਮੈਂ ਆਪਣੇ ਘਰ ਨੂੰ **ਕਲੀ** ਕਰਵਾਈ।
3. 'ਭਾਂਡੇ **ਕਲੀ** ਕਰਾ ਲਓ', ਗਲ਼ੀ ਵਿੱਚੋਂ ਕਿਸੇ ਨੇ ਹੋਕਾ ਦਿੱਤਾ।
4. ਗਾਇਕ ਨੇ ਬਹੁਤ ਉੱਚੀ ਹੇਕ ਲਾ ਕੇ ਹੀਰ ਦੀ **ਕਲੀ** ਗਾਈ।

**ਕਾਲ**
1. **ਕਾਲ** ਦੀਆਂ ਤਿੰਨ ਕਿਸਮਾਂ ਹਨ:
ਭੂਤ-**ਕਾਲ**, ਵਰਤਮਾਨ-**ਕਾਲ** ਅਤੇ ਭਵਿਖਤ-**ਕਾਲ**।
2. ਰਾਵਣ ਸਮਝਦਾ ਸੀ ਕਿ **ਕਾਲ** ਉਸ ਨੇ ਮੰਜੇ ਦੇ ਪਾਵੇ ਨਾਲ ਬੰਨ੍ਹਿਆ ਹੋਇਆ ਹੈ।
3. ਮੀਂਹ ਘੱਟ ਪੈਣ ਨਾਲ਼ **ਕਾਲ** ਪੈ ਗਿਆ।

**ਕੋਟ**
1. **ਕੋਟ** ਦੀ ਸਿਲਾਈ ਬਹੁਤ ਮਹਿੰਗੀ ਹੈ।
2. ਤਿੰਨ **ਕੋਟ** ਕਰਨ ਤੋਂ ਬਾਅਦ ਕਲੀ ਵਿੱਚ ਸਹੀ ਚਮਕ ਆ ਗਈ।
3. ਫ਼ੌਜਾਂ ਨੇ **ਕੋਟ** ਵਿੱਚੋਂ ਬਾਹਰ ਆ ਕੇ ਵੈਰੀ ਉੱਤੇ ਹਮਲਾ ਕੀਤਾ।

**ਖੱਟੀ**
1. ਉਸ ਨੇ **ਖੱਟੀ** ਚੁੰਨੀ ਲਈ ਹੋਈ ਹੈ।
2. **ਖੱਟੀ** ਲੱਸੀ ਦੀ ਕੜ੍ਹੀ ਬਹੁਤ ਵਧੀਆ ਬਣਦੀ ਹੈ।

3. ਅੱਜ ਕੱਲ੍ਹ ਡਾਕਟਰੀ ਪੇਸ਼ੇ ਵਿੱਚ ਖ਼ੂਬ **ਖੱਟੀ** ਹੈ।

4. ਇਹ ਸੰਗਤਰਾ ਨਹੀਂ, **ਖੱਟੀ** ਹੈ।

**ਗੋਲ਼ਾ** 1. ਲੜਾਈ ਸਮੇਂ **ਗੋਲ਼ਾ**ਬਾਰੀ ਵਿੱਚ ਫ਼ੌਜੀਆਂ ਦਾ ਬਹੁਤ ਜਾਨੀ ਨੁਕਸਾਨ ਹੋਇਆ।

2. ਭਾਰਤ ਨੇ ਏਸ਼ਿਆਈ ਖੇਡਾਂ ਵਿੱਚ **ਗੋਲ਼ਾ** ਸੁੱਟਣ ਵਿੱਚ ਸੋਨੇ ਦਾ ਤਗਮਾ ਹਾਸਲ ਕੀਤਾ।

3. ਸੂਰਜ ਗੈਸਾਂ ਦਾ ਵੱਡਾ **ਗੋਲ਼ਾ** ਹੈ।

**ਘੜੀ** 1. ਮੇਰੀ **ਘੜੀ** ਖ਼ਰਾਬ ਹੋ ਗਈ ਹੈ।

2. ਇਹ ਗੁੱਲੀ ਤਰਖਾਣ ਨੇ **ਘੜੀ** ਹੈ।

3. **ਇਸ ਘੜੀ** ਦਾ ਪਾਣੀ ਬਹੁਤ ਠੰਢਾ ਹੈ।

4. ਮੈਂ ਉਸ **ਘੜੀ** ਨੂੰ ਉਡੀਕ ਰਿਹਾ ਹਾਂ ਜਦੋਂ ਮੇਰਾ ਨਤੀਜਾ ਆਵੇਗਾ।

**ਚੱਕ** 1. ਘੁਮਿਆਰ **ਚੱਕ** ਉੱਤੇ ਮਿੱਟੀ ਦੇ ਭਾਂਡੇ ਬਣਾਉਂਦਾ ਹੈ।

2. ਸੁੰਦਰ ਸਿੰਘ **ਚੱਕ** ਨੰਬਰ 20 ਵਿੱਚ ਰਹਿੰਦਾ ਸੀ।

3. ਬੱਚੇ ਨੇ ਮਾਂ ਦੀ ਬਾਂਹ ਉੱਤੇ **ਚੱਕ** ਮਾਰਿਆ।

4. ਗੁੜ ਬਣਾਉਣ ਲਈ **ਚੱਕ** ਦੀ ਵਰਤੋਂ ਕੀਤੀ ਜਾਂਦੀ ਹੈ।

**ਛਾਪਾ** 1. ਪੁਲਿਸ ਨੇ **ਛਾਪਾ** ਮਾਰ ਕੇ ਚੋਰੀ ਦਾ ਸਮਾਨ ਫੜ ਲਿਆ।

2. ਇਸ ਪੁਸਤਕ ਦਾ **ਛਾਪਾ** ਬਹੁਤ ਬਰੀਕ ਹੈ।

3. ਕਿਸਾਨ ਨੇ **ਛਾਪਾ** ਰੱਖ ਕੇ ਲਾਂਘਾ ਬੰਦ ਕਰ ਦਿੱਤਾ।

4. ਇਸ ਚਾਦਰ ਉੱਤੇ **ਛਾਪਾ** ਚੰਗਾ ਉੱਘੜਿਆ ਹੈ।

**ਜੱਗ** 1. ਮੀਂਹ ਨਾ ਪੈਣ 'ਤੇ ਪਿੰਡ ਵਾਲ਼ਿਆਂ ਨੇ **ਜੱਗ** ਕੀਤਾ।

2. ਕਹਾਵਤ ਹੈ, "ਇਹ **ਜੱਗ** ਮਿੱਠਾ, ਅਗਲਾ ਕਿਨ ਡਿੱਠਾ ?"

3. ਪਾਣੀ ਦਾ **ਜੱਗ** ਭਰ ਕੇ ਮੇਜ਼ ਉੱਤੇ ਰੱਖ ਦਿਓ।

**ਜੋੜ** 1. ਉਸ ਨੇ ਪੈਸੇ **ਜੋੜ** ਕੇ ਕੰਪਿਊਟਰ ਖ਼ਰੀਦਿਆ।

2. ਇਸ ਪੈਰੇ ਦੇ ਸ਼ਬਦ-**ਜੋੜ** ਠੀਕ ਕਰੋ।

3. ਫ਼ਤਿਹਗੜ੍ਹ ਸਾਹਿਬ ਦਾ **ਜੋੜ**-ਮੇਲਾ ਬਹੁਤ ਪ੍ਰਸਿੱਧ ਹੈ।

4. ਭਾਰਤੀ ਸੰਸਕ੍ਰਿਤੀ ਵਿੱਚ ਹੱਥ **ਜੋੜ** ਕੇ ਨਮਸਕਾਰ ਕਰਨਾ ਸਿਖਾਇਆ ਜਾਂਦਾ ਹੈ।

5. ਰੋਗੀ ਦਾ **ਜੋੜ-ਜੋੜ** ਦੁਖ ਰਿਹਾ ਸੀ।

**ਟਿੱਕੀ** 1. **ਟਿੱਕੀ** ਵਾਲ਼ੀ ਸਿਆਹੀ ਦਾ ਰਿਵਾਜ ਹੀ ਮੁੱਕ ਗਿਆ ਹੈ।

2. ਸੂਰਜ ਦੀ **ਟਿੱਕੀ** ਨਿਕਲ਼ ਆਈ ਹੈ।

3. ਬੱਚੇ ਲਈ ਇੱਕ **ਟਿੱਕੀ** ਪਕਾ ਲਓ।

4. ਆਲੂਆਂ ਦੀ **ਟਿੱਕੀ** ਖਾਣ ਵਿੱਚ ਸੁਆਦੀ ਹੁੰਦੀ ਹੈ।

**ਡੰਡੀ** 1. ਇਹ **ਡੰਡੀ** ਸਿੱਧੀ ਮੇਰੇ ਪਿੰਡ ਨੂੰ ਜਾਂਦੀ ਹੈ।

2. ਤੱਕੜੀ ਦੀ **ਡੰਡੀ** ਤੋਂ ਉਂਗਲ਼ ਪਰੇ ਕਰ ਲਓ।

3. ਘੀਏ ਦੀ **ਡੰਡੀ** ਤੋਂ ਪਤਾ ਲੱਗਦਾ ਹੈ ਕਿ ਇਹ ਤਾਜ਼ੀ ਹੈ ਜਾਂ ਬਾਸੀ।

| | | |
|---|---|---|
| | 4. | ਔਰਤ ਨੇ ਕੰਨ ਵਿੱਚ ਸੋਨੇ ਦੀ **ਡੰਡੀ** ਪਾਈ ਹੋਈ ਹੈ। |
| ਡੋਲ | 1. | ਖੂਹ ਉੱਤੇ ਲੱਜ ਤਾਂ ਪਈ ਸੀ ਪਰ **ਡੋਲ** ਨਹੀਂ ਸੀ। |
| | 2. | ਮੁਸੀਬਤ ਵੇਲ਼ੇ ਹਰ ਕੋਈ **ਡੋਲ** ਜਾਂਦਾ ਹੈ। |
| | 3. | ਜ਼ਖਮੀ ਪੈਰ ਨਾਲ਼ ਤੁਰਨ ਵੇਲ਼ੇ **ਡੋਲ** ਪੈ ਸਕਦੀ ਹੈ। |
| ਤਰ | 1. | **ਤਰ** ਗਰਮੀ ਦੀ ਰੁੱਤ ਦਾ ਤੋਹਫ਼ਾ ਹੈ। |
| | 2. | ਸਾਧ-ਸੰਗਤ ਵਿੱਚ ਜਾ ਕੇ ਪਾਪੀ ਵੀ **ਤਰ** ਜਾਂਦੇ ਹਨ। |
| | 3. | ਮਜ਼ਦੂਰ ਨੇ ਪਾਣੀ ਪਾ ਕੇ ਘਾਣੀ **ਤਰ** ਕਰ ਦਿੱਤੀ। |
| | 4. | ਸਾਗ ਉੱਤੇ ਘਿਓ **ਤਰ** ਰਿਹਾ ਸੀ। |
| ਤਾਰ | 1. | ਮੋਬਾਈਲ ਫ਼ੋਨ ਆਮ ਹੋਣ ਕਰਕੇ ਹੁਣ **ਤਾਰ** ਦੀ ਸਹੂਲਤ ਬੰਦ ਕਰ ਦਿੱਤੀ ਗਈ ਹੈ। |
| | 2. | ਕੱਪੜੇ ਸੁੱਕਣੇ ਪਾਉਣ ਲਈ **ਤਾਰ** ਬੰਨ੍ਹੀ ਹੋਈ ਹੈ। |
| | 3. | ਬਿਜਲੀ ਦਾ ਬਿੱਲ **ਤਾਰ** ਦਿਓ, ਅੱਜ ਆਖ਼ਰੀ ਦਿਨ ਹੈ। |
| ਦੌਰਾ | 1. | ਹੜ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਨੇਤਾ ਜੀ ਨੇ ਹਵਾਈ **ਦੌਰਾ** ਕੀਤਾ। |
| | 2. | ਬੁਰੀ ਖ਼ਬਰ ਸੁਣਦੇਸਾਰ ਉਸ ਨੂੰ ਦਿਲ ਦਾ **ਦੌਰਾ** ਪੈ ਗਿਆ। |
| | 3. | ਲਲਾਰੀ ਕੱਪੜੇ ਰੰਗਣ ਲਈ ਪਹਿਲਾਂ **ਦੌਰਾ** ਵਰਤਦੇ ਸਨ। |
| ਧਾਰ | 1. | ਉਹ ਰੋਜ਼ ਸਵੇਰੇ ਮੱਝਾਂ ਦੀ **ਧਾਰ** ਆਪ ਕੱਢਦਾ ਹੈ। |
| | 2. | ਗੁਰੂ ਨਾਨਕ ਦੇਵ ਜੀ ਨੇ ਅਵਤਾਰ **ਧਾਰ** ਕੇ ਲੋਕਾਂ ਨੂੰ ਸਿੱਧੇ ਰਾਹ ਪਾਇਆ। |
| | 3. | ਸਿਮਰਤ ਨੇ ਪੂਰੀ ਮਿਹਨਤ ਕਰਨ ਦੀ **ਧਾਰ** ਲਈ ਹੈ। |
| | 4. | ਸਾਡੇ ਨਲ਼ਕੇ ਦੇ ਪਾਣੀ ਦੀ **ਧਾਰ** ਬਹੁਤ ਪਤਲੀ ਹੈ। |
| | 5. | ਚਾਕੂ ਦੀ **ਧਾਰ** ਬਹੁਤ ਤੇਜ਼ ਹੈ। |
| ਪੱਕਾ | 1. | ਅਮਰੂਦ **ਪੱਕਾ** ਹੈ। |
| | 2. | ਇੱਟਾਂ ਅਤੇ ਸੀਮਿੰਟ ਦਾ ਬਣਿਆ ਮਕਾਨ **ਪੱਕਾ** ਹੁੰਦਾ ਹੈ। |
| | 3. | ਉਹ ਮੇਰਾ **ਪੱਕਾ** ਮਿੱਤਰ ਹੈ। |
| | 4. | ਉਸ ਦਾ **ਪੱਕਾ** ਪਤਾ ਲਿਖ ਦਿਓ। |
| | 5. | ਇਸ ਕੱਪੜੇ ਦਾ ਰੰਗ **ਪੱਕਾ** ਹੈ। |
| | 6. | ਸ. ਭਗਤ ਸਿੰਘ ਇਰਾਦੇ ਦਾ ਬੜਾ **ਪੱਕਾ** ਸੀ। |
| ਫ਼ੁੱਟ | 1. | ਰਜਿੰਦਰ ਦਾ ਕੱਦ ਪੰਜ **ਫ਼ੁੱਟ** ਸੱਤ ਇੰਚ ਹੈ। |
| | 2. | **ਫੁੱਟ,** ਕੱਕੜੀ ਅਤੇ ਖ਼ਰਬੂਜ਼ਾ ਇੱਕ ਹੀ ਭਾਂਤ ਦੇ ਫਲ਼ ਹਨ। |
| | 3. | ਕਪਾਹ ਦੇ **ਫੁੱਟ** ਅਤੇ ਦਹੀਂ ਦੇ **ਫੁੱਟ** ਚਿੱਟੇ ਰੰਗ ਦੀਆਂ ਚੰਗੀਆਂ ਉਦਾਹਰਨਾਂ ਹਨ। |
| | 4. | ਰਾਜਿਆਂ ਦੀ **ਫੁੱਟ** ਕਾਰਨ ਭਾਰਤ ਨੂੰ ਗੁਲਾਮ ਹੋਣਾ ਪਿਆ। |
| | 5. | ਧੀ ਨੂੰ ਵਿਦਾ ਕਰਕੇ ਪਿਤਾ **ਫੁੱਟ-ਫੁੱਟ** ਕੇ ਰੋਇਆ। |
| ਫੁੱਲ | 1. | ਚੰਡੀਗੜ੍ਹ ਦੀਆਂ ਸੜਕਾਂ ਕਿਨਾਰੇ ਵੰਨ-ਸੁਵੰਨੇ **ਫੁੱਲ**-ਬੂਟੇ ਹਨ। |
| | 2. | ਸੋਹਣ ਆਪਣੇ ਦਾਦਾ ਜੀ ਦੇ **ਫੁੱਲ** ਹਰਿਦੁਆਰ ਪਾ ਕੇ ਆਇਆ। |

3. ਲੰਮੀ ਦੌੜ ਤੋਂ ਬਾਅਦ ਅਥਲੀਟ ਦਾ ਸਾਹ **ਫੁੱਲ** ਗਿਆ।

4. ਆਪਣੇ ਵੀਰ ਨਾਲ਼ ਦੁੱਖ-ਸੁੱਖ ਦੀਆਂ ਗੱਲਾਂ ਕਰਕੇ ਭੈਣ ਦਾ ਮਨ ਹੌਲ਼ਾ **ਫੁੱਲ** ਹੋ ਗਿਆ।

**ਬੋਲੀ** 1. ਮੰਡੀ ਵਿੱਚ ਸਵੇਰੇ **ਬੋਲੀ** ਲੱਗਦੀ ਹੈ।

2. ਪੰਜਾਬੀ ਸਾਡੀ ਮਾਂ-**ਬੋਲੀ** ਹੈ।

3. ਗਿੱਧੇ ਵਿੱਚ ਕੁੜੀਆਂ **ਬੋਲੀ** ਪਾ ਕੇ ਖ਼ੂਬ ਨੱਚੀਆਂ।

4. ਝਗੜਾ ਹੋਣ ਪਿੱਛੋਂ ਬਲਦੀਪ ਨੇ ਕੁਲਦੀਪ ਨੂੰ ਬਹੁਤ ਬੁਲਾਇਆ ਪਰ ਉਹ ਇੱਕ ਵਾਰ ਵੀ ਨਾ **ਬੋਲੀ**।

5. ਚੰਗਾ ਬੰਦਾ ਕਿਸੇ ਦੀ ਮਾੜੀ ਆਦਤ ਜਾਣਦੇ ਹੋਏ ਵੀ ਉਸ ਨੂੰ **ਬੋਲੀ** ਨਹੀਂ ਮਾਰਦਾ।

**ਭਰ** 1. ਅਨੇਕਾਂ ਦੇਸ-ਭਗਤ **ਭਰ**-ਜਵਾਨੀ ਵਿੱਚ ਸ਼ਹੀਦ ਹੋ ਗਏ।

2. ਮੈਂ ਚਿੱਤਰ ਵਿੱਚ ਵਧੀਆ ਰੰਗ **ਭਰ** ਦਿੱਤੇ।

3. ਸ਼ਹੀਦੀ ਜੋੜ-ਮੇਲਾ ਪਹਿਲੇ ਦਿਨ ਵੀ ਖ਼ੂਬ **ਭਰਿਆ** ।

4. ਧੀ ਦਾ ਦੁੱਖ ਸੁਣ ਕੇ ਮਾਂ ਦਾ ਮਨ **ਭਰ** ਆਇਆ।

5. ਸਮਾਂ ਪਾ ਕੇ ਜ਼ਖ਼ਮ **ਭਰ** ਜਾਵੇਗਾ।

**ਲੜ** 1. ਬੱਚੇ ਨਿੱਕੀ-ਨਿੱਕੀ ਗੱਲ ਤੋਂ **ਲੜ** ਪੈਂਦੇ ਹਨ ਪਰ ਮੰਨ-ਮਨਾਈ ਹੋਣ ਵਿੱਚ ਵੀ ਦੇਰ ਨਹੀਂ ਲੱਗਦੀ ।

2. ਉਸ ਦੇ ਭਰਿੰਡ **ਲੜ** ਗਈ ਹੈ।

3. 'ਪਰਮਾਤਮਾ ਦੇ **ਲੜ** ਲੱਗੋ, ਉਹ ਹੀ ਤੁਹਾਡਾ ਸਾਥ ਦੇਵੇਗਾ', ਕਥਾ ਕਰ ਰਹੇ ਗਿਆਨੀ ਜੀ ਨੇ ਕਿਹਾ।

4. ਪੱਗ ਦਾ **ਲੜ** ਛੋਟਾ ਰਹਿ ਗਿਆ ਹੈ।

**ਲਾਂਵਾਂ** 1. ਵਿਆਹ ਵਾਲ਼ੇ ਜੋੜੇ ਨੇ **ਲਾਂਵਾਂ** ਲਈਆਂ।

2. ਤੱਕੜੀ ਦੀਆਂ **ਲਾਂਵਾਂ** ਟੁੱਟ ਗਈਆਂ ਹਨ ਇਸ ਕਰਕੇ ਇਸ ਨਾਲ਼ ਤੋਲਿਆ ਨਹੀਂ ਜਾ ਸਕਦਾ।

3. ਹੋੜੇ ਅਤੇ ਕਨੌੜੇ ਵਾਂਗ **ਲਾਂਵਾਂ** ਵੀ ਅੱਖਰ ਦੇ ਉੱਤੇ ਲੱਗਦੀਆਂ ਹਨ।

**ਵੱਟ** 1. ਥੋੜ੍ਹਾ ਜਿਹਾ ਮੀਂਹ ਪੈਣ ਤੋਂ ਬਾਅਦ **ਵੱਟ** ਹੋਰ ਵੀ ਵਧ ਗਿਆ ਹੈ।

2. ਕਿਰਸਾਣ ਖੇਤ ਦੀ **ਵੱਟ** ਠੀਕ ਕਰ ਰਿਹਾ ਹੈ।

3. ਉਹ ਰੱਸੀ ਨੂੰ **ਵੱਟ** ਦੇ ਰਿਹਾ ਹੈ।

4. ਕੱਲ੍ਹ ਤੋਂ ਮੇਰੇ ਪੇਟ ਵਿੱਚ ਘੜੀ-ਮੁੜੀ **ਵੱਟ** ਉੱਠ ਰਿਹਾ ਹੈ।

5. ਸੂਟ ਵਿੱਚ **ਵੱਟ** ਪੈ ਗਏ ਹਨ, ਪ੍ਰੈੱਸ ਕਰ ਲਓ।

6. ਕੁੜੀ ਨੇ ਭੱਦਾ ਮਖੌਲ ਕਰਨ ਵਾਲ਼ੇ ਮੁੰਡੇ ਨੂੰ **ਵੱਟ** ਕੇ ਚਪੇੜ ਮਾਰੀ।

**ਵਾਹ** 1. ਖੇਤੀ ਸੰਬੰਧੀ ਕਦੇ ਇਹ ਅਖਾਉਤ ਪ੍ਰਸਿੱਧ ਰਹੀ ਹੈ ਕਿ 'ਦੱਬ ਕੇ **ਵਾਹ** ਅਤੇ ਰੱਜ ਕੇ ਖਾਹ।'

2. ਸਕੂਲ ਦਾ ਵਧੀਆ ਨਤੀਜਾ ਆਉਣ ਉੱਤੇ ਪਿੰਡ ਵਾਲ਼ੇ **ਵਾਹ-ਵਾਹ** ਕਰ ਉੱਠੇ।

3. ਘਰਦਿਆਂ ਨੇ ਮੁੰਡੇ ਨੂੰ ਨਸ਼ਿਆਂ ਤੋਂ ਰੋਕਣ ਲਈ ਪੂਰੀ **ਵਾਹ** ਲਾਈ ਤੇ ਅੰਤ ਉਸ ਨੂੰ ਨਸ਼ਾ ਛੁਡਾਉਣ ਵਾਲ਼ੇ ਡਾਕਟਰ ਕੋਲ਼ ਲੈ ਗਏ।

4. ਵਾਲ਼ਾਂ ਨੂੰ ਤੇਲ ਲਾ ਕੇ **ਵਾਹ** ਲੈ।

**ਵਾਰ** 1. ਅੱਜ ਕਿਹੜਾ **ਵਾਰ** ਹੈ ?

2. 'ਚੰਡੀ ਦੀ **ਵਾਰ**' ਪੰਜਾਬੀ ਦੀਆਂ ਉੱਤਮ ਵਾਰਾਂ ਵਿੱਚੋਂ ਇੱਕ ਹੈ।

3. ਭਾਰਤ ਦੀ ਟੀਮ ਨੇ ਕਬੱਡੀ ਦਾ ਵਿਸ਼ਵ-ਕੱਪ ਕਈ **ਵਾਰ** ਜਿੱਤਿਆ ਹੈ।

4. ਲੜਾਈ ਵਿੱਚ ਪਹਿਲਾ **ਵਾਰ** ਕਰਨ ਵਾਲ਼ੇ ਦਾ ਹੱਥ ਉੱਤੇ ਹੋ ਜਾਂਦਾ ਹੈ।

5. ਮਾਂ ਨੇ ਆਪਣੇ ਨੂੰਹ-ਪੁੱਤ ਦੇ ਸਿਰ ਤੋਂ ਪਾਣੀ **ਵਾਰ** ਕੇ ਪੀਤਾ।

**ਵੇਲ** 1. ਇਹ **ਵੇਲ** ਤੋਰੀਆਂ ਦੀ ਹੈ।

2. ਮਨਦੀਪ ਰੋਟੀ **ਵੇਲ** ਰਹੀ ਹੈ।

3. ਗਵੱਈਏ ਨੇ ਪੈਸੇ ਦੇਣ ਵਾਲ਼ੇ ਦੇ ਨਾਂ ਦੀ **ਵੇਲ** ਕੀਤੀ।

### (ਅ) ਸਮਾਨਾਰਥਕ ਸ਼ਬਦ

'ਸਮਾਨਾਰਥਕ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ : ਸਮਾਨ + ਅਰਥਕ। ਸਮਾਨ ਤੋਂ ਭਾਵ ਹੈ : ਇੱਕੋ ਜਿਹਾ ਅਤੇ ਅਰਥਕ ਤੋਂ ਭਾਵ ਹੈ : ਅਰਥ ਵਾਲ਼ਾ। ਉਹ ਸ਼ਬਦ ਜੋ ਵੱਖ-ਵੱਖ ਹੁੰਦੇ ਹੋਏ ਵੀ ਇੱਕ ਹੀ ਅਰਥ ਪ੍ਰਗਟ ਕਰਦੇ ਹਨ, ਉਹ ਸਮਾਨਾਰਥਕ ਸ਼ਬਦ ਅਖਵਾਉਂਦੇ ਹਨ, ਜਿਵੇਂ : **ਸ਼ਲਾਘਾ, ਪ੍ਰਸੰਸਾ, ਉਪਮਾ ਅਤੇ ਉਸਤਤ** ਅਲੱਗ-ਅਲੱਗ ਸ਼ਬਦ ਹਨ ਪਰੰਤੂ ਇਹਨਾਂ ਦੇ ਅਰਥ ਸਮਾਨ ਹਨ।

ਵਿਦਿਆਰਥੀਆਂ ਨੂੰ ਸਮਾਨਾਰਥਕ ਸ਼ਬਦਾਂ ਦੀ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ। ਇਸ ਨਾਲ਼ ਵਿਦਿਆਰਥੀਆਂ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੁੰਦਾ ਹੈ। ਉਹ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਨੇੜੇ ਦੇ ਅਰਥ ਰੱਖਦੇ ਵੱਖ-ਵੱਖ ਸ਼ਬਦਾਂ ਦਾ ਪ੍ਰਯੋਗ ਕਰ ਸਕਦਾ ਹੈ। ਅਜਿਹੇ ਕੁਝ ਸਮਾਨਾਰਥਕ ਸ਼ਬਦਾਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ :

**ਉਸਤਤ** ਸ਼ਲਾਘਾ, ਉਪਮਾ, ਪ੍ਰਸੰਸਾ, ਵਡਿਆਈ

**ਉਸਤਾਦ** ਅਧਿਆਪਕ, ਸਿੱਖਿਅਕ, ਗੁਰੂ

**ਉਚਿਤ** ਠੀਕ, ਯੋਗ, ਢੁਕਵਾਂ, ਸਹੀ

**ਉਜੱਡ** ਅੱਖੜ, ਗਵਾਰ, ਮੂਰਖ

**ਉੱਜਲ** ਸਾਫ਼, ਨਿਰਮਲ, ਸ੍ਵੱਛ

**ਉਜਾਲਾ** ਚਾਨਣ, ਪ੍ਰਕਾਸ਼, ਰੋਸ਼ਨੀ, ਲੋਅ

**ਉੱਤਮ** ਚੰਗਾ, ਸ੍ਰੇਸ਼ਟ, ਵਧੀਆ

**ਉੱਦਮ** ਉਪਰਾਲਾ, ਜਤਨ, ਕੋਸ਼ਸ਼

**ਉਦਾਸ** ਫ਼ਿਕਰਮੰਦ, ਚਿੰਤਾਤਰ, ਉਪਰਾਮ, ਪਰੇਸ਼ਾਨ, ਨਿਰਾਸ

**ਉਪਕਾਰ** ਮਿਹਰਬਾਨੀ, ਨੇਕੀ, ਭਲਾਈ, ਅਹਿਸਾਨ

**ਉਪਯੋਗ** ਵਰਤੋਂ, ਲਾਭ, ਇਸਤੇਮਾਲ

| | |
|---|---|
| **ਉਮੰਗ** | ਉਤਸ਼ਾਹ, ਚਾਅ, ਇੱਛਾ, ਤਾਂਘ |
| **ਉਲਟਾ** | ਪੁੱਠਾ, ਵਿਰੁੱਧ, ਮੂਧਾ |
| **ਊਣਾ** | ਅਪੂਰਨ, ਅਧੂਰਾ, ਹੋਛਾ |
| **ਓਪਰਾ** | ਬੇਗਾਨਾ, ਪਰਾਇਆ, ਗ਼ੈਰ, ਬਾਹਰਲਾ |
| **ਓੜਕ** | ਅਖੀਰ, ਅੰਤ, ਛੇਕੜ |
| **ਅਕਲ** | ਸਮਝ, ਮੱਤ, ਸਿਆਣਪ, ਬੁੱਧੀ |
| **ਅਸਮਾਨ** | ਅਕਾਸ਼, ਗਗਨ, ਅੰਬਰ, ਅਰਸ਼ |
| **ਅੱਖ** | ਨੇਤਰ, ਨੈਣ, ਲੋਚਨ |
| **ਅੱਡ** | ਵੱਖ, ਅਲੱਗ, ਜੁਦਾ, ਭਿੰਨ |
| **ਅੰਤਰ** | ਫ਼ਰਕ, ਭੇਦ, ਫ਼ਾਸਲਾ, ਵਿੱਥ |
| **ਅਨਾਥ** | ਯਤੀਮ, ਬੇਸਹਾਰਾ, ਲਾਵਾਰਸ |
| **ਅਮਨ** | ਸ਼ਾਂਤੀ, ਚੈਨ, ਟਿਕਾਅ |
| **ਅਮੀਰ** | ਧਨਵਾਨ, ਧਨਾਢ, ਦੌਲਤਮੰਦ |
| **ਅਰਥ** | ਭਾਵ, ਮਤਲਬ, ਮਾਅਨਾ, ਮੰਤਵ |
| **ਅਰੰਭ** | ਆਦਿ, ਸ਼ੁਰੂ, ਮੁੱਢ, ਮੂਲ |
| **ਅਲੌਕਿਕ** | ਅਨੋਖਾ, ਅਨੂਠਾ, ਅਦਭੁਤ, ਅਲੋਕਾਰ |
| **ਅਜ਼ਾਦੀ** | ਸੁਤੰਤਰਤਾ, ਸ੍ਵਾਧੀਨਤਾ, ਮੁਕਤੀ, ਰਿਹਾਈ |
| **ਆਥਣ** | ਸ਼ਾਮ, ਸੰਝ, ਤਕਾਲ਼ਾਂ |
| **ਔਖ** | ਬਿਪਤਾ, ਕਠਨਾਈ, ਦੁੱਖ, ਸਮੱਸਿਆ, ਰੁਕਾਵਟ, ਅੜਚਨ, ਮੁਸ਼ਕਲ |
| **ਇਸਤਰੀ** | ਔਰਤ, ਜ਼ਨਾਨੀ, ਨਾਰੀ, ਤੀਵੀਂ, ਮਹਿਲਾ, ਤ੍ਰੀਮਤ |
| **ਇਕਰਾਰ** | ਕੌਲ, ਵਚਨ, ਪ੍ਰਣ, ਪ੍ਰਤਿੱਗਿਆ |
| **ਇੱਛਾ** | ਤਾਂਘ, ਉਮੰਗ, ਉਤਸ਼ਾਹ, ਚਾਅ |
| **ਇਨਸਾਨ** | ਆਦਮੀ, ਮਨੁੱਖ, ਬੰਦਾ, ਪੁਰਖ, ਮਾਨਵ |
| **ਸਸਤਾ** | ਹੌਲ਼ਾ, ਹਲਕਾ, ਮਾਮੂਲੀ, ਆਮ |
| **ਸਹਾਇਤਾ** | ਮਦਦ, ਹਿਮਾਇਤ, ਸਮਰਥਨ |
| **ਸਤਿਕਾਰ** | ਇੱਜ਼ਤ, ਮਾਣ, ਆਦਰ, ਵਡਿਆਈ, ਆਉ-ਭਗਤ |
| **ਸਬਰ** | ਸੰਤੋਖ, ਤ੍ਰਿਪਤੀ, ਧੀਰਜ, ਟਿਕਾਅ, ਰੱਜ |
| **ਸੱਭਿਅਤਾ** | ਤਹਿਜ਼ੀਬ, ਸ਼ਿਸ਼ਟਾਚਾਰ, ਤਮੀਜ਼, ਸੁਚੱਜਤਾ |
| **ਸਰੀਰ** | ਤਨ, ਦੇਹ, ਜਿਸਮ, ਬਦਨ, ਜੁੱਸਾ, ਕਾਇਆਂ, ਵਜੂਦ |
| **ਸੰਜੋਗ** | ਮੇਲ਼, ਸੰਗਮ, ਢੋਅ |

| | |
|---|---|
| ਸਾਫ਼ | ਉੱਜਲ, ਨਿਰਮਲ, ਸੁਛ |
| ਸੂਖਮ | ਬਰੀਕ, ਨਾਜ਼ਕ, ਕੋਮਲ, ਪਤਲਾ |
| ਸੂਰਬੀਰ | ਬਹਾਦਰ, ਵੀਰ, ਸੂਰਮਾ, ਬਲਵਾਨ, ਦਲੇਰ, ਯੋਧਾ, ਵਰਿਆਮ |
| ਸੋਹਣਾ | ਖ਼ੂਬਸੂਰਤ, ਸੁੰਦਰ, ਮਨੋਹਰ, ਆਕਰਸ਼ਕ |
| ਹਵਾ | ਪੌਣ, ਸਮੀਰ, ਵਾਯੂ |
| ਹੁਸ਼ਿਆਰ | ਚਲਾਕ, ਤੇਜ਼, ਸੁਜਾਨ, ਚੌਕਸ, ਚੁਕੰਨਾ, ਸਜੱਗ, ਚਤਰ |
| ਕਮਜ਼ੋਰ | ਮਾੜਾ, ਨਿਰਬਲ, ਪਤਲਾ, ਮਾੜਚੂ |
| ਕੋਮਲ | ਨਾਜ਼ਕ, ਪਤਲਾ, ਬਰੀਕ, ਸੂਖਮ |
| ਗੁੱਸਾ | ਕ੍ਰੋਧ, ਨਰਾਜ਼ਗੀ, ਕਹਿਰ |
| ਚਾਨਣ | ਪ੍ਰਕਾਸ਼, ਰੋਸ਼ਨੀ, ਲੋਅ, ਉਜਾਲਾ |
| ਛੋਟਾ | ਨਿੱਕਾ, ਅਲਪ, ਲਘੂ |
| ਜਾਨ | ਜ਼ਿੰਦਗੀ, ਜੀਵਨ, ਪ੍ਰਾਣ, ਜਿੰਦ |
| ਜਿਸਮ | ਸਰੀਰ, ਤਨ, ਦੇਹ, ਜੁੱਸਾ, ਕਾਇਆਂ, ਬਦਨ, ਵਜੂਦ |
| ਠਰ੍ਹੰਮਾ | ਧੀਰਜ, ਸ਼ਾਂਤੀ, ਸਬਰ, ਟਿਕਾਅ |
| ਠੀਕ | ਸਹੀ, ਦਰੁਸਤ, ਉਚਿਤ, ਢੁਕਵਾਂ, ਯੋਗ |
| ਤਰੱਕੀ | ਵਿਕਾਸ, ਉੱਨਤੀ, ਪ੍ਰਗਤੀ, ਵਾਧਾ, ਖ਼ੁਸ਼ਹਾਲੀ |
| ਤਾਕਤ | ਸ਼ਕਤੀ, ਜ਼ੋਰ, ਬਲ, ਸਮਰੱਥਾ |
| ਦੁਸ਼ਮਣ | ਵੈਰੀ, ਵਿਰੋਧੀ, ਸ਼ਤਰੂ |
| ਦੋਸਤੀ | ਯਾਰੀ, ਮਿੱਤਰਤਾ, ਸੱਜਣਤਾ |
| ਧਰਤੀ | ਜ਼ਮੀਨ, ਭੋਂ, ਭੂਮੀ, ਪ੍ਰਿਥਵੀ |
| ਨਿਰਧਨ | ਗ਼ਰੀਬ, ਕੰਗਾਲ, ਤੰਗ |
| ਨਿਰਮਲ | ਸਾਫ਼, ਸ਼ੁੱਧ, ਸੁਥਰਾ, ਸੁਛ |
| ਨੇਕੀ | ਭਲਾਈ, ਉਪਕਾਰ, ਚੰਗਿਆਈ |
| ਪ੍ਰਸੰਸਾ | ਸ਼ਲਾਘਾ, ਉਪਮਾ, ਵਡਿਆਈ |
| ਪਹਿਰਾਵਾ | ਪੁਸ਼ਾਕ, ਕੱਪੜੇ, ਬਸਤਰ |
| ਪਰਖ | ਇਮਤਿਹਾਨ, ਪਰੀਖਿਆ, ਜਾਂਚ, ਪੜਤਾਲ, ਅਜ਼ਮਾਇਸ਼ |
| ਫੁੱਲ | ਪੁਸ਼ਪ, ਸੁਮਨ, ਕੁਸਮ |
| ਬਹਾਦਰ | ਵੀਰ, ਸੂਰਮਾ, ਦਲੇਰ, ਬਲਵਾਨ, ਵਰਿਆਮ |
| ਮਦਦ | ਸਹਾਇਤਾ, ਹਮਾਇਤ, ਸਮਰਥਨ |
| ਮੰਤਵ | ਮਨੋਰਥ, ਆਸ਼ਾ, ਨਿਸ਼ਾਨਾ |
| ਮਿੱਤਰ | ਦੋਸਤ, ਆੜੀ, ਸੱਜਣ, ਯਾਰ, ਬੇਲੀ |

| | |
|---|---|
| **ਮੀਂਹ** | ਵਰਖਾ, ਬਰਸਾਤ, ਬਾਰਸ਼ |
| **ਮੁਸ਼ਕਲ** | ਕਠਨਾਈ, ਔਖ, ਪਰੇਸ਼ਾਨੀ, ਸਮੱਸਿਆ, ਰੁਕਾਵਟ, ਅੜਚਨ, ਉਲਝਣ, ਬਿਪਤਾ |
| **ਵਚਨ** | ਕੌਲ, ਇਕਰਾਰ, ਪ੍ਰਤਿੱਗਿਆ, ਪ੍ਰਣ |
| **ਸ਼ਰਮ** | ਸੰਕੋਚ, ਲੱਜਿਆ, ਸੰਗ, ਝਿਜਕ |
| **ਸ਼ਾਮ** | ਸੰਝ, ਤਕਾਲ਼ਾਂ, ਆਥਣ |
| **ਖ਼ਰਾਬ** | ਗੰਦਾ, ਮੰਦਾ, ਭੈੜਾ, ਬੁਰਾ |
| **ਖ਼ੁਸ਼ੀ** | ਪ੍ਰਸੰਨਤਾ, ਅਨੰਦ, ਸਰੂਰ |
| **ਗ਼ਰੀਬੀ** | ਕੰਗਾਲੀ, ਥੁੜ, ਨਿਰਧਨਤਾ |
| **ਜ਼ਿੰਦਗੀ** | ਜੀਵਨ, ਜਿੰਦ, ਪ੍ਰਾਣ |
| **ਫ਼ਿਕਰ** | ਚਿੰਤਾ, ਪਰੇਸ਼ਾਨੀ, ਸੋਚ |

## (ਞ) ਵਿਰੋਧਾਰਥਕ ਸ਼ਬਦ :

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਸ਼ਬਦ ਦੇ ਵਿਰੋਧੀ ਅਰਥਾਂ ਨੂੰ ਪ੍ਰਗਟ ਕਰਦਾ ਸ਼ਬਦ ਵਿਰੋਧਾਰਥਕ ਸ਼ਬਦ ਹੁੰਦਾ ਹੈ।

ਵਿਰੋਧਾਰਥਕ ਸ਼ਬਦਾਂ ਦੀਆਂ ਉਦਾਹਰਨਾਂ ਹੇਠ ਦਿੱਤੀਆਂ ਹਨ :

| | | | |
|---|---|---|---|
| ਉਸਤਤ | ਨਿੰਦਿਆ | ਉੱਚਾ | ਨੀਵਾਂ |
| ਉਚਾਣ | ਨਿਵਾਣ | ਅਗਾਂਹ | ਪਿਛਾਂਹ |
| ਉੱਚੀ | ਹੌਲ਼ੀ, ਨੀਵੀਂ | ਅਨੋਖਾ | ਸਧਾਰਨ |
| ਉਜਾੜਨਾ | ਵਸਾਉਣਾ | ਅਮੀਰ | ਗ਼ਰੀਬ |
| ਉੱਠਣਾ | ਬੈਠਣਾ | ਅਜ਼ਾਦੀ | ਗ਼ੁਲਾਮੀ |
| ਉਣਨਾ | ਉਧੇੜਨਾ | ਅੰਤ | ਅਰੰਭ |
| ਉੱਤਰਨਾ | ਚੜ੍ਹਨਾ | ਅੰਦਰ | ਬਾਹਰ |
| ਉੱਦਮੀ | ਆਲ਼ਸੀ | ਅੰਨ੍ਹਾ | ਸੁਜਾਖਾ |
| ਉੱਪਰ | ਹੇਠਾਂ | ਆਸਤਕ | ਨਾਸਤਕ |
| ਓਪਰਾ | ਜਾਣੂ, ਜਾਣਕਾਰ | ਆਕੜ | ਹਲੀਮੀ, ਨਿਮਰਤਾ |
| ਉਰਲਾ | ਪਰਲਾ | ਆਦਰ | ਨਿਰਾਦਰ |
| ਊਚ | ਨੀਚ | ਆਦਿ | ਅੰਤ |
| ਊਣਾ | ਭਰਿਆ | ਆਪਣਾ | ਪਰਾਇਆ, ਬੇਗਾਨਾ |
| ਅਸਲੀ | ਨਕਲੀ | ਆਮ | ਖ਼ਾਸ |

| | | | |
|---|---|---|---|
| ਔਖ | ਸੌਖ | ਹਨੇਰਾ | ਚਾਨਣ |
| ਇੱਜ਼ਤ | ਬੇਇਜ਼ਤੀ | ਹਮਾਇਤੀ | ਵਿਰੋਧੀ |
| ਇਮਾਨਦਾਰ | ਬੇਈਮਾਨ | ਹਲਾਲ | ਹਰਾਮ |
| ਇੱਥੇ | ਉੱਥੇ | ਹਾਜ਼ਰ | ਗ਼ੈਰਹਾਜ਼ਰ |
| ਇੱਧਰ | ਉੱਧਰ | ਹਾਰ | ਜਿੱਤ |
| ਏਕਤਾ | ਫੁੱਟ | ਹਾੜ੍ਹੀ | ਸਾਉਣੀ |
| ਸਸਤਾ | ਮਹਿੰਗਾ | ਕੱਚਾ | ਪੱਕਾ |
| ਸਹੀ | ਗ਼ਲਤ | ਕਠੋਰ | ਨਰਮ , ਕੋਮਲ |
| ਸਕਾ | ਮਤਰੇਆ | ਕਪੁੱਤਰ | ਸਪੁੱਤਰ |
| ਸੱਖਣਾ | ਭਰਿਆ | ਕੱਲ੍ਹ | ਅੱਜ |
| ਸੱਚ | ਝੂਠ | ਕਾਲ਼ਾ | ਗੋਰਾ |
| ਸੱਜਰ | ਤੌਕੜ | ਕੁੜੱਤਣ | ਮਿਠਾਸ |
| ਸੱਜਰਾ | ਬੇਹਾ | ਕੌੜਾ | ਮਿੱਠਾ |
| ਸਰਦੀ | ਗਰਮੀ | ਖੱਟਣਾ | ਗੁਆਉਣਾ |
| ਸੁਰਗ ਜਾਂ ਸ੍ਵਰਗ | ਨਰਕ | ਖਰਾ | ਖੋਟਾ |
| ਸੰਖੇਪ | ਵਿਸਤਾਰ | ਖੁੰਢਾ | ਤਿੱਖਾ |
| ਸੰਘਣਾ | ਵਿਰਲਾ | ਖੁੱਲ੍ਹਾ | ਤੰਗ |
| ਸੰਜੋਗ | ਵਿਜੋਗ | ਗਰਮੀ | ਸਰਦੀ |
| ਸਾਫ਼ | ਮੈਲ਼ਾ | ਗਿੱਲਾ | ਸੁੱਕਾ |
| ਸਿਆਣਾ | ਕਮਲ਼ਾ / ਮੂਰਖ | ਗੁਣ | ਔਗਣ |
| ਸਿੱਧਾ | ਪੁੱਠਾ | ਗੁਪਤ | ਪ੍ਰਗਟ |
| ਸੁਹਾਗਣ | ਵਿਧਵਾ | ਗੂੜ੍ਹਾ | ਫਿੱਕਾ, ਮੱਧਮ |
| ਸੁਸਤ | ਚੁਸਤ | ਗੰਦਾ | ਸਾਫ਼ |
| ਸੁੱਕਾ | ਗਿੱਲਾ, ਹਰਾ | ਘੱਟ | ਵੱਧ |
| ਸੁਖੀ | ਦੁਖੀ | ਘਾਟਾ | ਵਾਧਾ |
| ਸੁਚੱਜਾ | ਕੁਚੱਜਾ | ਚਲਾਕ | ਸਿੱਧਾ |
| ਸੋਗ | ਖ਼ੁਸ਼ੀ | ਚੜ੍ਹਦਾ | ਲਹਿੰਦਾ |
| ਹੱਸਣਾ | ਰੋਣਾ | ਚੜ੍ਹਾਈ | ਉਤਰਾਈ |

| | | | |
|---|---|---|---|
| ਛੋਹਲ਼ਾ | ਸੁਸਤ, ਢਿੱਲਾ, ਮੱਠਾ | ਤਰ | ਖੁਸ਼ਕ |
| ਛੂਤ | ਅਛੂਤ | ਥੱਲੇ | ਉੱਤੇ |
| ਛੋਟਾ | ਵੱਡਾ | ਥੋੜ੍ਹਾ | ਬਹੁਤਾ |
| ਜਨਮ | ਮਰਨ | ਦਿਨ | ਰਾਤ |
| ਜਾਗਣਾ | ਸੌਂਣਾ | ਦੂਰ | ਨੇੜੇ |
| ਠੰਢਾ | ਤੱਤਾ | ਦੇਸੀ | ਵਿਦੇਸ਼ੀ |
| ਠਰਨਾ | ਤਪਣਾ | ਦੋਸ਼ | ਗੁਣ |
| ਡਰਾਕਲ਼ | ਦਲੇਰ, ਨਿਡਰ | ਧਰਤੀ | ਅਕਾਸ਼ |
| ਡਿਗਣਾ | ਉੱਠਣਾ | ਧਨੀ | ਕੰਗਾਲ |
| ਡੋਬਣਾ | ਤਾਰਨਾ | ਧੁੱਪ | ਛਾਂ |
| ਢਾਹੁਣਾ | ਉਸਾਰਨਾ | ਨਕਦ | ਉਧਾਰ |
| ਤਕੜਾ | ਮਾੜਾ, ਕਮਜ਼ੋਰ | ਨਵਾਂ | ਪੁਰਾਣਾ |
| ਤੱਤਾ | ਠੰਢਾ | ਨੇਕੀ | ਬਦੀ |
| ਬੁਰਾ | ਭਲਾ | ਨਿਰਮਲ | ਮੈਲ਼ਾ |
| ਭੰਡਣਾ | ਸਲਾਹੁਣਾ | ਨਿਰਜੀਵ | ਸਜੀਵ |
| ਭੰਨਣਾ | ਘੜਨਾ | ਪੱਧਰਾ | ਉੱਚਾ-ਨੀਵਾਂ |
| ਭੋਲ਼ਾ | ਚਲਾਕ, ਤੇਜ਼ | ਪ੍ਰਤੱਖ | ਗੁੱਝਾ, ਲੁਕਵਾਂ |
| ਭਿੱਜਿਆ | ਸੁੱਕਿਆ | ਪਰਦੇਸ | ਸੁਦੇਸ |
| ਮਨਾਹੀ | ਖੁੱਲ੍ਹ | ਪਵਿੱਤਰ | ਅਪਵਿੱਤਰ |
| ਮਿੱਤਰ | ਵੈਰੀ | ਪੜ੍ਹਿਆ | ਅਨਪੜ੍ਹ |
| ਯਕੀਨ | ਸ਼ੱਕ | ਪੁੱਠਾ | ਸਿੱਧਾ |
| ਯਾਰੀ | ਦੁਸ਼ਮਣੀ | ਪੁੱਤਰ | ਕਪੁੱਤਰ |
| ਯੋਗ | ਅਯੋਗ | ਫਸਣਾ | ਨਿਕਲ਼ਨਾ, ਛੁੱਟਣਾ |
| ਰੋਗ | ਅਰੋਗ | ਫੜਨਾ | ਛੱਡਣਾ |
| ਰੱਜਿਆ | ਭੁੱਖਾ | ਫਿੱਕਾ | ਮਿੱਠਾ |
| ਰੋਂਦੂ | ਹਸਮੁਖ | ਬਹਾਦਰ | ਡਰਪੋਕ |
| ਲੋਕ | ਪਰਲੋਕ | ਬਰੀਕ | ਮੋਟਾ |
| ਲੋਭੀ | ਤਿਆਗੀ | ਬਲਵਾਨ | ਨਿਰਬਲ |

| | |
|---|---|
| ਲੋੜਵੰਦ | ਬੇਲੋੜਾ |
| ਵੱਖਰਾ | ਸਾਂਝਾ |
| ਵਧੀਆ | ਘਟੀਆ |
| ਵਰ | ਸਰਾਪ |
| ਵਿਗਾੜਨਾ | ਸੁਆਰਨਾ |
| ਸ਼ਾਂਤੀ | ਅਸ਼ਾਂਤੀ |
| ਸ਼ਰਮੀਲਾ | ਬੇਸ਼ਰਮ |
| ਸ਼ਰਾਬੀ | ਸੋਫ਼ੀ |
| ਖ਼ਰੀਦਣਾ | ਵੇਚਣਾ |
| ਖ਼ਾਲੀ | ਭਰਿਆ |

### (ਸ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

ਇਹ ਉਹ ਸ਼ਬਦ ਹੁੰਦਾ ਹੈ ਜਿਸ ਦਾ ਅਰਥ ਇੱਕ ਤੋਂ ਵਧੇਰੇ ਸ਼ਬਦਾਂ ਵਿੱਚ ਜਾਂ ਪੂਰੇ ਵਾਕ ਵਿੱਚ ਸਪਸ਼ਟ ਹੁੰਦਾ ਹੈ। ਹਰ ਮਨੁੱਖ ਦੀ ਇਹ ਕੋਸ਼ਸ਼ ਹੁੰਦੀ ਹੈ ਕਿ ਉਹ ਆਪਣੀ ਗੱਲ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਕਹਿ ਸਕੇ। ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਨਾਲ਼ ਸੰਖੇਪਤਾ ਵੀ ਆਉਂਦੀ ਹੈ ਅਤੇ ਗੱਲ ਦਾ ਪ੍ਰਭਾਵ ਵੀ ਵਧਦਾ ਹੈ। ਉਦਾਹਰਨ ਵਜੋਂ; ਜੇ ਕਿਸੇ ਬਾਰੇ ਇਹ ਕਹਿਣਾ ਹੋਵੇ ਕਿ ਉਹ ਅਕਸਰ ਗੱਲ ਨੂੰ ਭੁੱਲ ਜਾਂਦਾ ਹੈ ਜਾਂ 'ਉਹ ਕੋਈ ਗੱਲ ਯਾਦ ਨਹੀਂ ਰੱਖ ਸਕਦਾ' ਤਦ ਇਸ ਦੀ ਥਾਂ 'ਭੁਲੱਕੜ' ਸ਼ਬਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਹਿਣ ਨਾਲ਼ ਗੱਲ ਸੰਖੇਪ ਵੀ ਹੋ ਜਾਂਦੀ ਹੈ ਅਤੇ ਪ੍ਰਭਾਵਸ਼ਾਲੀ ਵੀ।

ਅਜਿਹੇ ਸ਼ਬਦਾਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ :

| | | |
|---|---|---|
| 1. | ਉਹ ਪਾਠ ਜੋ ਸ਼ੁਰੂ ਤੋਂ ਲੈ ਕੇ ਅੰਤ ਤੱਕ ਅਰੁਕ ਕੀਤਾ ਜਾਵੇ | ਅਖੰਡ-ਪਾਠ |
| 2. | ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ | ਅਖਾੜਾ |
| 3. | ਉਹ ਥਾਂ ਜੋ ਸਭ ਦੀ ਸਾਂਝੀ ਹੋਵੇ | ਸ਼ਾਮਲਾਟ |
| 4. | ਉਹ ਪੁਸਤਕ ਜਿਸ ਵਿੱਚ ਲਿਖਾਰੀ ਵੱਲੋਂ ਆਪਣੀ ਜੀਵਨੀ ਲਿਖੀ ਹੋਵੇ | ਸ੍ਵੈਜੀਵਨੀ |
| 5. | ਉਹ ਪੁਸਤਕ ਜਿਸ ਵਿੱਚ ਲਿਖਾਰੀ ਨੇ ਕਿਸੇ ਹੋਰ ਵਿਅਕਤੀ ਦੀ ਜੀਵਨੀ ਲਿਖੀ ਹੋਵੇ | ਜੀਵਨੀ |
| 6. | ਉਹ ਅਖ਼ਬਾਰ ਜੋ ਹਫ਼ਤੇ ਬਾਅਦ ਨਿਕਲ਼ੇ | ਸਪਤਾਹਿਕ |

| | |
|---|---|
| 7. ਉਹ ਮੁੰਡਾ/ਕੁੜੀ ਜਿਸ ਦਾ ਵਿਆਹ ਨਾ ਹੋਇਆ ਹੋਵੇ | ਕੁਆਰਾ/ਕੁਆਰੀ |
| 8. ਉਹ ਵਿਅਕਤੀ ਜੋ ਹੱਥ ਨਾਲ਼ ਮੂਰਤਾਂ ਬਣਾਵੇ | ਚਿੱਤਰਕਾਰ |
| 9. ਉਹ ਥਾਂ ਜਿੱਥੋਂ ਚਾਰੇ ਪਾਸਿਆਂ ਵੱਲ ਰਸਤੇ ਨਿਕਲ਼ਦੇ ਹੋਣ | ਚੁਰਸਤਾ |
| 10. ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ | ਤਬੇਲਾ |
| 11. ਉਹ ਧਰਤੀ ਜਿਸ ਵਿੱਚ ਕੋਈ ਫ਼ਸਲ ਨਾ ਉਗਾਈ ਜਾ ਸਕਦੀ ਹੋਵੇ | ਬੰਜਰ |
| 12. ਉਹ ਧਰਤੀ ਜਿੱਥੇ ਦੂਰ ਤੱਕ ਰੇਤ ਹੀ ਰੇਤ ਹੋਵੇ | ਮਾਰੂਥਲ |
| 13. ਉੱਚੇ ਤੇ ਸੁੱਚੇ ਆਚਾਰ ਵਾਲ਼ਾ | ਸਦਾਚਾਰੀ |
| 14. ਆਗਿਆ ਦਾ ਪਾਲਣ ਕਰਨ ਵਾਲ਼ਾ | ਆਗਿਆਕਾਰੀ |
| 15. ਆਪਣਾ ਉੱਲੂ ਸਿੱਧਾ ਕਰਨ ਵਾਲ਼ਾ | ਸੁਆਰਥੀ |
| 16. ਆਪਣੀ ਮਰਜ਼ੀ ਕਰਨ ਵਾਲ਼ਾ | ਆਪਹੁਦਰਾ |
| 17. ਸਾਹਿਤ ਦੀ ਰਚਨਾ ਕਰਨ ਵਾਲ਼ਾ | ਸਾਹਿਤਕਾਰ |
| 18. ਸੋਨੇ-ਚਾਂਦੀ ਦੇ ਗਹਿਣਿਆਂ ਦਾ ਵਪਾਰ ਕਰਨ ਵਾਲ਼ਾ | ਸਰਾਫ਼ |
| 19. ਕੰਮ ਤੋਂ ਜੀਅ ਚੁਰਾਉਣ ਵਾਲ਼ਾ | ਕੰਮ-ਚੋਰ |
| 20. ਕਹਾਣੀਆਂ ਲਿਖਣ ਵਾਲ਼ਾ/ਵਾਲ਼ੀ | ਕਹਾਣੀਕਾਰ |
| 21. ਕਵਿਤਾ ਲਿਖਣ ਵਾਲ਼ਾ/ਵਾਲ਼ੀ | ਕਵੀ/ਕਵਿਤਰੀ |
| 22. ਚਰਖਾ ਕੱਤਣ ਵਾਲ਼ੀਆਂ ਕੁੜੀਆਂ ਦਾ ਇਕੱਠ | ਤ੍ਰਿੰਞਣ |
| 23. ਚਾਰ ਪੈਰਾਂ ਵਾਲ਼ਾ ਜਾਨਵਰ | ਚੁਪਾਇਆ |
| 24. ਜਿਹੜਾ ਪਰਮਾਤਮਾ ਨੂੰ ਮੰਨੇ | ਆਸਤਕ |
| 25. ਜਿਹੜਾ ਪਰਮਾਤਮਾ ਨੂੰ ਨਾ ਮੰਨੇ | ਨਾਸਤਕ |
| 26. ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ | ਨਾਸ਼ੁਕਰਾ / ਅਕ੍ਰਿਤਘਣ |
| 27. ਜਿਹੜਾ ਕਦੇ ਨਾ ਥੱਕੇ | ਅਣਥੱਕ |
| 28. ਜਿਹੜਾ ਕਦੇ ਨਾ ਟੁੱਟੇ | ਅਟੁੱਟ |

| | |
|---|---|
| 29. ਜਿਹੜਾ ਬੋਲ ਨਾ ਸਕਦਾ ਹੋਵੇ | ਗੂੰਗਾ |
| 30. ਜਿਹੜਾ ਸਾਰੀਆਂ ਸ਼ਕਤੀਆਂ ਦਾ ਮਾਲਕ ਹੋਵੇ | ਸਰਬ-ਸ਼ਕਤੀਮਾਨ |
| 31. ਜਿਹੜਾ ਕੋਈ ਵੀ ਕੰਮ ਨਾ ਕਰੇ | ਵਿਹਲੜ/ਨਿਕੰਮਾ |
| 32. ਜਿਹੜਾ ਕਿਸੇ ਚੀਜ਼ ਦੀ ਖੋਜ ਕਰੇ | ਖੋਜੀ |
| 33. ਜਿਹੜਾ ਕੁਝ ਵੱਡਿਆਂ-ਵਡੇਰਿਆਂ ਕੋਲ਼ੋਂ ਮਿਲ਼ੇ | ਵਿਰਸਾ/ ਵਿਰਾਸਤ |
| 34. ਜਿਹੜਾ ਮਨੁੱਖ ਪੜ੍ਹਿਆ ਨਾ ਹੋਵੇ | ਅਨਪੜ੍ਹ |
| 35. ਜਿਹੜਾ ਮਨੁੱਖ ਕਿਸੇ ਨਾਲ਼ ਪੱਖ-ਪਾਤ ਨਾ ਕਰੇ | ਨਿਰਪੱਖ |
| 36. ਜਿਹੜੇ ਮਨੁੱਖ ਇੱਕੋ ਸਮੇਂ ਹੋਏ ਹੋਣ | ਸਮਕਾਲੀ |
| 37. ਜਿਹੜਾ ਦੇਸ ਨਾਲ਼ ਗ਼ੱਦਾਰੀ ਕਰੇ | ਦੇਸ-ਧ੍ਰੋਹੀ/ਗ਼ੱਦਾਰ |
| 38. ਜਿਹੜਾ ਬਹੁਤੀਆਂ ਗੱਲਾਂ ਕਰਦਾ ਹੋਵੇ | ਗਾਲੜੀ |
| 39. ਜਿਹੜੇ ਗੁਣ ਜਾਂ ਔਗਣ ਜਨਮ ਤੋਂ ਹੋਣ | ਜਮਾਂਦਰੂ |
| 40. ਜਿਹੜਾ ਬੱਚਾ ਘਰ ਵਿੱਚ ਸਭ ਬੱਚਿਆਂ ਤੋਂ ਪਹਿਲਾਂ ਪੈਦਾ ਹੋਇਆ ਹੋਵੇ | ਜੇਠਾ/ ਪਲੇਠਾ |
| 41. ਜਿਸ ਨੇ ਧਰਮ ਜਾਂ ਦੇਸ ਲਈ ਜਾਨ ਕੁਰਬਾਨ ਕੀਤੀ ਹੋਵੇ | ਸ਼ਹੀਦ |
| 42. ਜਿਸ ਨੂੰ ਸਾਰੇ ਪਿਆਰ ਕਰਨ | ਹਰਮਨ-ਪਿਆਰਾ |
| 43. ਜਿਸ ਸ਼ਬਦ ਦੇ ਅਰਥ ਹੋਣ | ਸਾਰਥਕ |
| 44. ਜਿਸ ਸ਼ਬਦ ਦੇ ਕੋਈ ਅਰਥ ਨਾ ਨਿਕਲ਼ਦੇ ਹੋਣ | ਨਿਰਾਰਥਕ |
| 45. ਜਿਸ ਨੂੰ ਕਿਹਾ ਜਾਂ ਬਿਆਨ ਨਾ ਕੀਤਾ ਜਾ ਸਕਦਾ ਹੋਵੇ | ਅਕਹਿ |
| 46. ਜਿਸ ਉੱਤੇ ਕਹੀ ਹੋਈ ਕਿਸੇ ਗੱਲ ਦਾ ਉੱਕਾ ਅਸਰ ਨਾ ਹੋਵੇ | ਢੀਠ / ਬੇਅਸਰ |
| 47. ਜਦੋਂ ਮੀਂਹ ਨਾ ਪਵੇ ਜਾਂ ਮੀਂਹ ਦੀ ਘਾਟ ਹੋਵੇ | ਔੜ/ ਸੋਕਾ |
| 48. ਜੋ ਦੂਸਰਿਆਂ ਦਾ ਭਲਾ ਕਰੇ | ਪਰਉਪਕਾਰੀ |
| 49. ਜਿੱਥੇ ਰੁਪਏ, ਪੈਸੇ ਜਾਂ ਸਿੱਕੇ ਬਣਾਏ ਜਾਣ | ਟਕਸਾਲ |

| | | |
|---|---|---|
| 50. | ਜੋ ਸਹਿਣ ਨਾ ਕੀਤਾ ਜਾ ਸਕਦਾ ਹੋਵੇ | ਅਸਹਿ |
| 51. | ਜੋ ਪੈਸੇ ਕੋਲ਼ ਹੁੰਦਿਆਂ ਹੋਇਆਂ ਵੀ ਜ਼ਰੂਰੀ ਖ਼ਰਚ ਨਾ ਕਰੇ | ਕੰਜੂਸ |
| 52. | ਜੋ ਬੇਮਤਲਬ ਖ਼ਰਚ ਕਰੇ | ਖ਼ਰਚੀਲਾ |
| 53. | ਜੋ ਆਪ ਨਾਲ਼ ਬੀਤੀ ਹੋਵੇ | ਹੱਡਬੀਤੀ |
| 54. | ਜੋ ਦੁਨੀਆਂ ਨਾਲ਼ ਬੀਤੀ ਹੋਵੇ | ਜੱਗਬੀਤੀ |
| 55. | ਪਿੰਡ ਦੇ ਝਗੜਿਆਂ ਦਾ ਫ਼ੈਸਲਾ ਕਰਨ ਵਾਲ਼ੀ ਸਭਾ | ਪੰਚਾਇਤ |
| 56. | ਪੈਦਲ ਸਫ਼ਰ ਕਰਨ ਵਾਲ਼ਾ | ਪਾਂਧੀ |
| 57. | ਪਿਉ-ਦਾਦੇ ਦੀ ਗੱਲ | ਪਿਤਾ-ਪੁਰਖੀ |
| 58. | ਨਾਟਕ ਜਾਂ ਫ਼ਿਲਮ ਦੇਖਣ ਵਾਲ਼ਾ | ਦਰਸ਼ਕ |
| 59. | ਭਾਸ਼ਣ ਜਾਂ ਗੀਤ-ਸੰਗੀਤ ਸੁਣਨ ਵਾਲ਼ਾ | ਸ੍ਰੋਤਾ |
| 60. | ਨਾਟਕ ਲਿਖਣ ਵਾਲ਼ਾ | ਨਾਟਕਕਾਰ |
| 61. | ਨਾਵਲ ਲਿਖਣ ਵਾਲ਼ਾ | ਨਾਵਲਕਾਰ |
| 62. | ਯੋਧਿਆਂ ਦੀ ਮਹਿਮਾ ਵਿੱਚ ਲਿਖੀ ਗਈ ਬਿਰਤਾਂਤਿਕ ਕਵਿਤਾ | ਵਾਰ |
| 63. | ਕਿਸੇ ਨੂੰ ਲਾ ਕੇ ਕਹੀ ਗੱਲ | ਮਿਹਣਾ, ਟਕੋਰ |
| 64. | ਲੜਾਈ ਵਿੱਚ ਨਿਡਰਤਾ ਨਾਲ਼ ਲੜਨ ਵਾਲ਼ਾ | ਸੂਰਮਾ |
| 65. | ਲੋਕਾਂ ਨੂੰ ਵਿਆਜ ਉੱਤੇ ਰੁਪਈਏ ਦੇਣ ਵਾਲ਼ਾ ਵਿਅਕਤੀ | ਸ਼ਾਹੂਕਾਰ |
| 66. | ਲੱਕੜਾਂ ਕੱਟਣ ਵਾਲ਼ਾ | ਲੱਕੜਹਾਰਾ |
| 67. | ਲੋਕਾਂ ਦੇ ਪ੍ਰਤਿਨਿਧਾਂ ਦੀ ਕਨੂੰਨ ਬਣਾਉਣ ਵਾਲ਼ੀ ਸਭਾ | ਲੋਕ-ਸਭਾ |
| 68. | ਸਾਰਿਆਂ ਦੀ ਸਾਂਝੀ ਰਾਏ | ਸਰਬ-ਸੰਮਤੀ |
| 69. | ਭਾਰਤ ਦਾ ਵਸਨੀਕ | ਭਾਰਤੀ |
| 70. | ਪੰਜਾਬ ਦਾ ਵਸਨੀਕ | ਪੰਜਾਬੀ/ਪੰਜਾਬਣ |

## ਅਭਿਆਸ

1. ਹੇਠ ਲਿਖੇ ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਹਰ ਇੱਕ ਦੇ ਤਿੰਨ-ਤਿੰਨ ਵੱਖਰੇ ਅਰਥ ਸਪਸ਼ਟ ਹੋ ਜਾਣ :

   ਉੱਚਾ, ਸੰਗ, ਹਾਰ, ਤਰ, ਵੱਟ।

2. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਮਾਨਾਰਥਕ ਸ਼ਬਦਾਂ ਦੇ ਗੁੱਟ ਬਣਾਓ :

   ਉਪਕਾਰ, ਅਸਮਾਨ, ਇਸਤਰੀ, ਜ਼ਮੀਨ, ਭਲਾਈ, ਅਕਾਸ਼, ਕਮਜ਼ੋਰ, ਔਰਤ, ਧਰਤੀ, ਨਿਰਬਲ।

3. ਹੇਠਾਂ ਲਿਖੇ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਿਖੋ :

   ਏਕਤਾ, ਸੰਖੇਪ, ਗੂੜ੍ਹਾ, ਸਸਤਾ, ਦਲੇਰ।

4. ਹੇਠਾਂ ਦਿੱਤੇ ਵਾਕਾਂ ਦੀ ਥਾਂ ਢੁਕਵਾਂ ਇੱਕ-ਇੱਕ ਸ਼ਬਦ ਲਿਖੋ :

   (ੳ) ਜਿਹੜਾ ਰੱਬ ਨੂੰ ਮੰਨਦਾ ਹੋਵੇ ____________

   (ਅ) ਸਾਹਿਤ ਦੀ ਰਚਨਾ ਕਰਨ ਵਾਲ਼ਾ ____________

   (ੲ) ਹਰ ਇੱਕ ਨੂੰ ਪਿਆਰਾ ਲੱਗਣ ਵਾਲ਼ਾ ____________

   (ਸ) ਚਰਖਾ ਕੱਤਣ ਵਾਲ਼ੀਆਂ ਕੁੜੀਆਂ ਦਾ ਇਕੱਠ ____________

   (ਹ) ਜਿਹੜਾ ਦੂਸਰਿਆਂ ਦਾ ਭਲਾ ਕਰੇ ____________

*****

# ਵਿਸਰਾਮ-ਚਿੰਨ੍ਹ

ਵਿਆਕਰਨ ਵਿੱਚ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਹੁੰਦਾ ਹੈ। ਬਹੁਤ ਵਾਰੀ ਇੱਕ ਵਾਕ ਨੂੰ ਦੂਜੇ ਵਾਕ ਤੋਂ ਨਿਖੇੜਨ ਲਈ ਕੋਈ ਚਿੰਨ੍ਹ ਲਾਇਆ ਜਾਂਦਾ ਹੈ। ਅਜਿਹਾ ਚਿੰਨ੍ਹ ਕਾਮਾ (,) ਜਾਂ ਡੰਡੀ (।) ਆਦਿ ਹੋ ਸਕਦਾ। ਇਹ ਦੋਵੇਂ ਵਿਸਰਾਮ-ਚਿੰਨ੍ਹ ਹਨ। ਇਸ ਪ੍ਰਕਾਰ ਦੇ ਕੁਝ ਹੋਰ ਵਿਸਰਾਮ-ਚਿੰਨ੍ਹ ਵੀ ਹਨ, ਜਿਵੇਂ:- **ਕਾਮਾ-ਬਿੰਦੀ** (;) **ਦੁਬਿੰਦੀ** (:) **ਪ੍ਰਸ਼ਨ-ਚਿੰਨ੍ਹ** ( ? ) **ਅਤੇ ਵਿਸਮਕ ਚਿੰਨ੍ਹ** ( !) ਆਦਿ ।

ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਵਿੱਚ ਸਰਲ, ਸਪਸ਼ਟ ਅਤੇ ਠੀਕ ਢੰਗ ਨਾਲ਼ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਹੀ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲ ਜਾਵੇ ਤਾਂ ਅਰਥਾਂ ਵਿੱਚ ਭਾਰੀ ਤਬਦੀਲੀ ਆ ਜਾਂਦੀ ਹੈ। ਉਦਾਹਰਨ ਲਈ ਦੋ ਵਾਕ ਹਨ:-

1. **ਰੋਕੋ ਨਾ, ਜਾਣ ਦਿਉ** - **ਜਾਣ ਦੇਣ ਦਾ ਭਾਵ ਹੈ।**
2. **ਰੋਕੋ, ਨਾ ਜਾਣ ਦਿਉ** - **ਰੋਕਣ ਦਾ ਭਾਵ ਹੈ।**

ਪੰਜਾਬੀ ਵਿੱਚ ਪਹਿਲਾਂ ਕੇਵਲ ਡੰਡੀ ਦੀ ਵਰਤੋਂ ਹੀ ਵਧੇਰੇ ਹੁੰਦੀ ਸੀ ਪਰ ਅੰਗਰੇਜ਼ੀ ਵਿਆਕਰਨ ਦੇ ਪ੍ਰਭਾਵ ਅਧੀਨ ਅੱਜ-ਕੱਲ੍ਹ ਹੋਰ ਵੀ ਬਹੁਤ ਸਾਰੇ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਹੁੰਦੀ ਹੈ। ਪੰਜਾਬੀ ਭਾਸ਼ਾ ਲਿਖਣ ਲਈ ਪ੍ਰਚਲਿਤ ਚਿੰਨ੍ਹ ਨਿਮਨ-ਲਿਖਤ ਅਨੁਸਾਰ ਹਨ;-

## ਵਿਸਰਾਮ-ਚਿੰਨ੍ਹ

| | | | |
|---|---|---|---|
| 1. | ਡੰਡੀ ਜਾਂ ਪੂਰਨ ਵਿਸਰਾਮ | = | । |
| 2. | ਕਾਮਾ | = | , |
| 3. | ਪ੍ਰਸ਼ਨ-ਚਿੰਨ੍ਹ | = | ? |
| 4. | ਅਰਧ ਵਿਸਰਾਮ-ਚਿੰਨ੍ਹ/ਜਾਂ ਬਿੰਦੀ-ਕਾਮਾ | = | ; |
| 5. | ਦੁਬਿੰਦੀ ਜਾਂ ਕੋਲਨ | = | : |
| 6. | ਵਿਸਮਕ-ਚਿੰਨ੍ਹ | = | ! |
| 7. | ਪੁੱਠੇ ਕਾਮੇ | = | " " |
| 8. | ਬ੍ਰੈਕਟ | = | ( ) [ ] |
| 9. | ਬਿੰਦੀ | = | . |
| 10. | ਛੁੱਟ-ਮਰੋੜੀ | = | ' |
| 11. | ਡੈਸ਼ | = | — |
| 12. | ਦੁਬਿੰਦੀ-ਡੈਸ਼ | = | :- |
| 13 | ਜੋੜਨੀ | = | - |

1. **ਡੰਡੀ ( । )**

ਇਹ ਪੂਰਨ ਵਿਸਰਾਮ ਅਤੇ ਠਹਿਰਾਅ ਦਾ ਚਿੰਨ੍ਹ ਹੈ। ਇਹ ਸਧਾਰਨ ਵਾਕ ਦੇ ਅੰਤ ਵਿੱਚ ਲਾਇਆ ਜਾਂਦਾ ਹੈ। ਪ੍ਰਸ਼ਨਵਾਚਕ ਜਾਂ ਵਿਸਮੈਵਾਚਕ ਵਾਕ ਨੂੰ ਛੱਡ ਕੇ ਹਰ ਪ੍ਰਕਾਰ ਦੇ ਵਾਕ ਦੇ ਅੰਤ ਵਿੱਚ ਡੰਡੀ ਲੱਗਦੀ ਹੈ, ਜਿਵੇਂ :-

ਜਿਵੇਂ :- 1. **ਹਰਜੀਤ ਸਕੂਲ ਜਾ ਰਿਹਾ ਹੈ।**

2. **ਮੈਂ ਅਨੀਤਾ ਬਾਰੇ ਜਾਣਨਾ ਚਾਹੁੰਦੀ ਸੀ ਕਿ ਉਹ ਕਿੱਥੇ ਹੈ।**

2. **ਕਾਮਾ ( , )**

ਕਾਮੇ ਦੀ ਵਰਤੋਂ ਵਾਕ ਵਿੱਚ ਥੋੜ੍ਹਾ ਜਿਹਾ ਠਹਿਰਾਅ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ :- **ਅਮਿਤ, ਰਾਮ, ਸ਼ਾਮ ਅਤੇ ਸਮੀਰ ਪਿਕਨਿਕ ਮਨਾਉਣ ਗਏ।**

3. **ਪ੍ਰਸ਼ਨ-ਚਿੰਨ੍ਹ ( ? )**

ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ :- 1. **ਸਕੂਲੋਂ ਛੁੱਟੀ ਕਦੋਂ ਹੁੰਦੀ ਹੈ ?**

2. **ਤੂੰ ਕਿੱਥੇ ਜਾ ਰਿਹਾ ਹੈਂ ?**

4. **ਬਿੰਦੀ-ਕਾਮਾ ( ; )**

ਇਸ ਦੀ ਵਰਤੋਂ ਜ਼ਿਆਦਾ ਨਹੀਂ ਹੁੰਦੀ। ਆਮ ਹਾਲਤਾਂ ਵਿੱਚ ਇੱਕੋ ਵਾਕ ਵਿੱਚ ਜਦੋਂ ਕਾਮੇ (,) ਨਾਲੋਂ ਵੱਧ ਅਤੇ ਡੰਡੀ ( । ) ਨਾਲੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ-ਕਾਮੇ (;) ਦੀ ਵਰਤੋਂ ਹੁੰਦੀ ਹੈ, ਜਿਵੇਂ :- **ਤੁਹਾਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ; ਤਾਂ ਹੀ ਤੁਸੀਂ ਪਾਸ ਹੋ ਸਕੋਗੇ।**

5. **ਦੁਬਿੰਦੀ ( : )**

ਜਦੋਂ ਕਿਸੇ ਸ਼ਬਦ ਦੇ ਸਾਰੇ ਅੱਖਰ ਨਾ ਲਿਖੇ ਜਾਣ ਜਾਂ ਘੱਟ ਲਿਖੇ ਜਾਣ ਤਾਂ ਦੁਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ :- **ਸ:ਸੀ:ਸੈ:ਸ: (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ)।**

ਕਿਸੇ ਸ਼ਬਦ, ਵਾਕਾਂਸ਼ ਜਾਂ ਉਪਵਾਕ ਦੀ ਵਿਆਖਿਆ ਜਾਂ ਵੇਰਵੇ ਤੋਂ ਪਹਿਲਾਂ ਦੁਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :- **ਮੇਰੇ ਮਨ-ਭਾਉਂਦੇ ਪੰਜਾਬੀ ਸਾਹਿਤਕਾਰ ਹਨ: ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਕੰਵਲ ਅਤੇ ਈਸ਼ਵਰ ਚੰਦਰ ਨੰਦਾ।**

6. **ਵਿਸਮਕ-ਚਿੰਨ੍ਹ ( ! )**

ਇਹ ਚਿੰਨ੍ਹ ਉਹਨਾਂ ਵਾਕਾਂ ਜਾਂ ਸ਼ਬਦਾਂ ਦੇ ਪਿੱਛੇ ਵਰਤਿਆ ਜਾਂਦਾ ਹੈ ਜਿਹੜੇ ਮਨ ਦੇ ਕਿਸੇ ਭਾਵ, ਖ਼ੁਸ਼ੀ, ਗ਼ਮੀ ਜਾਂ ਹੈਰਾਨੀ ਆਦਿ ਨੂੰ ਪ੍ਰਗਟ ਕਰਦੇ ਹੋਣ,

ਜਿਵੇਂ :-1. **ਵਾਹ ! ਕਿੰਨਾ ਸੋਹਣਾ ਫੁੱਲ ਹੈ !**

2. **ਸਦਕੇ ਜਾਵਾਂ !, ਬੱਲੇ-ਬੱਲੇ ! , ਸ਼ਾਬਾਸ਼ੇ !।**

7. **ਪੁੱਠੇ ਕਾਮੇ ( " " )**

ਜਦੋਂ ਕਿਸੇ ਦੇ ਕਹੇ ਹੋਏ ਜਾਂ ਲਿਖੇ ਹੋਏ ਸ਼ਬਦਾਂ ਨੂੰ ਉਸੇ ਤਰ੍ਹਾਂ ਉਸੇ ਕਾਲ ਵਿੱਚ ਲਿਖਣਾ ਹੋਵੇ ਤਾਂ ਉਹਨਾਂ ਨੂੰ ਦੋ ਪੁੱਠੇ ਕਾਮੇ ਅਤੇ ਦੋ ਸਿੱਧੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ :-

**ਮਗਰਮੱਛ ਨੇ ਬਾਂਦਰ ਨੂੰ ਕਿਹਾ, "ਵਾਹ ਭਾਈ ! ਭਰਜਾਈ ਨਾਲੋਂ ਕੋਈ ਦਿਲ ਚੰਗਾ ਸੀ ਪਰ ਮੈਂ ਤਾਂ ਜਾਮਣ 'ਤੇ ਛੱਡ ਆਇਆਂ, ਹੁਣ ਕੀ ਬਣੂੰ ?"**

8. **ਬ੍ਰੈਕਟ ( )**

ਕਿਸੇ ਵਾਕ ਜਾਂ ਸ਼ਬਦ ਦੇ ਅਰਥ ਨੂੰ ਹੋਰ ਸਪਸ਼ਟ ਕਰਨ ਲਈ ਬ੍ਰੈਕਟ ਦੀ ਵਰਤੋਂ ਕੀਤੀ ਜਾਂਦੀ ਹੈ,

ਜਿਵੇਂ :- **ਗੀਤਾ ਹਰ ਸਮੇਂ ਸਿਆਣਪ (ਅਕਲ) ਤੋਂ ਕੰਮ ਲੈਂਦੀ ਹੈ।**

9. **ਬਿੰਦੀ ( . )**

ਪੰਜਾਬੀ ਵਿੱਚ ਇਸ ਵਿਸਰਾਮ-ਚਿੰਨ੍ਹ ਦੀ ਵਰਤੋਂ ਏਨੀ ਨਹੀਂ ਹੁੰਦੀ। ਇਸ ਦੀ ਵਰਤੋਂ ਅੰਕਾਂ ਦੇ ਪਿੱਛੇ ਜਾਂ ਸੰਖੇਪ ਵਿੱਚ ਲਿਖੀਆਂ ਡਿਗਰੀਆਂ ਜਾਂ ਖ਼ਿਤਾਬਾਂ ਦੇ ਪਿੱਛੇ ਹੁੰਦੀ ਹੈ, ਜਿਵੇਂ :- **ਐਮ. ਬੀ. ਬੀ. ਐੱਸ., ਐਮ.ਏ., ਆਈ. ਏ.ਐੱਸ., ਪੀ - ਐੱਚ.ਡੀ. ਆਦਿ।**

10. **ਛੁੱਟ-ਮਰੋੜੀ ( ' )**

ਜੇਕਰ ਬੋਲ-ਚਾਲ ਦੀ ਭਾਸ਼ਾ ਨੂੰ ਲਿਖਣ ਵੇਲ਼ੇ ਕੋਈ ਅੱਖਰ ਛੱਡਿਆ ਜਾਵੇ ਤਾਂ ਉਸ ਦੀ ਥਾਂ ਛੁੱਟ-ਮਰੋੜੀ ਪਾਈ ਜਾਂਦੀ ਹੈ, ਜਿਵੇਂ :- 'ਚ ਜਾਂ 'ਚੋਂ । ਬਣਤਰ ਵਜੋਂ ਇਹ ਵਿਸਰਾਮ-ਚਿੰਨ੍ਹ ਇੱਕ ਕਾਮੇ ਵਾਂਗ ਹੈ। ਅੰਤਰ ਇਹ ਹੈ ਕਿ ਕਾਮਾ ਅੱਖਰ ਦੇ ਹੇਠਲੇ ਪਾਸੇ ਲੱਗਦਾ ਹੈ ਤੇ ਇਹ ਉੱਪਰਲੇ ਪਾਸੇ, ਜਿਵੇਂ :-

1. ਸਾਡੀ ਰਹਾਇਸ਼ ਖੇਤ 'ਚ ਹੀ ਹੈ।
2. ਚੰਗੇ ਇਨਸਾਨ ਕਦੇ ਮੱਥੇ 'ਤੇ ਵੱਟ ਨਹੀ ਪਾਉਂਦੇ।

11. **ਡੈਸ਼ (—)**

ਇਹ ਵਿਸਰਾਮ-ਚਿੰਨ੍ਹ ਵੇਖਣ ਨੂੰ ਜੋੜਨੀ ਜਿਹਾ ਹੈ ਪਰ ਇਸ ਦੀ ਲੰਬਾਈ ਜੋੜਨੀ ਨਾਲੋਂ ਕੁਝ ਵੱਧ ਹੈ। ਜਦੋਂ ਕਿਸੇ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਵਾਧੂ ਗੱਲ ਕਹੀ ਜਾਵੇ ਤਾਂ ਡੈਸ਼ ਦੀ ਵਰਤੋਂ ਹੁੰਦੀ ਹੈ, ਜਿਵੇਂ :- **ਸਾਡੀ ਘਰੇਲੂ ਬਗ਼ੀਚੀ ਵਿੱਚ ਸਬਜ਼ੀਆਂ, ਫਲ਼, ਫੁੱਲ-ਜੋ ਵੀ ਬੀਜਿਆ ਜਾਵੇ—ਬਹੁਤ ਵਧੀਆ ਹੁੰਦਾ ਹੈ।**

12. **ਦੁਬਿੰਦੀ-ਡੈਸ਼ (:—)**

ਕਿਸੇ ਸ਼ਬਦ, ਵਾਕਾਂਸ਼ ਜਾਂ ਵਾਕ ਦੀ ਵਿਆਖਿਆ ਦੇਣ ਜਾਂ ਉਦਾਹਰਨ ਦੇਣ ਤੋਂ ਪਹਿਲਾਂ ਦੁਬਿੰਦੀ-ਡੈਸ਼ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :-

**ਖ਼ਾਸ ਨਾਂਵ ਉਸ ਨੂੰ ਕਹਿੰਦੇ ਹਨ ਜਿਹੜੇ ਕਿਸੇ ਖ਼ਾਸ ਥਾਂ, ਮਨੁੱਖ ਜਾਂ ਵਸਤੂ ਲਈ ਵਰਤਿਆ ਜਾਵੇ, ਜਿਵੇਂ :- ਜਲੰਧਰ, ਗੰਗਾ, ਸ਼ਾਮ ਸਿੰਘ ।**

13. **ਜੋੜਨੀ (-)**

ਇਸ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ :

(ੳ) ਸਮਾਨ ਵਿਧੀ ਨਾਲ਼ ਬਣੇ ਸ਼ਬਦਾਂ ਵਿੱਚ ਕੀਤੀ ਜਾਂਦੀ ਹੈ,

ਜਿਵੇਂ :- **ਹਮ-ਉਮਰ, ਹਫੜਾ-ਦਫੜੀ।**

(ਅ) ਜੋੜਨੀ 'ਅਤੇ', 'ਦਾ','ਦੇ', 'ਦੀ' ਸ਼ਬਦਾਂ ਦੀ ਥਾਂ ਲੈ ਲੈਂਦੀ ਹੈ,

ਜਿਵੇਂ :- **ਘਿਓ ਤੇ ਖਿਚੜੀ (ਘਿਓ-ਖਿਚੜੀ), ਬੁੱਤ-ਪੂਜਾ (ਬੁੱਤ ਦੀ ਪੂਜਾ)।**

(ੲ) ਇਸ ਤਰ੍ਹਾਂ ਇੱਕੋ ਅਰਥ ਵਾਲੇ ਦੋ ਸ਼ਬਦਾਂ ਤੇ ਵਿਰੋਧੀ ਅਰਥਾਂ ਵਾਲੇ ਸ਼ਬਦਾਂ ਵਿਚਾਲੇ ਵੀ ਜੋੜਨੀ ਲੱਗਦੀ ਹੈ, ਜਿਵੇਂ : **ਸਾਧ-ਸੰਗਤ, ਕੰਮ-ਕਾਰ, ਚਿੱਟਾ-ਦੁੱਧ ਆਦਿ (ਇੱਕੋ ਅਰਥ ਵਾਲੇ ਸ਼ਬਦ; ਊਚ-ਨੀਚ, ਦੁੱਖ-ਸੁੱਖ, ਤੇ ਨਿੱਕ-ਮੋਟਾ (ਵਿਰੋਧੀ ਅਰਥ) ਆਦਿ।**

(ਸ) ਇੱਕ ਹੀ ਸ਼ਬਦ ਦੇ ਦੁਹਰਾਅ ਵਿਚਾਲੇ ਜੋੜਨੀ ਲੱਗਦੀ ਹੈ, ਜਿਵੇਂ: **ਦੋ-ਦੋ ਲਾਈਨਾਂ ਵਿੱਚ ਚੱਲੋ।**

(ਹ) ਸ਼ਬਦਾਂ ਦੇ ਅਜਿਹੇ ਜੋੜੇ, ਜਿਨ੍ਹਾਂ 'ਚੋਂ ਇੱਕ ਨਿਰਾਰਥਕ ਹੋਵੇ, ਦੇ ਵਿਚਕਾਰ ਜੋੜਨੀ ਲੱਗਦੀ ਹੈ, ਜਿਵੇਂ :- **ਉਘੜ-ਦੁੱਘੜ, ਚਾਹ-ਚੂਹ ਤੇ ਪਾਣੀ-ਧਾਣੀ ਆਦਿ।**

## ਅਭਿਆਸ

1. **ਪੰਜਾਬੀ ਵਿੱਚ ਹੇਠ ਲਿਖੇ ਵਿਸਰਾਮ-ਚਿੰਨ੍ਹ ਸ਼ਾਬਦਿਕ ਰੂਪ ਵਿੱਚ ਲਿਖੇ ਗਏ ਹਨ। ਉਹਨਾਂ ਦੇ ਸਾਮ੍ਹਣੇ ਬ੍ਰੈਕਟ ਵਿੱਚ ਉਹਨਾਂ ਦਾ ਚਿੰਨ੍ਹ ਲਿਖੋ :-**

(ੳ) ਪ੍ਰਸ਼ਨ-ਚਿੰਨ੍ਹ ( ) (ਅ) ਪੁੱਠੇ ਕਾਮੇ ( )

(ੲ) ਡੈਸ਼ ( ) (ਸ) ਵਿਸਮਕ-ਚਿੰਨ੍ਹ ( )

(ਹ) ਜੋੜਨੀ ( ) (ਕ) ਛੁੱਟ-ਮਰੋੜੀ ( )

(ਖ) ਬਿੰਦੀ-ਕਾਮਾ ( )

2. **ਹੇਠ ਲਿਖੇ ਵਾਕਾਂ ਵਿੱਚ ਵਿਸਰਾਮ-ਚਿੰਨ੍ਹ ਲਾਓ :-**

(ੳ) ਨੀਰੂ ਨੇ ਜੋਤੀ ਨੂੰ ਪੁੱਛਿਆ ਕੀ ਸਾਨੂੰ ਕੰਪਿਊਟਰ ਸਿੱਖਣ ਦੀ ਲੋੜ ਹੈ

(ਅ) ਅਧਿਆਪਕ ਨੇ ਵਿਦਿਆਰਥੀਆਂ ਨੂੰ ਕਿਹਾ ਸਦਾ ਸੱਚ ਬੋਲੋ ਕਦੀ ਝੂਠ ਨਾ ਬੋਲੋ

(ੲ) ਮੇਰੇ ਜੁਮੈਟਰੀ ਬਾਕਸ ਵਿੱਚ ਦੋ ਪੈੱਨ ਇੱਕ ਪੈੱਨਸਿਲ ਇੱਕ ਰਬੜ ਅਤੇ ਇੱਕ ਫ਼ੁੱਟਾ ਹੈ

(ਸ) ਸ਼ਾਬਾਸ਼ੇ ਤੂੰ ਮੇਰੀ ਉਮੀਦ ਮੁਤਾਬਕ ਨੰਬਰ ਲਏ ਹਨ ਨੇਹਾ ਦੇ ਪਿਤਾ ਜੀ ਨੇ ਉਸ ਨੂੰ ਕਿਹਾ

(ਹ) ਅਜੋਕੇ ਸਮੇਂ ਵਿੱਚ ਇਹੋ ਜਿਹੇ ਵਹਿਮਾਂ ਭਰਮਾਂ ਵਿੱਚ ਨਹੀਂ ਪੈਣਾ ਚਾਹੀਦਾ ਜਿਵੇਂ ਬਿੱਲੀ ਦਾ ਰੋਣਾ ਕਾਲ਼ੀ ਬਿੱਲੀ ਦਾ ਰਸਤਾ ਕੱਟਣਾ ਨਿੱਛ ਮਾਰਨਾ ਅਤੇ ਪਿੱਛੋਂ ਅਵਾਜ਼ ਦੇਣਾ ਆਦਿ

*****

## ਪੰਜਾਬੀ ਸ਼ਬਦ-ਜੋੜ

### ਸ਼ੁੱਧ-ਅਸ਼ੁੱਧ ਸ਼ਬਦ :

ਵਿਦਿਆਰਥੀਆਂ ਲਈ ਠੀਕ ਸ਼ਬਦ-ਜੋੜਾਂ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ। ਇਸ ਨਾਲ਼ ਜਿੱਥੇ ਸ਼ਬਦਾਂ ਦੇ ਅਰਥ ਬਾਰੇ ਗ਼ਲਤੀ ਲੱਗਣ ਤੋਂ ਬਚਾਅ ਹੁੰਦਾ ਹੈ ਉੱਥੇ ਲਿਖਤ ਦਾ ਪ੍ਰਭਾਵ ਵੀ ਚੰਗਾ ਪੈਂਦਾ ਹੈ। ਹੇਠਾਂ ਕੁਝ ਅਸ਼ੁੱਧ-ਸ਼ੁੱਧ ਸ਼ਬਦ-ਜੋੜਾਂ ਦੇ ਨਿਯਮ ਤੇ ਉਹਨਾਂ ਦੀਆਂ ਉਦਾਹਰਨਾਂ ਦਿੱਤੀਆਂ ਗਈਆਂ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹ ਕੇ ਵਿਦਿਆਰਥੀ ਸ਼ਬਦ-ਜੋੜਾਂ ਨੂੰ ਸ਼ੁੱਧ ਰੂਪ ਵਿੱਚ ਲਿਖ ਸਕਦਾ ਹੈ :

1. ੳ, ਅ, ੲ ਸ੍ਵਰ-ਅੱਖਰ ਸ੍ਵਰ-ਧੁਨੀਆਂ ਅਰਥਾਤ ਲਗਾਂ ਨੂੰ ਅੰਕਿਤ ਕਰਦੇ ਹਨ। ਇਸ ਲਈ ਉਹੀ ਲਗਾਂ ਵਰਤੀਆਂ ਜਾਣ, ਜਿਨ੍ਹਾਂ ਬਾਰੇ ਪਿਛਲੇ ਅਧਿਆਏ ਵਿੱਚ ਦੱਸਿਆ ਗਿਆ ਹੈ।
2. ਠੀਕ ਸ਼ਬਦ-ਜੋੜ ਲਿਖਣ ਲਈ ਲਗਾਖਰਾਂ ਦੀ ਵਰਤੋਂ ਉਚਿਤ ਥਾਂ 'ਤੇ ਕੀਤੀ ਜਾਣੀ ਚਾਹੀਦੀ ਹੈ।
3. ਪੰਜਾਬੀ ਬੋਲੀ ਨੂੰ ਸ਼ੁੱਧ ਰੂਪ ਵਿੱਚ ਲਿਖਣ ਲਈ ਪੰਜਾਬੀ ਬੋਲੀ ਦੇ ਕੇਂਦਰੀ ਰੂਪ ਦੇ ਉਚਾਰਨ ਅਨੁਸਾਰ, 'ਜਿਵੇਂ ਬੋਲੋ, ਤਿਵੇਂ ਲਿਖੋ' ਦਾ ਨਿਯਮ ਅਪਣਾਉਣਾ ਚਾਹੀਦਾ ਹੈ।
4. ਸ਼ਬਦ-ਜੋੜ ਕਰਨ ਸਮੇਂ ਮੂਲ ਸ਼ਬਦ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ, ਜਿਵੇਂ 'ਇਕੱਲਾ' ਸ਼ਬਦ ਮੂਲ ਧਾਤੂ 'ਇੱਕ' ਤੋਂ ਬਣਿਆ ਹੈ। ਇਸ ਲਈ ਇਸ ਨੂੰ 'ਇਕੱਲਾ' ਲਿਖਣਾ ਠੀਕ ਹੈ। ਇਸੇ ਤਰ੍ਹਾਂ 'ਚੁਕਾਈ', 'ਚੁੱਕ' ਧਾਤੂ ਤੋਂ ਬਣਿਆ ਹੈ। ਇਸ ਲਈ 'ਚਕਾਈ' ਲਿਖਣਾ ਗ਼ਲਤ ਹੈ, 'ਪੜ੍ਹਾਈ' 'ਪੜ੍ਹ' ਧਾਤੂ ਤੋਂ ਬਣਿਆ ਹੈ, ਇਸ ਲਈ 'ਭੜਾਈ' ਲਿਖਣਾ ਗ਼ਲਤ ਹੈ।
5. ਪੰਜਾਬੀ ਵਿੱਚ 'ਹ' ਅੱਖਰ ਸ਼ਬਦ-ਜੋੜ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵ ਰੱਖਦਾ ਹੈ। ਇਸ ਅੱਖਰ ਦੀ ਵਰਤੋਂ ਵਾਲੇ ਸ਼ਬਦਾਂ ਵਿੱਚ ਸ਼ੁੱਧ ਸ਼ਬਦ-ਜੋੜ ਲਿਖਣ ਲਈ ਨਿਮਨਲਿਖਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

**(ੳ) ਜੇ ਕਿਸੇ ਸ਼ਬਦ ਵਿੱਚ 'ਹ' ਅੱਖਰ ਦੀ ਅਵਾਜ਼ ਤੋਂ ਪਹਿਲਾਂ 'ਏ' ( ੇ ) ਦੀ ਧੁਨੀ ਹੋਵੇ ਤਾਂ ਉਸ ਤੋਂ ਪਹਿਲੇ ਅੱਖਰ ਨਾਲ਼ 'ਸਿਹਾਰੀ' (ਿ) ਲਾਈ ਜਾਂਦੀ ਹੈ, ਜਿਵੇਂ : -**

| ਅਸ਼ੁੱਧ | | ਸ਼ੁੱਧ |
|---|---|---|
| ਸੇਹਤ | - | ਸਿਹਤ |
| ਮੇਹਨਤ | - | ਮਿਹਨਤ |
| ਜੇਹੜਾ | - | ਜਿਹੜਾ |
| ਕੇਹੜਾ | - | ਕਿਹੜਾ |
| ਵੇਹੜਾ | - | ਵਿਹੜਾ |
| ਮੇਹਰ | - | ਮਿਹਰ |

**(ਅ) ਜੇ ਕਿਸੇ ਸ਼ਬਦ ਵਿੱਚ 'ਹ' ਅੱਖਰ ਤੋਂ ਪਹਿਲਾਂ 'ਦੁਲਾਵਾਂ' ( ੈ ) ਦੀ ਧੁਨੀ ਹੋਵੇ ਤਾਂ ਪਹਿਲੇ ਅੱਖਰ ਨਾਲ਼ ਦੁਲਾਵਾਂ ਵਰਤਣ ਦੀ ਥਾਂ 'ਹ' ਨਾਲ਼ ਸਿਹਾਰੀ ਲੱਗਦੀ ਹੈ :-**

| | | | | | | | |
|---|---|---|---|---|---|---|---|
| ਸ਼ੈਹਰ | - ਸ਼ਹਿਰ | ਸੁਨੈਹਰੀ | - ਸੁਨਹਿਰੀ | ਦੁਪੈਹਰ | - ਦੁਪਹਿਰ | | |
| ਪੈਹਰ | - ਪਹਿਰ | ਰੈਹਣਾ | - ਰਹਿਣਾ | | | | |
| ਗੈਹਣਾ | - ਗਹਿਣਾ | | | | | | |

(ੲ) ਜੇਕਰ ਕਿਸੇ ਸ਼ਬਦ ਵਿੱਚ 'ਹ' ਤੋਂ ਪਹਿਲੇ ਅੱਖਰ ਨਾਲ਼ 'ਕਨੌੜੇ' (ੌ) ਦੀ ਧੁਨੀ ਹੋਵੇ ਤਾਂ ਉਸ ਨਾਲੋਂ ਕਨੌੜਾ ਹਟਾ ਕੇ 'ਹ' ਨੂੰ ਔਂਕੜ (-) ਲੱਗ ਜਾਂਦੀ ਹੈ, ਜਿਵੇਂ :-

| | | | | | |
|---|---|---|---|---|---|
| ਬੌਹਤ | - | ਬਹੁਤ | ਸੌਹਰਾ | - | ਸਹੁਰਾ |
| ਵੌਹਟੀ | - | ਵਹੁਟੀ | ਬੌਹਵਚਨ | - | ਬਹੁਵਚਨ |
| ਨੌਂਹ | - | ਨਹੁੰ | | | |

6. ਹੇਠ ਦਿੱਤੇ ਸ਼ਬਦਾਂ ਵਿੱਚ 'ਸ਼' ਦੀ ਥਾਂ 'ਸ' ਦੀ ਵਰਤੋਂ ਠੀਕ ਹੈ, ਜਿਵੇਂ :-

| | | | | | |
|---|---|---|---|---|---|
| ਪਾਲਣ-ਪੋਸ਼ਣ | - | ਪਾਲਣ-ਪੋਸਣ | ਨਿਰਾਸ਼ | - | ਨਿਰਾਸ |
| ਸ਼ੀਤਲ | - | ਸੀਤਲ | ਕੇਸ਼ | - | ਕੇਸ |
| ਸ਼ਿਖਰ | - | ਸਿਖਰ | | | |

7. 'ਗ' ਤੇ 'ਘ' ਦੀ ਗ਼ਲਤ ਵਰਤੋਂ ਨਾਲ਼ ਵੀ ਅਰਥਾਂ ਵਿੱਚ ਅੰਤਰ ਆ ਜਾਂਦਾ ਹੈ। ਇਸ ਲਈ 'ਗ' ਅਤੇ 'ਘ' ਦੀ ਵਰਤੋਂ ਬੜੇ ਧਿਆਨ ਨਾਲ਼ ਕਰਨੀ ਚਾਹੀਦੀ ਹੈ, ਜਿਵੇ :-

1. ਸੰਗ - ਸ਼ਰਮ
   ਸੰਘ - ਗਲ਼ਾ
2. ਜੰਗ - ਲੜਾਈ
   ਜੰਘ - ਲੱਤ

8. 'ਡ' ਤੇ 'ਢ' ਦੀ ਗ਼ਲਤ ਵਰਤੋਂ ਕਰਨ ਨਾਲ਼ ਅਰਥਾਂ ਵਿੱਚ ਫ਼ਰਕ ਆ ਜਾਂਦਾ ਹੈ, ਜਿਵੇਂ :-

ਡੋਲ - ਪਾਣੀ ਭਰਨ ਵਾਲ਼ਾ ਬਰਤਨ
ਢੋਲ - ਵਜਾਉਣ ਵਾਲ਼ਾ ਇੱਕ ਸਾਜ਼
ਸੁੰਡ - ਹਾਥੀ ਦੀ ਸੁੰਡ
ਸੁੰਢ - ਅਦਰਕ ਸੁਕਾ ਕੇ ਬਣਾਈ ਵਸਤੂ ਜੋ ਪੰਸਾਰੀ ਦੀ ਹੱਟੀ ਤੋਂ ਮਿਲ਼ਦੀ ਹੈ।

9. 'ਬ' ਤੇ 'ਵ' ਦੀ ਗ਼ਲਤ ਵਰਤੋਂ ਨਾਲ਼ ਅਰਥਾਂ ਵਿੱਚ ਫ਼ਰਕ ਆ ਜਾਂਦਾ ਹੈ, ਜਿਵੇਂ :-

| | | |
|---|---|---|
| ਬਹਿਸ਼ਤ | ਬਰਦੀ | ਬਾਰ |
| ਵਹਿਸ਼ਤ | ਵਰਦੀ | ਵਾਰ |

10. 'ਬ' ਤੇ 'ਭ' ਦੀ ਗ਼ਲਤ ਵਰਤੋਂ ਵੀ ਗ਼ਲਤ ਸ਼ਬਦ-ਜੋੜਾਂ ਦਾ ਕਾਰਨ ਬਣਦੀ ਹੈ, ਜਿਵੇਂ :-

ਸਬ - ਛੋਟਾ (ਅਹੁਦੇ ਵਿੱਚ)
ਸਭ - ਸਾਰੇ (ਸਾਰੇ ਜੀਅ)
ਲਬ - ਲਾਲਚ (ਬਹੁਤਾ ਲਬ ਨਹੀਂ ਕਰਨਾ ਚਾਹੀਦਾ)
ਲੱਭ - ਲੱਭਣਾ (ਮੈਨੂੰ ਪੈੱਨ ਲੱਭ ਗਿਆ ਹੈ)

11. 'ਜ' ਤੇ 'ਝ' ਦੀ ਗ਼ਲਤ ਵਰਤੋਂ ਨਾਲ਼ ਵੀ ਅਰਥਾਂ ਵਿੱਚ ਅੰਤਰ ਆ ਜਾਂਦਾ ਹੈ, ਜਿਵੇਂ :-

ਸੁੱਜਾ - ਸੁੱਜਿਆ ਹੋਇਆ
ਸੁੱਝਾ - ਸੁੱਝਣਾ (ਖ਼ਿਆਲ ਆਉਣਾ)

ਪੂੰਜੀ - ਸਰਮਾਇਆ

ਪੂੰਝੀ - ਸਾਫ਼ ਕੀਤੀ

12. **'ਦ' ਤੇ 'ਧ' ਦੀ ਗ਼ਲਤ ਵਰਤੋਂ ਨਾਲ਼ ਵੀ ਅਰਥਾਂ ਵਿੱਚ ਭੇਦ ਆ ਜਾਂਦਾ ਹੈ, ਜਿਵੇਂ : -**

ਉਦਾਰ - ਖੁੱਲ੍ਹਦਿਲਾ

ਉਧਾਰ - ਕਰਜ਼ਾ

ਸੁਗੰਦ - ਸਹੁੰ

ਸੁਗੰਧ - ਖ਼ੁਸ਼ਬੋ (ਫੁੱਲਾਂ ਦੀ)

13. **ਪੰਜਾਬੀ ਵਿੱਚ 'ਣ' 'ਰ' ਜਾਂ 'ੜ' 'ਲ਼' ਹੋਵੇ, ਪਿੱਛੇ ਜੇ ਧੁਨੀ ਨਾਸਿਕੀ ਹੋਵੇ ਤਾਂ 'ਨ' ਆਉਂਦਾ ਹੈ, ਜਿਵੇਂ :-**

'ਰ' ਵਾਲ਼ੇ ਸ਼ਬਦ

ਸਧਾਰਨ, ਭਿਖਾਰਨ, ਹਰਨ, ਕਿਰਨ, ਕਾਰਨ

'ਲ਼' ਵਾਲ਼ੇ ਸ਼ਬਦ

ਗਲ਼ਨਾ, ਮਲ਼ਨਾ, ਟਲ਼ਨਾ, ਸੰਭਲ਼ਨਾ

'ੜ' ਵਾਲ਼ੇ ਸ਼ਬਦ

ਪੜ੍ਹਨਾ, ਮੁੜਨਾ, ਲੜਨਾ, ਫੜਨਾ, ਖੜ੍ਹਨਾ

'ਣ' ਵਾਲ਼ੇ ਸ਼ਬਦ

ਗਿਣਨਾ, ਸੁਣਨਾ, ਮਿਣਨਾ, ਜਾਣਨਾ, ਚੁਣਨਾ

14. **ਕਈ ਸ਼ਬਦਾਂ ਦੇ ਪੈਰਾਂ ਵਿੱਚ 'ਹ' ਪਾਉਣ ਜਾਂ ਨਾ ਪਾਉਣ ਨਾਲ਼ ਅਰਥ ਵਿੱਚ ਅੰਤਰ ਆ ਜਾਂਦਾ ਹੈ, ਜਿਵੇਂ :-**

| | | | |
|---|---|---|---|
| ਜੜ | (ਜੜ ਦੇਣਾ) | ਜੜ੍ਹ | (ਦਰਖ਼ਤ ਦੀ) |
| ਤਰਾਂ | (ਖਾਣ ਵਾਲ਼ੀਆਂ) | ਤਰ੍ਹਾਂ | (ਇਸ ਤਰ੍ਹਾਂ) |
| ਪਰੇ | (ਦੂਰ) | ਪਰ੍ਹੇ | (ਪੰਚਾਇਤ ਆਦਿ) |

15. **'ਕੇ' ਨੂੰ ਉਸ ਤੋਂ ਪਹਿਲਾਂ ਆਏ ਸ਼ਬਦ ਨਾਲ਼ ਜੋੜ ਕੇ ਜਾਂ ਉਸ ਨਾਲ਼ੋਂ ਨਿਖੇੜ ਕੇ ਲਿਖਣ ਨਾਲ਼ ਅਰਥਾਂ ਵਿੱਚ ਅੰਤਰ ਆਉਂਦਾ ਹੈ, ਜਿਵੇਂ :-**

| | | | |
|---|---|---|---|
| ਸੜ ਕੇ | - ਸੜ ਜਾਣ ਤੋਂ ਬਾਅਦ | ਸੜਕੇ - | ਸੜਕ ਉੱਪਰ |
| ਭੌਂ ਕੇ | - ਮੁੜ ਕੇ (ਭੌਂ ਕੇ ਵੇਖਿਆ) | ਭੌਂਕੇ - | ਕੁੱਤੇ ਭੌਂਕੇ |
| ਛਿੱਲ ਕੇ | - ਕੇਲਾ ਛਿੱਲ ਕੇ ਖਾਓ | ਛਿਲਕੇ - | ਕੇਲੇ ਦੇ ਛਿਲਕੇ |
| ਬਾਲ਼ ਕੇ | - ਦੀਵਾ ਬਾਲ਼ ਕੇ | ਬਾਲਕੇ - | ਹੇ ਬਾਲਕ ! |

16. **'ਨ' ਤੇ 'ਣ' ਦੀ ਇੱਕ-ਦੂਜੇ ਦੀ ਥਾਂ ਵਰਤੋਂ ਕਰਨ ਨਾਲ਼ ਸ਼ਬਦ ਦੇ ਅਰਥ ਬਦਲ ਜਾਂਦੇ ਹਨ, ਜਿਵੇਂ :-**

| | | | |
|---|---|---|---|
| ਸਨ | - ਬੱਚੇ ਹਾਕੀ ਖੇਡਦੇ ਸਨ | ਸਣ | - ਸਣ ਦੇ ਰੱਸੇ ਮਜ਼ਬੂਤ ਹੁੰਦੇ ਹਨ। |
| ਹਾਨੀ | - ਨੁਕਸਾਨ | ਹਾਣੀ | - ਹਮ-ਉਮਰ |
| ਖ਼ਾਨਾ | - (ਘਰ) ਡਾਕਖ਼ਾਨਾ ਆਦਿ | ਖਾਣਾ | - ਭੋਜਨ |

## ਅਭਿਆਸ

**ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :**

(ੳ) ਮੇਹਨਤ

(ਅ) ਵੇਹੜਾ

(ੲ) ਦੁਪੈਹਰ

(ਸ) ਔਰਤ

(ਹ) ਸ਼ੈਹਰ

(ਕ) ਬੈਂਹਤਾ

(ਖ) ਚੋਲ

(ਗ) ਵੋਹਟੀ

(ਘ) ਭਿਖਾਰਨ

(ਙ) ਆਯਾ

(ਚ) ਅਬਿਆਸ

(ਛ) ਦੁੱਦ

(ਜ) ਰੈਂਹਦਾ

(ਝ) ਨੇਹਰ

(ਞ) ਕਚੈਹਰੀ

(ਟ) ਪੀਂਗ

(ਠ) ਗੋਬੀ

(ਡ) ਸੌਂਹ

*****

# ਮੁਹਾਵਰੇ /ਅਖਾਣ

ਮੁਹਾਵਰੇ ਸ਼ਬਦਾਂ ਦੇ ਉਸ ਇਕੱਠ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਦੇ ਸ਼ਬਦੀ ਅਰਥ ਹੋਰ ਹੋਣ ਤੇ ਭਾਵ ਅਰਥ ਹੋਰ । ਮੁਹਾਵਰੇ ਕਿਸੇ ਭਾਸ਼ਾ ਦੀ ਸੂਖਮਤਾ ਨੂੰ ਪ੍ਰਗਟ ਕਰਦੇ ਹਨ। ਮੁਹਾਵਰੇ ਕਿਸੇ ਬੋਲੀ ਦੀ ਸਮਰੱਥਾ ਹੁੰਦੇ ਹਨ। ਇਹਨਾਂ ਦਾ ਇੱਕ ਸਰੂਪ ਲੋਕ-ਅਖਾਣ ਜਾਂ ਕਹਾਵਤਾਂ ਹੈ। ਮੁਹਾਵਰੇ ਤੇ ਅਖਾਣ ਕਿਸੇ ਵੀ ਕੌਮ ਦੇ ਸੱਭਿਆਚਾਰਿਕ ਵਿਰਸੇ ਨੂੰ ਇਸ ਤਰ੍ਹਾਂ ਸੂਤਰਿਕ ਢੰਗ ਨਾਲ਼ ਸੰਭਾਲ਼ ਕੇ ਰੱਖਦੇ ਹਨ, ਜਿਵੇਂ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਗਿਆ ਹੋਵੇ। ਬੱਚਿਆਂ ਦੇ ਗਿਆਨ ਦੇ ਪੱਧਰ ਨੂੰ ਦੇਖਦੇ ਹੋਏ, ਹੇਠਾਂ ਕੁਝ ਚੋਣਵੇਂ ਮੁਹਾਵਰੇ ਅਤੇ ਅਖਾਣ ਅੰਕਿਤ ਕੀਤੇ ਗਏ ਹਨ। ਵਿਦਿਆਰਥੀ ਇਹਨਾਂ ਨੂੰ ਪੜ੍ਹਨ, ਸਮਝਣ ਅਤੇ ਇਹਨਾਂ ਦੀ ਯੋਗ ਵਰਤੋਂ ਕਰਨੀ ਸਿੱਖਣ।

## (ੳ)

1. **ਉਸਤਾਦੀ ਕਰਨੀ- (ਚਲਾਕੀ ਕਰਨੀ)** ਸਾਨੂੰ ਕਦੇ ਵੀ ਸਾਊ ਲੋਕਾਂ ਨਾਲ਼ ਉਸਤਾਦੀ ਨਹੀਂ ਕਰਨੀ ਚਾਹੀਦੀ।

ਜਾਂ

ਉਸਤਾਦੀ ਕਰਕੇ ਆਪਣੇ ਕੰਮ ਕਢਵਾਉਣੇ ਮਾੜੀ ਗੱਲ ਹੈ।

2. **ਉੱਲੂ ਬੋਲਣੇ - (ਸੁੰਨਸਾਨ ਹੋਣਾ ਜਾਂ ਉਜਾੜ ਹੋਣਾ)** ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਘਰਾਂ ਵਿੱਚ ਉੱਲੂ ਬੋਲਦੇ ਹਨ।
3. **ਉਂਗਲ਼ਾਂ 'ਤੇ ਨਚਾਉਣਾ- (ਕਿਸੇ ਨੂੰ ਵੱਸ ਵਿੱਚ ਰੱਖਣਾ)** ਸੁਲਤਾਨਾ ਸਭ ਨੂੰ ਆਪਣੀਆਂ ਉਂਗਲ਼ਾਂ 'ਤੇ ਨਚਾਉਣਾ ਜਾਣਦੀ ਹੈ।
4. **ਉੱਚਾ-ਨੀਵਾਂ ਬੋਲਣਾ- (ਨਿਰਾਦਰ ਕਰਨਾ)** ਸਿਆਣੇ ਬੱਚੇ ਆਪਣੇ ਤੋਂ ਵੱਡਿਆਂ ਸਾਮ੍ਹਣੇ ਕਦੇ ਵੀ ਉੱਚਾ-ਨੀਵਾਂ ਨਹੀਂ ਬੋਲਦੇ।
5. **ਉੱਲੂ ਸਿੱਧਾ ਕਰਨਾ- (ਮਤਲਬ ਕੱਢਣਾ)** ਸੁਆਰਥੀ ਲੋਕ ਆਪਣਾ ਉੱਲੂ ਸਿੱਧਾ ਕਰਕੇ ਤੁਰਦੇ ਬਣਦੇ ਹਨ।
6. **ਉੱਘ-ਸੁੱਘ ਨਾ ਮਿਲ਼ਨਾ- (ਪਤਾ ਨਾ ਲੱਗਣਾ)** ਗਿਆਨ ਸਿੰਘ ਦੇ ਗੁਆਚੇ ਹੋਏ ਪੁੱਤਰ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲ਼ੀ।
7. **ਉੱਨੀ-ਇੱਕੀ ਦਾ ਫ਼ਰਕ ਹੋਣਾ- (ਬਹੁਤ ਥੋੜ੍ਹਾ ਫ਼ਰਕ)** ਅੰਬਰ ਤੇ ਮਨੀ ਬੇਸ਼ੱਕ ਜੌੜੀਆਂ ਭੈਣਾਂ ਹਨ ਪਰ ਉਹਨਾਂ ਦੇ ਸੁਭਾਅ 'ਚ ਉੱਨੀ-ਇੱਕੀ ਦਾ ਫ਼ਰਕ ਤਾਂ ਹੈ।
8. **ਉੱਸਲ਼ਵੱਟੇ ਭੰਨਣੇ- (ਸੁਸਤੀ ਵਿੱਚ ਪਾਸੇ ਮਾਰਨਾ)** ਰਾਜੂ! ਐਵੇਂ ਉੱਸਲ਼ਵੱਟੇ ਨਾ ਭੰਨੀ ਜਾ, ਛੇਤੀ ਕੰਮ ਕਰ।

## (ਅ)

9. **ਅਸਮਾਨ ਸਿਰ 'ਤੇ ਚੁੱਕਣਾ- (ਬਹੁਤ ਰੌਲ਼ਾ ਪਾਉਣਾ)** ਅਧਿਆਪਕ ਦੇ ਬਾਹਰ ਜਾਂਦਿਆਂ ਹੀ ਵਿਦਿਆਰਥੀਆਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ।
10. **ਅੱਖਾਂ ਚੁਰਾਉਣਾ- (ਸ਼ਰਮ ਮਹਿਸੂਸ ਕਰਨੀ)** ਕੋਈ ਅਜਿਹਾ ਕੰਮ ਨਾ ਕਰੋ ਜਿਸ ਕਰਕੇ ਆਪਣੇ ਆਪ ਤੋਂ ਹੀ ਅੱਖਾਂ ਚੁਰਾਉਣੀਆਂ ਪੈ ਜਾਣ।

11. **ਅੱਖਾਂ ਵਿੱਚ ਰੜਕਣਾ** - (**ਬੁਰਾ ਲੱਗਣਾ**) ਚੰਗੇ ਇਨਸਾਨ ਹਮੇਸ਼ਾਂ ਗਲਤ ਲੋਕਾਂ ਦੀਆਂ ਅੱਖਾਂ ਵਿੱਚ ਰੜਕਦੇ ਹਨ।

12. **ਅੱਖਾਂ ਉੱਤੇ ਬਿਠਾਉਣਾ**- (**ਆਦਰ ਕਰਨਾ**) ਘਰ ਆਏ ਮਹਿਮਾਨ ਨੂੰ ਅੱਖਾਂ ਉੱਤੇ ਬਿਠਾਉਣਾ ਪੰਜਾਬੀਆਂ ਦੀ ਖ਼ਾਸੀਅਤ ਹੈ।

13. **ਅਕਲ ਦਾ ਵੈਰੀ**- (**ਮੂਰਖ**) ਅਜੀਤ ਤਾਂ ਅਕਲ ਦਾ ਵੈਰੀ ਹੈ। ਕਦੇ ਕੋਈ ਸਮਝਦਾਰੀ ਦੀ ਗੱਲ ਹੀ ਨਹੀਂ ਕਰਦਾ।

14. **ਅੱਖਾਂ ਵਿੱਚ ਘੱਟਾ ਪਾਉਣਾ**- (**ਧੋਖਾ ਦੇਣਾ**) ਚੋਰ ਸਿਪਾਹੀ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਭੱਜ ਗਿਆ।

15. **ਅੱਖਾਂ ਮੀਟ ਜਾਣਾ** - (**ਮਰ ਜਾਣਾ**) ਗੀਤਾ ਪੰਜ ਸਾਲ ਦੀ ਸੀ ਜਦੋਂ ਉਸ ਦੇ ਪਿਤਾ ਜੀ ਅੱਖਾਂ ਮੀਟ ਗਏ।

16. **ਅੱਖਾਂ ਫੇਰ ਲੈਣੀਆਂ**- (**ਦੋਸਤੀ ਛੱਡ ਦੇਣੀ**) ਸੁਆਰਥੀ ਮਿੱਤਰ ਮੁਸੀਬਤ ਵੇਲ਼ੇ ਅੱਖਾਂ ਫੇਰ ਲੈਂਦੇ ਹਨ।

17. **ਅੱਡੀ-ਚੋਟੀ ਦਾ ਜ਼ੋਰ ਲਾਉਣਾ**- (**ਬਹੁਤ ਮਿਹਨਤ ਕਰਨੀ**) ਮਿਹਨਤੀ ਵਿਦਿਆਰਥੀ ਪਰੀਖਿਆ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ।

18. **ਅੰਗ ਪਾਲਨਾ**- (**ਸਹਾਈ ਹੋਣਾ**) ਭਗਵਾਨ ਕ੍ਰਿਸ਼ਨ ਨੇ ਗ਼ਰੀਬ ਸੁਦਾਮੇ ਦੀ ਦੋਸਤੀ ਦਾ ਅੰਗ ਪਾਲ਼ਿਆ।

19. **ਅਲਖ ਮਕਾਉਣਾ**- (**ਮਾਰ ਦੇਣਾ**) ਬਹਾਦਰ ਲੋਕ ਵੈਰੀਆਂ ਦੀ ਅਲਖ ਮੁਕਾ ਕੇ ਹੀ ਦਮ ਲੈਂਦੇ ਹਨ।

20. **ਅੰਗੂਠਾ ਦਿਖਾਉਣਾ**- (**ਇਨਕਾਰ ਕਰਨਾ**) ਜਦੋਂ ਮੈਂ ਅੰਮ੍ਰਿਤ ਤੋਂ ਉਧਾਰ ਦਿੱਤੇ ਪੈਸੇ ਮੰਗੇ ਤਾਂ ਉਸ ਨੇ ਅੰਗੂਠਾ ਦਿਖਾ ਦਿੱਤਾ।

21. **ਇੱਕ ਅੱਖ ਨਾਲ਼ ਵੇਖਣਾ**- (**ਸਭ ਨੂੰ ਬਰਾਬਰ ਸਮਝਣਾ**) ਮਾਂ ਆਪਣੇ ਸਾਰੇ ਬੱਚਿਆਂ ਨੂੰ ਇੱਕ ਅੱਖ ਨਾਲ਼ ਵੇਖਦੀ ਹੈ।

22. **ਇੱਕ-ਮੁੱਠ ਹੋਣਾ**- (**ਏਕਤਾ ਹੋਣੀ**) ਸਾਨੂੰ ਵਿਦੇਸ਼ੀ ਹਮਲਿਆਂ ਦਾ ਇੱਕ-ਮੁੱਠ ਹੋ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

23. **ਇੱਟ ਨਾਲ਼ ਇੱਟ ਖੜਕਾਉਣੀ**- (**ਤਬਾਹੀ ਮਚਾਉਣੀ**) ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ ਸੀ।

24. **ਈਦ ਦਾ ਚੰਦ ਹੋਣਾ**- (**ਬਹੁਤ ਚਿਰ ਬਾਅਦ ਮਿਲ਼ਨਾ**) ਪਿੰਕੀ, ਤੂੰ ਤਾਂ ਈਦ ਦਾ ਚੰਦ ਹੀ ਹੋ ਗਈ ਏਂ, ਕਦੇ ਮਿਲ਼ਦੀ ਹੀ ਨਹੀਂ।

25. **ਈਨ ਮੰਨਣੀ**- (**ਹਾਰ ਮੰਨਣੀ**) ਹਰਨਾਖਸ਼ ਦੇ ਆਪਣੇ ਪੁੱਤਰ ਪ੍ਰਹਿਲਾਦ ਨੇ ਉਸ ਦੀ ਈਨ ਨਾ ਮੰਨੀ।

26. **ਸੱਤੀਂ ਕੱਪੜੀਂ ਅੱਗ ਲੱਗਣੀ**- (**ਬਹੁਤ ਗ਼ੁੱਸੇ ਵਿੱਚ ਹੋਣਾ**) ਆਪਣੀ ਬੁਰਾਈ ਸੁਣਦਿਆਂ ਹੀ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ।

27. **ਸਰ ਕਰਨਾ**- (**ਜਿੱਤ ਲੈਣਾ**) ਹਰੀ ਸਿੰਘ ਨਲੂਏ ਨੇ ਜਦੋਂ ਜਮਰੌਦ ਦਾ ਕਿਲ੍ਹਾ ਸਰ ਕਰ ਲਿਆ ਤਾਂ ਮਹਾਰਾਜਾ ਰਣਜੀਤ ਸਿੰਘ ਉਸ 'ਤੇ ਬਹੁਤ ਖ਼ੁਸ਼ ਹੋਏ ਸਨ।

28. **ਸਾਹ ਸੁੱਕਣਾ** - (**ਡਰ ਜਾਣਾ**) ਬਿਨਾਂ ਹੈੱਲਮਿਟ ਤੋਂ ਮੋਟਰ-ਸਾਈਕਲ ਚਲਾਉਂਦਿਆਂ ਪੁਲਿਸ-ਨਾਕਾ ਵੇਖ ਕੇ ਰਮੇਸ਼ ਦੇ ਸਾਹ ਸੁੱਕ ਗਏ।

29. **ਸਿਰ ਫੇਰਨਾ- (ਇਨਕਾਰ ਕਰਨਾ)** ਜਦੋਂ ਮੈਂ ਲੋੜ ਪੈਣ 'ਤੇ ਨਿਤਾਸ਼ਾ ਤੋਂ ਪੈਸੇ ਮੰਗੇ ਤਾਂ ਉਸ ਨੇ ਸਿਰ ਫੇਰ ਦਿੱਤਾ।

30. **ਸਿਰ-ਪੈਰ ਨਾ ਹੋਣਾ- (ਬਿਲਕੁਲ ਝੂਠ)** ਕਮਲੇਸ਼ ਦੀ ਗੱਲ ਸਮਝ ਨਹੀਂ ਆਉਂਦੀ ਕਿਉਂਕਿ ਉਸ ਦੀ ਗੱਲ ਦਾ ਕੋਈ ਸਿਰ-ਪੈਰ ਹੀ ਨਹੀਂ ਹੁੰਦਾ।

31. **ਸਿਰ 'ਤੇ ਪੈਣੀ - (ਔਕੜ ਆ ਪੈਣੀ)** ਪਿਤਾ ਦੀ ਮੌਤ ਤੋਂ ਬਾਅਦ ਸਾਰੇ ਪਰਿਵਾਰ ਦੀ ਜ਼ੁੰਮੇਵਾਰੀ ਵਿਚਾਰੇ ਸਤੀਸ਼ ਦੇ ਸਿਰ ਉੱਤੇ ਪੈ ਗਈ।

32. **ਸਿਰ-ਧੜ ਦੀ ਬਾਜ਼ੀ ਲਾਉਣਾ- (ਮਰਨ ਲਈ ਤਿਆਰ ਹੋਣਾ)** ਪੰਜਾਬੀ ਹੋਣ ਜਾਂ ਮਰਹੱਟੇ ਜਾਂ ਰਾਜਪੂਤ ਦੁਸ਼ਮਣ ਨਾਲ਼ ਸਿਰ-ਧੜ ਦੀ ਬਾਜ਼ੀ ਲਾ ਕੇ ਲੜਦੇ ਹਨ।

33. **ਹੱਥ-ਪੈਰ ਮਾਰਨਾ- (ਕੋਸ਼ਸ਼ ਕਰਨਾ)** ਨਰੇਸ਼ ਨੇ ਨੌਕਰੀ ਲੈਣ ਲਈ ਬਹੁਤ ਹੱਥ-ਪੈਰ ਮਾਰੇ ਪਰ ਉਸ ਨੂੰ ਕਿਤੇ ਵੀ ਨੌਕਰੀ ਨਾ ਮਿਲ਼ੀ।

34. **ਹਰਨ ਹੋ ਜਾਣਾ- (ਦੌੜ ਜਾਣਾ)** ਪੁਲਿਸ ਨੂੰ ਦੇਖ ਕੇ ਚੋਰ ਹਰਨ ਹੋ ਗਿਆ।

35. **ਹੱਥ ਅੱਡਣਾ- (ਮੰਗਣਾ)** ਅਣਖੀਲਾ ਇਨਸਾਨ ਕਦੇ ਕਿਸੇ ਅੱਗੇ ਹੱਥ ਨਹੀਂ ਅੱਡਦਾ।

36. **ਹੱਥ ਵਟਾਉਣਾ- (ਮਦਦ ਕਰਨਾ)** ਸਕੂਲੋਂ ਜਾ ਕੇ ਰਮੇਸ਼ ਦੁਕਾਨ 'ਤੇ ਆਪਣੇ ਪਿਤਾ ਜੀ ਨਾਲ਼ ਹੱਥ ਵਟਾਉਂਦਾ ਹੈ।

37. **ਹੱਥੀਂ ਛਾਂਵਾਂ ਕਰਨੀਆਂ- (ਅਸ਼ੀਰਵਾਦ ਦੇਣਾ)** ਸਾਡੇ ਸਮਾਜ ਵਿੱਚ ਸੱਸਾਂ ਆਪਣੇ ਜਵਾਈਆਂ ਨੂੰ ਹੱਥੀਂ ਛਾਂਵਾਂ ਕਰਦੀਆਂ ਹਨ।

38. **ਹੱਥ ਤੰਗ ਹੋਣਾ- (ਗ਼ਰੀਬੀ ਹੋਣੀ)** ਮਹਿੰਗਾਈ ਕਾਰਨ ਚੰਗੀ ਤਨਖ਼ਾਹ ਲੈਣ ਵਾਲ਼ਿਆਂ ਦਾ ਵੀ ਹੱਥ ਤੰਗ ਹੀ ਰਹਿੰਦਾ ਹੈ।

39. **ਹੱਥ ਪੀਲ਼ੇ ਕਰਨਾ- (ਵਿਆਹ ਕਰਨਾ)** ਸ਼ਾਮ ਲਾਲ ਨੂੰ ਆਪਣੀ ਧੀ ਦੇ ਹੱਥ ਪੀਲ਼ੇ ਕਰਨ ਦੀ ਚਿੰਤਾ ਲੱਗੀ ਰਹਿੰਦੀ ਹੈ।

40. **ਕੰਨ ਕੁਤਰਨੇ - (ਠੱਗ ਲੈਣਾ)** ਚਲਾਕ ਲੋਕ ਵੱਡਿਆਂ-ਵੱਡਿਆਂ ਦੇ ਕੰਨ ਕੁਤਰ ਦਿੰਦੇ ਹਨ।

41. **ਕੰਨਾਂ ਨੂੰ ਹੱਥ ਲਗਾਉਣਾ- (ਤੋਬਾ ਕਰਨੀ)** ਜਗਸੀਰ ਨੇ ਜਦੋਂ ਸ਼ਰਾਬ ਨਾ ਪੀਣ ਤੋਂ ਕੰਨਾਂ ਨੂੰ ਹੱਥ ਲਾ ਲਏ ਤਾਂ ਪਰਿਵਾਰ ਨੇ ਸ਼ੁਕਰ ਮਨਾਇਆ।

42. **ਕਲਮ ਦਾ ਧਨੀ- (ਸਫਲ ਲੇਖਕ)** ਭਾਈ ਵੀਰ ਸਿੰਘ ਜੀ ਕਲਮ ਦੇ ਧਨੀ ਸਨ।

43. **ਕੰਨਾਂ 'ਤੇ ਜੂੰ ਨਾ ਸਰਕਣੀ - (ਕੋਈ ਅਸਰ ਨਾ ਹੋਣਾ)** ਸਮੀਰ ਦੀ ਮਾਂ ਨੇ ਉਸ ਨੂੰ ਬੁਰੀ ਸੰਗਤ ਕਰਨ ਤੋਂ ਰੋਕਿਆ ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ।

44. **ਕੰਨੀ ਕਤਰਾਉਣਾ- (ਜੀਅ ਚੁਰਾਉਣਾ)** ਜੇ ਸਫਲਤਾ ਹਾਸਲ ਕਰਨੀ ਹੈ ਤਾਂ ਮਿਹਨਤ ਤੋਂ ਕੰਨੀਂ ਨਹੀਂ ਕਤਰਾਉਣੀ ਚਾਹੀਦੀ।

45. **ਖੁੰਬ ਠੱਪਣੀ - (ਬਹੁਤ ਕੁੱਟਣਾ ਚੰਗੀ ਤਰ੍ਹਾਂ ਨਿਪਟਣਾ)** ਲੋਕਾਂ ਨੂੰ ਲਾਰੇ ਲਾ ਕੇ ਵੋਟਾਂ ਮੰਗਣ ਵਾਲ਼ਿਆਂ ਦੀ, ਲੋਕਾਂ ਨੇ ਭੇਤ ਖੋਲ੍ਹ ਕੇ ਭਰੇ ਜਲਸੇ ਵਿੱਚ ਖੁੰਬ ਠੱਪ ਦਿੱਤੀ।

46. **ਖ਼ੂਨ ਖੌਲਣਾ - (ਗ਼ੁੱਸਾ ਆਉਣਾ)** ਬੇਇਨਸਾਫ਼ੀ ਹੁੰਦੀ ਵੇਖ ਮੇਰਾ ਖ਼ੂਨ ਖੌਲ ਉੱਠਦਾ ਹੈ।

47. **ਖਿਚੜੀ ਪਕਾਉਣੀ**- (**ਸਲਾਹਾਂ ਕਰਨੀਆਂ**) ਸੀਤਾ ਅਤੇ ਗੀਤਾ, ਸੁਨੀਤਾ ਦੇ ਖ਼ਿਲਾਫ਼ ਹਰ ਵੇਲ਼ੇ ਪਤਾ ਨਹੀਂ ਕੀ ਖਿਚੜੀ ਪਕਾਉਂਦੀਆਂ ਰਹਿੰਦੀਆਂ ਹਨ।

48. **ਖੰਡ-ਖੀਰ ਹੋਣਾ**- (**ਇੱਕ-ਮਿੱਕ ਹੋਣਾ**) ਜਦੋਂ ਘਰ ਵਿੱਚ ਸੱਸ ਅਤੇ ਨੂੰਹ ਖੰਡ-ਖੀਰ ਹੋ ਕੇ ਰਹਿੰਦੀਆਂ ਹਨ ਤਾਂ ਸਭ ਨੂੰ ਚੰਗਾ ਲੱਗਦਾ ਹੈ।

49. **ਖੇਰੂੰ-ਖੇਰੂੰ ਹੋਣਾ**- (**ਨਿੱਖੜ ਜਾਣਾ**) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਦਰੂਨੀ ਸਾਜ਼ਸ਼ਾਂ ਅਤੇ ਅੰਗਰੇਜ਼ਾਂ ਦੀ ਕੂਟਨੀਤੀ ਕਾਰਨ ਸਿੱਖ ਰਾਜ ਖੇਰੂੰ-ਖੇਰੂੰ ਹੋ ਗਿਆ।

50. **ਖਾਰ ਖਾਣੀ**- (**ਈਰਖਾ ਕਰਨੀ**) ਕਿਸੇ ਦੀ ਤਰੱਕੀ ਹੁੰਦੀ ਦੇਖ ਕੇ ਸਾਨੂੰ ਖਾਰ ਨਹੀਂ ਖਾਣੀ ਚਾਹੀਦੀ।

51. **ਖਿੱਲੀ ਉਡਾਉਣਾ**- (**ਮਜ਼ਾਕ ਉਡਾਉਣਾ**) ਸਾਨੂੰ ਬਿਨਾਂ ਵਜ੍ਹਾ ਕਿਸੇ ਦੀ ਖਿੱਲੀ ਨਹੀਂ ਉਡਾਉਣੀ ਚਾਹੀਦੀ।

52. **ਗਲ਼ ਪੈਣਾ** - (**ਲੜਨਾ**) ਬੀਬੀ ! ਐਂਵੇਂ ਹੀ ਗਲ਼ ਨਾ ਪੈ, ਸਿਆਣੀ ਬਣ।

53. **ਗਲ਼ਾ ਭਰ ਆਉਣਾ**- (**ਅੱਥਰੂ ਆ ਜਾਣੇ**) ਸੁਨਾਮੀ ਤੋਂ ਪ੍ਰਭਾਵਿਤ ਲੋਕਾਂ ਦੇ ਦੁਖੜੇ ਸੁਣ ਕੇ ਮੇਰਾ ਗਲ਼ਾ ਭਰ ਆਇਆ।

54. **ਗੋਦੜੀ ਦਾ ਲਾਲ** - (**ਗੁੱਝਾ ਗੁਣਵਾਨ**) ਲਾਲ ਬਹਾਦਰ ਸ਼ਾਸ਼ਤਰੀ ਗੋਦੜੀ ਦੇ ਲਾਲ ਸਨ।

55. **ਗੁੱਡੀ ਚੜ੍ਹਨੀ**- (**ਮਾਣ-ਇੱਜ਼ਤ ਵਧਣਾ**) ਫ਼ਿਲਮੀ ਖੇਤਰ ਵਿੱਚ ਅੱਜ-ਕੱਲ੍ਹ ਸ਼ਾਹਰੁਖ਼ ਖ਼ਾਨ ਦੀ ਗੁੱਡੀ ਚੜ੍ਹੀ ਹੋਈ ਹੈ।

56. **ਗਲ਼ ਪਿਆ ਢੋਲ ਵਜਾਉਣਾ**- (**ਨਾਪਸੰਦ ਕੰਮ ਕਰਨਾ ਪੈਣਾ**) ਜੋ ਵੀ ਕੰਮ ਕਰੀਏ, ਰੂਹ ਨਾਲ਼ ਕਰੀਏ, ਐਵੇਂ ਗਲ਼ ਪਿਆ ਢੋਲ ਵਜਾਉਣ ਦਾ ਕੋਈ ਲਾਭ ਨਹੀਂ।

57. **ਘਿਓ ਦੇ ਦੀਵੇ ਬਾਲ਼ਨੇ**- (**ਖ਼ੁਸ਼ੀ ਮਨਾਉਣੀ**) ਰਾਹੁਲ ਜਦੋਂ ਸੱਤ ਸਾਲ ਵਿਦੇਸ਼ ਰਹਿ ਕੇ ਘਰ ਪਰਤਿਆ ਤਾਂ ਉਸ ਦੇ ਮਾਤਾ-ਪਿਤਾ ਨੇ ਘਿਓ ਦੇ ਦੀਵੇ ਬਾਲ਼ੇ।

58. **ਘੋੜੇ ਵੇਚ ਕੇ ਸੌਣਾ**- (**ਬੇਫ਼ਿਕਰ ਹੋ ਕੇ ਸੌਣਾ**) ਵਿਦਿਆਰਥੀ ਸਲਾਨਾ ਪੇਪਰ ਖ਼ਤਮ ਹੋਣ ਤੋਂ ਬਾਅਦ ਜਾਣੋ ਘੋੜੇ ਵੇਚ ਕੇ ਸੌਂਦੇ ਹਨ।

59. **ਘਰ ਕਰਨਾ** - (**ਦਿਲ 'ਚ ਬੈਠ ਜਾਣਾ**) ਦੇਸ ਦੀ ਵੰਡ ਦਾ ਦੁੱਖ ਅਨੇਕਾਂ ਪੰਜਾਬੀਆਂ ਦੇ ਦਿਲ ਵਿੱਚ ਘਰ ਕਰ ਗਿਆ।

60. **ਚਾਂਦੀ ਦੀ ਜੁੱਤੀ ਮਾਰਨਾ**- (**ਰਿਸ਼ਵਤ ਦੇਣੀ**) ਉਮੀਦ ਕਰਦੇ ਹਾਂ ਕਿ ਭਾਰਤ ਵਿੱਚ ਛੇਤੀ ਹੀ ਉਹ ਦਿਨ ਆ ਜਾਵੇਗਾ ਜਦੋਂ ਕਿਸੇ ਨੂੰ ਆਪਣਾ ਕੰਮ ਕਰਵਾਉਣ ਲਈ ਚਾਂਦੀ ਦੀ ਜੁੱਤੀ ਨਹੀਂ ਮਾਰਨੀ ਪਵੇਗੀ।

61. **ਚਰਨ ਧੋ ਕੇ ਪੀਣਾ** - (**ਬਹੁਤ ਆਦਰ ਕਰਨਾ**) ਅਨੇਕਾਂ ਵਿਦਿਆਰਥੀਆਂ ਦੇ ਜੀਵਨ ਵਿੱਚ ਗਿਆਨ ਦੀ ਜੋਤੀ ਜਗਾਉਣ ਵਾਲ਼ੇ ਅਧਿਆਪਕ ਦੇ ਤਾਂ ਚਰਨ ਧੋ ਕੇ ਪੀਣ ਨੂੰ ਜੀਅ ਕਰਦਾ ਹੈ।

62. **ਚਾਦਰ ਦੇਖ ਕੇ ਪੈਰ ਪਸਾਰਨੇ** - (**ਆਮਦਨ ਅਨੁਸਾਰ ਖ਼ਰਚ ਕਰਨਾ**) ਜੇਕਰ ਚਾਦਰ ਦੇਖ ਕੇ ਹੀ ਪੈਰ ਪਸਾਰੋਗੇ, ਬਾਅਦ ਵਿੱਚ ਔਖੇ ਨਹੀਂ ਹੋਵੋਗੇ।

63. **ਛੱਕੇ ਛੁਡਾਉਣੇ**- (**ਹਰਾਉਣਾ**) ਕਾਰਗਿਲ ਦੀ ਲੜਾਈ ਵਿੱਚ ਭਾਰਤੀ ਫ਼ੌਜਾਂ ਨੇ ਪਾਕਿਸਤਾਨੀ ਫ਼ੌਜ ਦੇ ਛੱਕੇ ਛੁਡਾ ਦਿੱਤੇ।

64. **ਛਿੱਲ ਲਾਹੁਣੀ**- (**ਲੁੱਟ ਲੈਣਾ**) ਚਲਾਕ ਦੁਕਾਨਦਾਰ ਭੋਲ਼ੇ-ਭਾਲ਼ੇ ਗਾਹਕਾਂ ਦੀ ਛਿੱਲ ਲਾਹੁਣ ਤੋਂ ਨਹੀਂ ਝਿਜਕਦੇ।

65. **ਛਾਤੀ ਨਾਲ਼ ਲਾਉਣਾ**- (**ਪਿਆਰ ਕਰਨਾ**) ਵਿਦੇਸ਼ਾਂ ਵਿੱਚ ਕਈ ਸਾਲਾਂ ਤੀਕ ਧੱਕੇ ਖਾਣ ਪਿੱਛੋਂ ਕਰਤਾਰ ਜਦੋਂ ਘਰ ਪਰਤਿਆ ਤਾਂ ਮਾਪਿਆਂ ਨੇ ਉਸ ਨੂੰ ਛਾਤੀ ਨਾਲ਼ ਲਾ ਲਿਆ।

66. **ਜਾਨ 'ਤੇ ਖੇਡਣਾ**- (**ਜਾਨ ਵਾਰਨੀ**) ਸ਼ਹੀਦ ਭਗਤ ਸਿੰਘ ਆਪਣੇ ਦੇਸ ਦੀ ਆਨ ਲਈ ਆਪਣੀ ਜਾਨ 'ਤੇ ਖੇਡ ਗਏ।

67. **ਜ਼ੁਬਾਨ ਦੇਣੀ** - (**ਇਕਰਾਰ ਕਰਨਾ**) ਜਦੋਂ ਕਿਸੇ ਨੂੰ ਜ਼ੁਬਾਨ ਦਿਓ ਤਾਂ ਉਸ ਨੂੰ ਹਰ ਹਾਲਤ ਵਿੱਚ ਨਿਭਾਉਣ ਦਾ ਜਤਨ ਕਰੋ।

68. **ਜ਼ੁਬਾਨ ਫੇਰ ਲੈਣੀ**- (**ਮੁੱਕਰ ਜਾਣਾ**) ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ਼ ਅਨੰਦਪੁਰ ਦਾ ਕਿਲ੍ਹਾ ਛੱਡਣ ਲਈ ਬੜੇ ਇਕਰਾਰ ਕੀਤੇ ਪਰ ਗੁਰੂ ਜੀ ਦੇ ਕਿਲ੍ਹੇ ਤੋਂ ਬਾਹਰ ਨਿਕਲ਼ਦਿਆਂ ਹੀ ਉਹਨਾਂ ਨੇ ਜ਼ੁਬਾਨ ਫੇਰ ਲਈ।

69. **ਟਕੇ ਵਰਗਾ ਜਵਾਬ ਦੇਣਾ**- (**ਕੋਰਾ ਇਨਕਾਰ ਕਰਨਾ**) ਮੈਂ ਜੋਤੀ ਤੋਂ ਕੁਝ ਪੈਸੇ ਉਧਾਰ ਮੰਗੇ ਪਰ ਉਸ ਨੇ ਮੈਨੂੰ ਟਕੇ ਵਰਗਾ ਜਵਾਬ ਦੇ ਦਿੱਤਾ।

70. **ਟੱਸ ਤੋਂ ਮੱਸ ਨਾ ਹੋਣਾ**- (**ਕੋਈ ਅਸਰ ਨਾ ਹੋਣਾ**) ਗ਼ਰੀਬ ਔਰਤ ਨੇ ਪੁਲਿਸ ਅਫ਼ਸਰ ਅੱਗੇ ਆਪਣੇ ਨਿਰਦੋਸ਼ ਪੁੱਤਰ ਲਈ ਬਹੁਤ ਮਿੰਨਤਾਂ ਕੀਤੀਆਂ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

71. **ਟਾਲ਼-ਮਟੋਲ਼ ਕਰਨਾ**- (**ਬਹਾਨੇ ਬਣਾਉਣੇ**) ਏਜੰਟ ਬਲਬੀਰ ਤੋਂ ਪੈਸੇ ਲੈ ਕੇ ਉਸ ਨੂੰ ਵਿਦੇਸ਼ ਤਾਂ ਭੇਜ ਨਹੀਂ ਸਕਿਆ ਪਰ ਹੁਣ ਉਹ ਉਸ ਦੇ ਪੈਸੇ ਮੋੜਨ ਤੋਂ ਵੀ ਟਾਲ਼-ਮਟੋਲ਼ ਕਰ ਰਿਹਾ ਹੈ।

72. **ਠੰਢੀਆਂ ਛਾਂਵਾਂ**- (**ਸੁੱਖ ਮਾਣਨਾ**) ਮਾਪੇ ਆਪਣੀ ਉਲ਼ਾਦ ਲਈ ਇਹੋ ਕਾਮਨਾ ਕਰਦੇ ਹਨ ਕਿ ਉਹ ਸਦਾ ਠੰਢੀਆਂ ਛਾਂਵਾਂ ਮਾਣੇ।

73. **ਡਕਾਰ ਜਾਣਾ**- (**ਹਜ਼ਮ ਕਰ ਜਾਣਾ**) ਮਹਿੰਦਰ ਦਾ ਲਾਲਚੀ ਭਰਾ ਉਸ ਨਾਲ਼ ਧੋਖਾ ਕਰਕੇ, ਉਸ ਦੇ ਹਿੱਸੇ ਦੀ ਸਾਰੀ ਜਾਇਦਾਦ ਡਕਾਰ ਗਿਆ।

74. **ਢੇਰੀ ਢਾਹੁਣੀ**- (**ਹਿੰਮਤ ਹਾਰਨਾ**) ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਨੇ, ਢੇਰੀ ਢਾਹਿਆਂ ਕੁਝ ਨਹੀ ਬਣਦਾ।

75. **ਢਿੱਡ ਵਿੱਚ ਚੂਹੇ ਨੱਚਣਾ**- (**ਬਹੁਤ ਭੁੱਖ ਲੱਗਣੀ**) ਭੁੱਖ ਨਾਲ਼ ਮੇਰੇ ਢਿੱਡ ਵਿੱਚ ਚੂਹੇ ਨੱਚ ਰਹੇ ਹਨ, ਮੈਨੂੰ ਕੁਝ ਖਾਣ ਲਈ ਚਾਹੀਦਾ ਹੈ।

76. **ਤੀਰ ਹੋ ਜਾਣਾ**- (**ਭੱਜ ਜਾਣਾ**) ਚੋਰ ਪੁਲਿਸ ਨੂੰ ਆਉਂਦਿਆਂ ਵੇਖ ਕੇ ਤੀਰ ਹੋ ਗਿਆ।

77. **ਤੱਤੀ 'ਵਾ ਨਾ ਲੱਗਣੀ** - (**ਕੋਈ ਦੁੱਖ ਨਾ ਹੋਣਾ**) ਮਾਂ-ਬਾਪ ਦੀ ਆਪਣੀ ਉਲ਼ਾਦ ਲਈ ਇਹੋ ਅਰਦਾਸ ਹੁੰਦੀ ਹੈ ਕਿ ਉਹਨਾਂ ਨੂੰ ਕਦੇ ਵੀ ਤੱਤੀ 'ਵਾ ਨਾ ਲੱਗੇ।

78. **ਤ੍ਰਾਹ ਨਿਕਲ਼ਨਾ** - (**ਡਰ ਜਾਣਾ**) ਵਿਹੜੇ ਵਿੱਚ ਖੜ੍ਹੀ ਕੀਤੀ ਹੋਈ ਆਪਣੀ ਨਵੀਂ ਕਾਰ ਨੂੰ ਸਵੇਰੇ ਉੱਥੇ ਨਾ ਦੇਖ ਕੇ ਸਾਡਾ ਤ੍ਰਾਹ ਨਿਕਲ਼ ਗਿਆ।

79. **ਤਖ਼ਤਾ ਉਲਟਾਉਣਾ**- (ਇਨਕਲਾਬ ਲਿਆਉਣਾ) ਮੁਗ਼ਲ ਬਾਦਸ਼ਾਹ ਆਪਣੀ ਹਕੂਮਤ ਦਾ ਤਖ਼ਤਾ ਉਲਟਾਉਣ ਦੀ ਕੋਸ਼ਸ਼ ਕਰਨ ਵਾਲ਼ਿਆਂ ਨੂੰ ਸਖ਼ਤ ਸਜ਼ਾਵਾਂ ਦਿੰਦੇ ਸਨ।

80 **ਥੁੱਕ ਕੇ ਚੱਟਣਾ- (ਵਾਇਦੇ ਤੋਂ ਮੁੱਕਰਨਾ)** ਅਣਖੀ ਲੋਕ ਕਦੇ ਵੀ ਥੁੱਕ ਕੇ ਨਹੀਂ ਚੱਟਦੇ, ਵਚਨ ਦਿੰਦੇ ਹਨ ਤਾਂ ਨਿਭਾਉਂਦੇ ਵੀ ਹਨ।

81. **ਥਰ-ਥਰ ਕੰਬਣਾ- (ਡਰਨਾ)** ਸ਼ੇਰ ਨੂੰ ਆਪਣੇ ਸਾਮ੍ਹਣੇ ਦੇਖ ਕੇ ਮੀਤ ਥਰ-ਥਰ ਕੰਬਣ ਲੱਗ ਪਿਆ।

82. **ਦਿਨ ਫਿਰਨੇ- (ਭਾਗ ਜਾਗਣੇ)** ਪਰਿਵਾਰ ਦੇ ਸਾਰੇ ਜੀਆਂ ਨੇ ਕਈ ਸਾਲ ਸਖ਼ਤ ਮਿਹਨਤ ਕੀਤੀ ਤਾਂ ਉਹਨਾਂ ਦੇ ਦਿਨ ਫਿਰ ਗਏ।

83. **ਦੰਦ ਪੀਹਣੇ- (ਗੁੱਸੇ ਵਿੱਚ ਆਉਣਾ)** ਪਾਂਡਵ ਭਰਾਵਾਂ ਨੇ ਦੁਰਯੋਧਨ ਦੁਆਰਾ ਦ੍ਰੋਪਤੀ ਦੀ ਬੇਪਤੀ ਹੁੰਦੇ ਵੇਖ ਬੜੇ ਦੰਦ ਪੀਹੇ ਪਰ ਉਹ ਕੁਝ ਵੀ ਨਾ ਕਰ ਸਕੇ।

84. **ਦੰਦ ਖੱਟੇ ਕਰਨੇ- (ਹਰਾ ਦੇਣਾ)** ਮਹਾਰਾਣਾ ਪਰਤਾਪ ਅਤੇ ਉਸ ਦੇ ਸਾਥੀ ਰਾਜਪੂਤਾਂ ਨੇ ਅਕਬਰ ਦੀਆਂ ਫ਼ੌਜਾਂ ਦੇ ਕਈ ਵਾਰੀ ਦੰਦ ਖੱਟੇ ਕੀਤੇ।

85. **ਧੱਕਾ ਕਰਨਾ - (ਅਨਿਆਂ ਕਰਨਾ)** ਚੰਗਾ ਰਾਜ-ਪ੍ਰਬੰਧ ਉਹ ਹੈ ਜਿਸ ਵਿੱਚ ਕਿਸੇ ਗ਼ਰੀਬ ਨਾਲ਼ ਕਦੇ ਵੀ ਧੱਕਾ ਨਹੀਂ ਹੁੰਦਾ।

86. **ਧੌਲ਼ਿਆਂ ਦੀ ਲਾਜ ਰੱਖਣੀ- (ਬਿਰਧ ਜਾਣ ਕੇ ਲਿਹਾਜ਼ ਕਰਨੀ)** ਬਾਬਾ ਜੀ ਨੇ ਆਪਣੇ ਪੋਤਰੇ ਨੂੰ ਕਿਹਾ, 'ਮੇਰੇ ਧੌਲ਼ਿਆਂ ਦੀ ਲਾਜ ਰੱਖੀਂ ਤੇ ਭੁੱਲ ਕੇ ਵੀ ਕਦੇ ਗ਼ਲਤ ਕੰਮ ਨਾ'।

87. **ਨੱਕ ਰੱਖਣਾ- (ਇੱਜ਼ਤ ਰੱਖਣੀ)** ਭਾਰਤੀ ਹਾਕੀ ਟੀਮ ਨੇ ਉਲੰਪਿਕ ਖੇਡਾਂ ਵਿੱਚ ਮੈਡਲ ਜਿੱਤ ਕੇ ਭਾਰਤੀਆਂ ਦਾ ਨੱਕ ਰੱਖ ਲਿਆ।

88. **ਨੱਕ ਰਗੜਨਾ- (ਤਰਲੇ ਮਾਰਨਾ)** ਜਦੋਂ ਰਾਮਾ ਨਕਲ ਕਰਦਾ ਫੜਿਆ ਗਿਆ ਤਾਂ ਉਸ ਨੇ ਸੈਂਟਰ-ਸੁਪਰਡੈਂਟ ਅੱਗੇ ਬਹੁਤ ਨੱਕ ਰਗੜੇ ਪਰ ਸੁਪਰਡੈਂਟ ਨੇ ਉਸ ਨੂੰ ਮਾਫ਼ ਨਾ ਕੀਤਾ।

89. **ਨੱਕ ਚਾੜ੍ਹਨਾ- (ਨਫ਼ਰਤ ਕਰਨੀ)** ਦੂਜਿਆਂ ਦੇ ਗੁਣਾਂ ਨੂੰ ਵੇਖੋ, ਉਹਨਾਂ ਦੀਆਂ ਕਮੀਆਂ ਵੇਖ-ਵੇਖ ਨੱਕ ਨਾ ਚੜ੍ਹਾਓ।

90. **ਨੱਕ 'ਤੇ ਮੱਖੀ ਨਾ ਬਹਿਣ ਦੇਣਾ-** (ਨਖ਼ਰੇ ਕਰਨਾ) ਸਰਬਜੀਤ ਦਾ ਮਿਜ਼ਾਜ ਹੀ ਅਲੱਗ ਹੈ, ਕਦੇ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦੀ।

91. **ਪਾਜ ਖੁੱਲ੍ਹ ਜਾਣਾ- (ਭੇਦ ਖੁੱਲ੍ਹ ਜਾਣਾ)** ਲੁਕ-ਛਿਪ ਕੇ ਵੀ ਬੁਰਾ ਕੰਮ ਨਾ ਕਰੋ ਕਿਉਂਕਿ ਅਜਿਹੇ ਕੰਮ ਦਾ ਪਾਜ ਖੁੱਲ੍ਹਣ ਵਿੱਚ ਦੇਰ ਨਹੀਂ ਲੱਗਦੀ।

92. **ਪਾਪੜ ਵੇਲਣਾ - (ਕਈ ਕੰਮ ਕਰਨੇ)** ਆਮ ਆਦਮੀ ਨੂੰ ਘਰ ਦੇ ਖ਼ਰਚੇ ਪੂਰੇ ਕਰਨ ਲਈ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ।

93. **ਪੁੱਠੀਆਂ ਛਾਲ਼ਾਂ ਮਾਰਨੀਆਂ- (ਬਹੁਤ ਖ਼ੁਸ਼ ਹੋਣਾ)** ਜਦੋਂ ਖਿਡਾਰੀ ਮੈਚ ਜਿੱਤ ਗਏ ਤਾਂ ਉਹ ਪੁੱਠੀਆਂ ਛਾਲ਼ਾਂ ਮਾਰਨ ਲੱਗੇ।

94. **ਪੈਰਾਂ ਹੇਠੋਂ ਜ਼ਮੀਨ ਖਿਸਕਣਾ- (ਘਬਰਾ ਜਾਣਾ)** ਪੁਲਿਸ ਦੀ ਗੱਡੀ ਨੂੰ ਸਾਮ੍ਹਣੇ ਤੋਂ ਆਉਂਦਿਆਂ ਵੇਖ ਕੇ ਸਮਗਲਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

95. **ਫਿੱਕੇ ਪੈਣਾ- (ਸ਼ਰਮਿੰਦੇ ਹੋਣਾ)** ਝੂਠ ਬੋਲ ਕੇ ਵਿਆਹ ਕਰਵਾਉਣ ਵਾਲ਼ੇ ਅੰਤ ਨੂੰ ਫਿੱਕੇ ਪੈਂਦੇ ਹਨ।

96. **ਫੁੱਟੀ ਅੱਖ ਨਾ ਭਾਉਣਾ - (ਨਫ਼ਰਤ ਕਰਨਾ)** ਵੱਢੀਖ਼ੋਰ ਕਿਸੇ ਨੂੰ ਫੁੱਟੀ ਅੱਖ ਨਹੀਂ ਭਾਉਂਦੇ।

97. **ਫੁੱਲੇ ਨਾ ਸਮਾਉਣਾ**- (**ਬਹੁਤ ਖ਼ੁਸ਼ ਹੋਣਾ**) ਮੀਨੂੰ ਆਪਣੀ ਭੈਣ ਦੇ ਪੀ. ਸੀ. ਐੱਸ. ਵਿੱਚ ਚੁਣੇ ਜਾਣ 'ਤੇ ਫੁੱਲੀ ਨਹੀਂ ਸਮਾ ਰਹੀ ਸੀ।

98. **ਬਾਂਹ ਭੱਜਣੀ**- (**ਆਸਰਾ ਟੁੱਟ ਜਾਣਾ**) ਸੰਸਾਰ ਵਿੱਚ ਰੂਸ ਦੇ ਟੁੱਟਣ 'ਤੇ ਭਾਰਤ ਨੂੰ ਆਪਣੀ ਬਾਂਹ ਭੱਜੀ ਪ੍ਰਤੀਤ ਹੋਈ।

99. **ਬੁੱਕਲ ਵਿੱਚ ਮੂੰਹ ਦੇਣਾ** - (**ਸ਼ਰਮਿੰਦਾ ਹੋਣਾ**) ਪਹਿਲਾਂ ਤਾਂ ਸਾਨੂੰ ਚੁਗ਼ਲੀ ਕਰਨੀ ਹੀ ਨਹੀਂ ਚਾਹੀਦੀ, ਬਾਅਦ ਵਿੱਚ ਬੁੱਕਲ ਵਿੱਚ ਮੂੰਹ ਦੇਣ ਦਾ ਕੀ ਫ਼ਾਇਦਾ?

100. **ਭੰਡੀ ਕਰਨੀ**- (**ਬੁਰਾਈ ਕਰਨੀ**) ਨੂੰਹ ਤੇ ਸੱਸ ਦੋਵੇਂ ਚੰਗੀਆਂ ਹਨ, ਕਦੇ ਵੀ ਇੱਕ-ਦੂਜੇ ਦੀ ਭੰਡੀ ਨਹੀਂ ਕਰਦੀਆਂ।

101. **ਮੈਦਾਨ ਮਾਰਨਾ**- (**ਜਿੱਤ ਹਾਸਲ ਕਰਨੀ**) ਸਾਡੇ ਸਕੂਲ ਦੀ ਟੀਮ ਸ਼ੁਰੂ ਤੋਂ ਹੀ ਤਕੜੀ ਸੀ। ਟੂਰਨਾਮੈਂਟ ਵਿੱਚ ਹੋਰ ਸਾਰੇ ਸਕੂਲਾਂ ਤੋਂ ਮੈਦਾਨ ਮਾਰ ਲਿਆ ਹੈ।

102. **ਮੂੰਹ ਦੀ ਖਾਣੀ**- (**ਹਾਰ ਹੋਣੀ**) ਫ਼ਰਾਂਸ ਭਾਰਤ ਉੱਤੇ ਕਬਜ਼ਾ ਕਰਨਾ ਚਾਹੁੰਦਾ ਸੀ ਪਰ ਉਸ ਨੂੰ ਅੰਗਰੇਜ਼ਾਂ ਤੋਂ ਮੂੰਹ ਦੀ ਖਾਣੀ ਪਈ।

103. **ਮੁੱਠੀ ਗਰਮ ਕਰਨੀ**- (**ਰਿਸ਼ਵਤ ਦੇਣੀ**) ਨੌਕਰੀਆਂ ਪ੍ਰਾਪਤ ਕਰਨ ਲਈ ਅਜੇ ਵੀ ਵੱਡੇ ਅਫ਼ਸਰਾਂ ਦੀ ਮੁੱਠੀ ਗਰਮ ਕਰਨੀ ਪੈਂਦੀ ਹੈ।

104. **ਮੱਖਣ ਵਿੱਚੋਂ ਵਾਲ਼ ਵਾਂਗੂੰ ਕੱਢਣਾ**- (**ਅਸਾਨੀ ਨਾਲ ਦੁਸ਼ਮਣ ਨੂੰ ਹਰਾ ਦੇਣਾ**) ਹਰੀ ਨੇ ਧੋਖਾ ਕਰਕੇ ਪਾਲ ਨੂੰ ਆਪਣੇ ਸਾਂਝੇ ਕਾਰੋਬਾਰ ਵਿੱਚੋਂ ਮੱਖਣ ਵਿੱਚੋਂ ਵਾਲ਼ ਵਾਂਗੂੰ ਕੱਢ ਦਿੱਤਾ।

105. **ਯੱਕੜ ਮਾਰਨੇ**- (**ਗੱਪ ਮਾਰਨਾ**) ਸੁਰਜੀਤ ਹਰ ਵਕਤ ਯੱਕੜ ਮਾਰਦਾ ਰਹਿੰਦਾ ਹੈ, ਕੋਈ ਕੰਮ ਦੀ ਗੱਲ ਨਹੀਂ ਕਰਦਾ।

106. **ਰਾਈ ਦਾ ਪਹਾੜ ਬਣਾਉਣਾ** - (**ਵਧਾ-ਚੜ੍ਹਾ ਕੇ ਗੱਲ ਕਰਨੀ**) ਚੰਗੇ ਪੱਤਰਕਾਰ ਕਿਸੇ ਘਟਨਾ ਨੂੰ ਜਿੰਨੀ ਕੁ ਹੁੰਦੀ ਹੈ, ਓਨੀ ਹੀ ਦੱਸਦੇ ਹਨ, ਰਾਈ ਦਾ ਪਹਾੜ ਨਹੀਂ ਬਣਾਉਂਦੇ।

107. **ਰਫ਼ੂ ਚੱਕਰ ਹੋ ਜਾਣਾ**- (**ਦੌੜ ਜਾਣਾ**) ਜੇਬ-ਕਤਰਾ ਮੇਰੀ ਜੇਬ ਕੱਟ ਕੇ ਰਫ਼ੂ-ਚੱਕਰ ਹੋ ਗਿਆ।

108. **ਰੰਗ ਉੱਡ ਜਾਣਾ**- (**ਘਬਰਾ ਜਾਣਾ**) ਇਮਤਿਹਾਨ ਵਿੱਚੋਂ ਫ਼ੇਲ੍ਹ ਹੋਣ ਦੀ ਖ਼ਬਰ ਸੁਣ ਕੇ ਬਿੱਲੂ ਦਾ ਰੰਗ ਉੱਡ ਗਿਆ।

109. **ਲੜ ਫੜਨਾ**- (**ਆਸਰਾ ਲੈਣਾ**) ਸੰਬੰਧੀ ਜਾਂ ਮਿੱਤਰ ਉਹੋ ਹੀ ਵਡਿਆਈਯੋਗ ਹੁੰਦਾ ਹੈ, ਜਿਸ ਦਾ ਭੀੜ ਪੈਣ 'ਤੇ ਤੁਸੀਂ ਲੜ ਫੜ ਸਕੋ।

110. **ਲਹੂ ਪੱਘਰਨਾ**- (**ਪਿਆਰ ਜਾਗ ਪੈਣਾ**) ਅਪਣੀ ਉਲ਼ਾਦ ਲਈ ਮਾਂ-ਬਾਪ ਦਾ ਲਹੂ ਪੱਘਰ ਹੀ ਜਾਂਦਾ ਹੈ, ਚਾਹੇ ਉਹ ਕਸੂਰਵਾਰ ਹੀ ਕਿਉਂ ਨਾ ਹੋਵੇ।

111. **ਲਹੂ ਸੁੱਕਣਾ**- (**ਫ਼ਿਕਰ ਹੋਣਾ**) ਇਮਤਿਹਾਨਾਂ ਦਾ ਅਜਿਹਾ ਹਊਆ ਬਣਿਆ ਹੋਇਆ ਹੈ ਕਿ ਵਿਦਿਆਰਥੀਆਂ ਦਾ ਸਾਰਾ ਸਾਲ ਹੀ ਲਹੂ ਸੁੱਕਦਾ ਰਹਿੰਦਾ ਹੈ।

112. **ਵਾਲ਼ ਵਿੰਗਾ ਨਾ ਹੋਣਾ**- (**ਕੋਈ ਨੁਕਸਾਨ ਨਾ ਹੋਣਾ**) ਦੁਰਘਟਨਾ ਵਿੱਚ ਦੋਹਾਂ ਕਾਰਾਂ ਦਾ ਬਹੁਤ ਨੁਕਸਾਨ ਹੋਇਆ ਪਰ ਸਵਾਰੀਆਂ ਦਾ ਵਾਲ਼ ਵਿੰਗਾ ਨਾ ਹੋਇਆ।

113. **ਵੇਲ਼ੇ ਨੂੰ ਰੋਣਾ**- (**ਪਛਤਾਉਣਾ**) ਜੋ ਲੋਕ ਸਮੇਂ ਦੀ ਕਦਰ ਨਹੀਂ ਕਰਦੇ, ਉਹ ਬੀਤੇ ਵੇਲ਼ੇ ਨੂੰ ਰੋਂਦੇ ਹਨ।

## ਅਖਾਣ

1. **ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ** - (ਇਹ ਅਖਾਣ ਹਰ ਥਾਂ ਮੌਜੂਦ ਰਹਿਣ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ) ਸੁਨੀਲ ਨੂੰ ਸਵੇਰੇ ਮੈਂ ਬਜ਼ਾਰ ਮਿਲਿਆ, ਸ਼ਾਮੀਂ ਗੁਰਦਵਾਰੇ ਫਿਰਦਾ ਸੀ, ਰਾਤ ਵੇਲ਼ੇ ਸਰਪੰਚ ਦੇ ਘਰ ਵਿਆਹ 'ਤੇ ਵੀ ਪੁੱਜਿਆ ਹੋਇਆ ਸੀ, ਉਸ ਨੂੰ ਵੇਖ ਕੇ ਮੈਂ ਕਿਹਾ, "ਸੁਨੀਲ, ਤੇਰੀ ਤਾਂ ਉਹ ਗੱਲ ਹੈ, ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ।"

2. **ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ** - (ਇਹ ਅਖਾਣ ਉਸ ਨਿਕੰਮੇ ਆਦਮੀ ਲਈ ਵਰਤਿਆ ਜਾਂਦਾ ਹੈ, ਜਿਹੜਾ ਗੱਲਾਂ ਬਹੁਤ ਕਰੇ ਪਰ ਕੋਈ ਕੰਮ ਨਾ ਕਰ ਸਕਦਾ ਹੋਵੇ) ਹਰਪ੍ਰੀਤ ਕਿਤਾਬਾਂ ਨੂੰ ਹੱਥ ਨਹੀਂ ਲਾਉਂਦਾ ਪਰ ਉਹ ਆਪਣੇ ਕਈ ਦੋਸਤਾਂ ਅੱਗੇ ਗੱਪਾਂ ਮਾਰ ਰਿਹਾ ਸੀ ਕਿ ਉਹ ਸਦਾ ਮੈਰਿਟ ਵਿੱਚ ਆਉਂਦਾ ਹੈ। ਇਹ ਗੱਲ ਜਦੋਂ ਮੈਨੂੰ ਪਤਾ ਲੱਗੀ ਤਾਂ ਮੈਂ ਕਿਹਾ, "ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ।"

3. **ਉਲਟੀ ਵਾੜ ਖੇਤ ਨੂੰ ਖਾਏ** — (ਇਹ ਅਖਾਣ ਉਸ ਸਮੇਂ ਵਰਤਿਆ ਜਾਂਦਾ ਹੈ ਜਦੋਂ ਹਾਕਮ ਹੀ ਪਰਜਾ ਨੂੰ ਦੁੱਖ ਦੇਣ ਲੱਗ ਪੈਣ) ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਚਿੱਤਰ ਪੇਸ਼ ਕਰਦਿਆਂ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਉਸ ਸਮੇਂ ਦੇ ਹਾਕਮ ਜਨਤਾ 'ਤੇ ਜ਼ੁਲਮ ਕਰਦੇ ਸਨ, ਉਹਨਾਂ ਦੀ ਤਾਂ 'ਉਲਟੀ ਵਾੜ ਖੇਤ ਨੂੰ ਖਾਏ' ਵਾਲ਼ੀ ਗੱਲ ਸੀ।

4. **ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ** — (ਉਹ ਆਦਮੀ ਜਿਹੜਾ ਅਮੀਰ ਹੋਵੇ ਪਰ ਬੇਸਮਝ ਹੋਵੇ) ਚੌਧਰੀ ਹੋਰਾਂ ਨੂੰ ਪਾਰਟੀ ਨੇ ਟਿਕਟ ਤਾਂ ਦਿੱਤੀ ਹੈ ਪਰ ਲੋਕ ਉਸ ਬਾਰੇ ਇਲਾਕੇ ਵਿੱਚ ਇਹ ਆਖਦੇ ਸੁਣੇ ਜਾਂਦੇ ਹਨ ਕਿ ਉਹ ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ ਹੈ। ਉਹ ਲੋਕਾਂ ਦਾ ਕੁਝ ਨਹੀਂ ਸੁਆਰ ਸਕਦਾ।

5. **ਇੱਕ, ਇੱਕ ਤੇ ਦੋ ਗਿਆਰਾਂ** — (ਇਹ ਅਖਾਣ ਏਕਤਾ ਦੀ ਮਹੱਤਤਾ ਦਰਸਾਉਣ ਲਈ ਵਰਤਿਆ ਜਾਂਦਾ ਹੈ) ਘਰ ਵਿੱਚ ਇਕੱਲੀ ਰਹਿੰਦੀ ਬਜ਼ੁਰਗ ਇਸਤਰੀ ਨੇ ਆਪਣੀ ਭੈਣ ਨੂੰ ਆਪਣੇ ਕੋਲ਼ ਇਹ ਕਹਿ ਕੇ ਰੱਖ ਲਿਆ ਕਿ ਇੱਕ, ਇੱਕ ਤੇ ਦੋ ਗਿਆਰਾਂ ਹੁੰਦੇ ਹਨ।

6. **ਇੱਕ ਅਨਾਰ ਸੌ ਬਿਮਾਰ** — (ਕਿਸੇ ਵਸਤੂ ਦੀ ਮੰਗ ਜ਼ਿਆਦਾ ਤੇ ਵਸਤੂ ਘੱਟ ਹੋਣੀ) ਪਰਮਜੀਤ ਵਿਦੇਸ਼ੋਂ ਇੱਕ ਲੈਪਟਾਪ ਲਿਆਇਆ ਸੀ ਪਰ ਉਸ ਦੇ ਚਾਰ ਦੋਸਤਾਂ ਨੇ ਇਸ ਦੀ ਮੰਗ ਪਾਈ ਪਰਮਜੀਤ ਨੇ ਹੱਸ ਕੇ ਕਿਹਾ ਕਿ "ਇੱਕ ਅਨਾਰ, ਸੌ ਬਿਮਾਰ।"

7. **ਈਦ ਪਿੱਛੋਂ ਤੰਬਾ ਫੂਕਣਾ** — (ਲੋੜ ਦੇ ਸਮੇਂ ਤੋਂ ਬਾਅਦ ਵਸਤੂ ਮਿਲ਼ਨ 'ਤੇ ਵਰਤਿਆ ਜਾਂਦਾ ਹੈ) ਮਨਰੀਤ ਨੇ ਹਰਦੀਪ ਨੂੰ ਕਿਹਾ ਕਿ ਮੈਨੂੰ ਆਪਣਾ ਕੋਟ ਪਾਉਣ ਲਈ ਦੇਵੀਂ, ਮੈਂ ਇੱਕ ਪਾਰਟੀ 'ਤੇ ਜਾਣਾ ਹੈ। ਹਰਦੀਪ ਨੇ ਕਿਹਾ ਕਿ ਉਹ ਤਾਂ ਡ੍ਰਾਈਕਲੀਨਰ ਕੋਲ਼ ਭੇਜਿਆ ਹੋਇਆ ਹੈ, ਪਰਸੋਂ ਲੈ ਜਾਈਂ। ਇਸ 'ਤੇ ਮਨਰੀਤ ਨੇ ਕਿਹਾ ਕਿ 'ਈਦ ਪਿੱਛੋਂ ਮੈਂ ਤੰਬਾ ਫੂਕਣਾ ਏ', ਲੋੜ ਤਾਂ ਮੈਨੂੰ ਅੱਜ ਸੀ।

8. **ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ** — (ਜਦੋਂ ਕੋਈ ਬਿਨਾਂ ਪੁੱਛੇ ਹੀ ਆਪਣੀ ਸਲਾਹ ਦੇਵੇ) ਰਾਜੂ ਤੇ ਉਸ ਦਾ ਪਿਓ ਕਿਸੇ ਗੱਲੋਂ ਝਗੜ ਰਹੇ ਸਨ। ਉਸ ਵੇਲ਼ੇ ਰਾਜੀਵ ਸ਼ਰਮਾ ਉਹਨਾਂ ਨੂੰ ਝਗੜਾ ਨਾ ਕਰਨ ਲਈ ਸਮਝਾਉਣ ਲੱਗਾ। ਤਦ ਗੁੱਸੇ ਵਿੱਚ ਆਏ ਹੋਏ ਪਿਓ ਨੇ ਕਿਹਾ,"ਤੂੰ ਕੌਣ ਹੁੰਦਾ ਹੈਂ, ਵਿੱਚ ਬੋਲਣ ਵਾਲ਼ਾ; ਅਖੇ ; "ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।"

9. **ਗ਼ਰੀਬਾਂ ਰੱਖੇ ਰੋਜ਼ੇ ਤੇ ਦਿਨ ਵੱਡੇ ਆਏ —** (ਜਦੋਂ ਕਿਸੇ ਗ਼ਰੀਬ ਦੇ ਕੰਮ ਵਿੱਚ ਵਾਰ-ਵਾਰ ਵਿਘਨ ਪਵੇ) ਗੁਰਮੀਤ ਨੇ ਇੱਕ ਟੈਂਪੂ ਪਾ ਲਿਆ। ਪਹਿਲੇ ਮਹੀਨੇ ਹੀ ਐਕਸੀਡੈਂਟ ਹੋ ਗਿਆ ਅਤੇ ਟੈਂਪੂ ਦਾ ਨੁਕਸਾਨ ਹੋ ਗਿਆ। ਗੁਰਮੀਤ ਵਾਲ਼ੀ ਤਾਂ ਉਹ ਗੱਲ ਬਣੀ, "ਗ਼ਰੀਬਾਂ ਰੱਖੇ ਰੋਜ਼ੇ ਤੇ ਦਿਨ ਵੱਡੇ ਆਏ।"

10. **ਗਾਂ ਨਾ ਵੱਛੀ ਤੇ ਨੀਂਦਰ ਆਵੇ ਅੱਛੀ —** (ਜਿਸ ਦੇ ਸਿਰ 'ਤੇ ਕੋਈ ਜ਼ੁੰਮੇਵਾਰੀ ਨਾ ਹੋਵੇ) — ਦਮਨ ਹਰ ਸਮੇਂ ਖ਼ੁਸ਼ ਰਹਿੰਦਾ ਹੈ ਕਿਉਂਕਿ ਉਹ ਛੜਾ-ਛੜਾਂਗ ਹੈ ਤੇ ਕੋਈ ਜ਼ੁੰਮੇਵਾਰੀ ਨਹੀਂ, ਉਸ ਦੀ ਤਾਂ ਉਹ ਗੱਲ ਹੈ, "ਗਾਂ ਨਾ ਵੱਛੀ ਤੇ ਨੀਂਦਰ ਆਵੇ ਅੱਛੀ।"

11. **ਡਿਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ —** (ਕਸੂਰ ਕਿਸੇ ਹੋਰ ਦਾ ਹੋਵੇ ਅਤੇ ਗ਼ੁੱਸਾ ਕਿਸੇ ਹੋਰ 'ਤੇ ਕੀਤਾ ਜਾਵੇ) ਨਵਦੀਪ ਤੇ ਹਰਦੀਪ ਦਫ਼ਤਰ ਵਿੱਚ ਕਿਸੇ ਗੱਲੋਂ ਝਗੜ ਪਏ। ਥੋੜ੍ਹੀ ਦੇਰ ਬਾਅਦ ਜਦੋਂ ਰਤਨਚੰਦ ਨੇ ਹਰਦੀਪ ਤੋਂ ਫ਼ਾਈਲ ਮੰਗੀ ਤਾਂ ਉਸ ਨੇ ਗ਼ੁੱਸੇ ਵਿੱਚ ਵਗਾਹ ਕੇ ਮਾਰੀ। ਇਸ 'ਤੇ ਰਤਨਚੰਦ ਨੇ ਕਿਹਾ, "ਭਈ, ਤੇਰੇ ਵਾਲ਼ੀ ਤਾਂ ਉਹ ਗੱਲ ਹੈ ਕਿ ਡਿਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ।" ਝਗੜਾ ਤੇਰਾ ਨਵਦੀਪ ਨਾਲ਼ ਹੈ ਪਰ ਗ਼ੁੱਸਾ ਤੂੰ ਮੇਰੇ ਉੱਤੇ ਕੱਢ ਰਿਹਾ ਹੈਂ।

12. **ਦਾਲ਼ ਵਿੱਚ ਕੁਝ ਕਾਲ਼ਾ ਹੋਣਾ —** (ਮਾਮਲੇ ਵਿੱਚ ਕੁਝ ਹੇਰਾ-ਫੇਰੀ ਹੋਣ ਦਾ ਸ਼ੱਕ ਹੋਣਾ) ਅੱਜ ਮੇਰਾ ਗੁਆਂਢੀ ਐੱਮ. ਐੱਲ. ਏ. ਸੁਰਿੰਦਰ ਸਿੰਘ ਬੜਾ ਹੱਸ -ਹੱਸ ਕੇ ਗੱਲਾਂ ਕਰਦਾ ਹੈ। ਅੱਗੇ ਕਿਸੇ ਨੂੰ ਬੁਲਾਉਂਦਾ ਤੱਕ ਨਹੀਂ ਸੀ। ਜ਼ਰੂਰ ਦਾਲ਼ ਵਿੱਚ ਕੁਝ ਕਾਲ਼ਾ ਜਾਪਦਾ ਹੈ।

14. **ਘਰ ਦੀ ਮੁਰਗ਼ੀ ਦਾਲ਼ ਬਰਾਬਰ —**( ਘਰ ਦੀ ਚੰਗੀ ਚੀਜ਼ ਨੂੰ ਮਾੜਾ ਸਮਝਣਾ) ਭਾਰਤੀ ਕੋਚ ਬਥੇਰੇ ਨਿਪੁੰਨ ਹਨ, ਵਿਦੇਸ਼ੀ ਕੋਚ ਇਹਨਾਂ ਨਾਲੋਂ ਬਿਹਤਰ ਨਹੀਂ। ਅਸੀਂ ਘਰ ਦੀ ਮੁਰਗ਼ੀ ਦਾਲ਼ ਬਰਾਬਰ ਸਮਝ ਕੇ ਆਪਣਿਆਂ ਦਾ ਮੁੱਲ ਨਹੀਂ ਪਾਉਂਦੇ।

15. **ਘਰ ਦਾ ਭੇਤੀ ਲੰਕਾ ਢਾਹੇ —** (ਭੇਤੀ ਆਦਮੀ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ) ਭਾਈਵਾਲ ਜਸਪਾਲ ਸਿੰਘ ਨਾਲ਼ ਝਗੜਾ ਹੋਣ ਮਗਰੋਂ ਦੂਸਰੇ ਹੀ ਦਿਨ ਜਦੋਂ ਕੇਹਰੂ ਦੇ ਘਰੋਂ ਸਮਗਲਿੰਗ ਦਾ ਸਮਾਨ ਫੜਿਆ ਗਿਆ ਤਾਂ ਉਸ ਨੇ ਕਿਹਾ, "ਘਰ ਦਾ ਭੇਤੀ ਲੰਕਾ ਢਾਹੇ।" ਇਹ ਸਾਰੀ ਸ਼ਰਾਰਤ ਜਸਪਾਲ ਦੀ ਹੈ ਕਿਉਂਕਿ ਉਸ ਤੋਂ ਬਿਨਾਂ ਇਸ ਦਾ ਹੋਰ ਕਿਸੇ ਨੂੰ ਪਤਾ ਨਹੀਂ ਸੀ।

## ਅਭਿਆਸ

**ਨਿਮਨ-ਲਿਖਤ ਮੁਹਾਵਰਿਆਂ ਅਤੇ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ :**

1. ਸਰ ਕਰਨਾ
2. ਸਿਰੋਂ ਪਾਣੀ ਲੰਘਣਾ
3. ਕੰਨਾਂ ਦਾ ਕੱਚਾ ਹੋਣਾ
4. ਗੁੱਡੀ ਚੜ੍ਹਨੀ

5. ਜਾਨ ਤਲੀ 'ਤੇ ਧਰਨਾ
6. ਢਿੱਡ ਵਿੱਚ ਚੂਹੇ ਨੱਚਣਾ
7. ਪਿੱਠ ਠੋਕਣੀ
8. ਮੱਖੀ 'ਤੇ ਮੱਖੀ ਮਾਰਨੀ
9. ਮੌਤ ਦੇ ਘਾਟ ਉਤਾਰਨਾ
10. ਰੰਗ ਲੱਗਣਾ
11. ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ
12. ਅਸਮਾਨ ਤੋਂ ਡਿਗੀ ਖਜੂਰ 'ਤੇ ਅਟਕੀ
13. ਹਾਥੀ ਲੰਘ ਗਿਆ ਪੂਛ ਰਹਿ ਗਈ
14. ਕੁੱਛੜ ਕੁੜੀ ਸ਼ਹਿਰ ਢੰਡੋਰਾ
15. ਗਿੱਦੜ ਦਾਖ ਨਾ ਅਪੜੇ ਆਖੇ ਥੂਹ ਕੌੜੀ

**ਅਧਿਆਪਕ ਵਿਦਿਆਰਥੀਆਂ ਨੂੰ ਮੁਹਾਵਰੇ ਅਤੇ ਅਖਾਣਾਂ ਦਾ ਮਹੱਤਵ ਦੱਸੇ। ਉਹ ਆਪਣੀ ਸ਼੍ਰੇਣੀ ਨੂੰ ਪੜ੍ਹਾਉਂਦੇ ਸਮੇਂ ਅਖਾਣਾਂ ਅਤੇ ਮੁਹਾਵਰਿਆਂ ਦੀ ਵਰਤੋਂ ਜ਼ਰੂਰ ਕਰੇ।**

*****

# ਚਿੱਠੀ-ਪੱਤਰ

ਅੱਜ ਦਾ ਯੁੱਗ ਬੇਸ਼ੱਕ ਕੰਪਿਊਟਰ ਦਾ ਯੁੱਗ ਹੈ ਪਰੰਤੂ ਚਿੱਠੀ, ਪੱਤਰ ਅਤੇ ਅਰਜ਼ੀਆਂ ਦਾ ਆਪਣਾ ਹੀ ਮਹੱਤਵ ਹੈ। ਚਿੱਠੀ ਲਿਖਣਾ ਵੀ ਇੱਕ ਕਲਾ ਹੈ। ਸਾਨੂੰ ਰੋਜ਼ਾਨਾ ਜੀਵਨ ਦੇ ਕਈ ਕੰਮਾਂ ਵਿੱਚ ਚਿੱਠੀਆਂ, ਪੱਤਰ ਅਤੇ ਅਰਜ਼ੀਆਂ ਆਦਿ ਲਿਖਣ ਦੀ ਲੋੜ ਪੈਂਦੀ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਚਿੱਠੀ-ਪੱਤਰ ਲਿਖਣ ਦਾ ਖ਼ੂਬ ਅਭਿਆਸ ਕਰਨ।

ਮੁੱਖ ਰੂਪ ਵਿੱਚ ਚਿੱਠੀਆਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ :-

(i) ਨਿੱਜੀ ਚਿੱਠੀਆਂ

(ii) ਸਰਕਾਰੀ ਚਿੱਠੀਆਂ

(iii) ਵਪਾਰਿਕ ਚਿੱਠੀਆਂ

(i) **ਨਿੱਜੀ ਚਿੱਠੀਆਂ**

ਇਹ ਚਿੱਠੀਆਂ ਅਸੀਂ ਆਪਣੇ ਰਿਸ਼ਤੇਦਾਰਾਂ, ਸਾਕਾਂ-ਸੰਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੂੰ ਲਿਖਦੇ ਹਾਂ ।

(ii) **ਸਰਕਾਰੀ ਚਿੱਠੀਆਂ**

ਸਰਕਾਰੀ ਚਿੱਠੀਆਂ ਵਿੱਚ ਵਧੇਰੇ ਕਰਕੇ ਪ੍ਰਾਰਥਨਾ-ਪੱਤਰ, ਅਰਜ਼ੀਆਂ ਸ਼ਾਮਲ ਹੁੰਦੀਆਂ ਹਨ। ਇਹ ਵਿਭਾਗ ਦੇ ਕਰਮਚਾਰੀਆਂ ਵੱਲੋਂ ਜਾਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਲਿਖੀਆਂ ਅਰਜ਼ੀਆਂ ਹੁੰਦੀਆਂ ਹਨ। ਨੌਕਰੀ ਲਈ ਲਿਖੀਆਂ ਅਰਜ਼ੀਆਂ ਵੀ ਇਸੇ ਸ਼੍ਰੇਣੀ ਵਿੱਚ ਆਉਣ ਵਾਲ਼ੀਆਂ ਚਿੱਠੀਆਂ ਹੁੰਦੀਆਂ ਹਨ।

(iii) **ਵਪਾਰਿਕ ਚਿੱਠੀਆਂ**

ਵਪਾਰਿਕ ਪੱਤਰ ਅਜਿਹੇ ਪੱਤਰ ਹੁੰਦੇ ਹਨ ਜਿਹੜੇ ਕੋਈ ਗਾਹਕ ਕਿਸੇ ਵਪਾਰੀ ਨੂੰ ਲਿਖਦਾ ਹੈ ਜਾਂ ਇੱਕ ਵਪਾਰੀ ਦੂਜੇ ਵਪਾਰੀ ਨੂੰ ਲਿਖਦਾ ਹੈ। ਇਹ ਪੱਤਰ ਵਪਾਰ ਨਾਲ਼ ਸੰਬੰਧਿਤ ਹੁੰਦੇ ਹਨ।

ਚਿੱਠੀਆਂ ਦੇ ਆਮ ਤੌਰ 'ਤੇ ਤਿੰਨ ਭਾਗ ਹੁੰਦੇ ਹਨ ਅਰੰਭ, ਮੱਧ ਅਤੇ ਅੰਤ।

## ਬਿਨੈ-ਪੱਤਰ/ਚਿੱਠੀ ਲਿਖਣ ਦਾ ਢੰਗ

| ਕ੍ਰਮ | ਜਿਸ ਨੂੰ ਚਿੱਠੀ ਲਿਖਣੀ ਹੋਵੇ | ਅਰੰਭ | ਅੰਤ |
|---|---|---|---|
| 1 | ਪਿਤਾ ਨੂੰ | ਮਾਨਯੋਗ/ਸਤਿਕਾਰ ਯੋਗ ਪਿਤਾ ਜੀ | ਆਪ ਦਾ ਪਿਆਰਾ ਪੁੱਤਰ |
| 2. | ਮਾਤਾ ਨੂੰ | ਸਤਿਕਾਰਯੋਗ/ਪੂਜਨੀਕ ਮਾਤਾ ਜੀ | ਆਪ ਦਾ ਪਿਆਰਾ ਪੁੱਤਰ |
| 3. | ਵੱਡੇ ਭਰਾ ਨੂੰ | ਪਿਆਰੇ ਵੀਰ ਜੀ | ਤੁਹਾਡਾ ਛੋਟਾ ਭਰਾ |
| 4. | ਛੋਟੇ ਭਰਾ ਨੂੰ | ਪਿਆਰੇ ਸੋਨੂੰ | ਤੇਰਾ ਵੱਡਾ ਵੀਰ |
| 5. | ਮਿੱਤਰ ਨੂੰ | ਪਿਆਰੇ ਦੋਸਤ | ਤੇਰਾ ਮਿੱਤਰ |
| 6. | ਮੁੱਖ ਅਧਿਆਪਕ ਨੂੰ | ਸ੍ਰੀਮਾਨ ਜੀ | ਆਪ ਦਾ ਆਗਿਆਕਾਰੀ |
| 7. | ਪੁਸਤਕਾਂ ਵੇਚਣ ਵਾਲ਼ੇ ਨੂੰ | ਸ੍ਰੀਮਾਨ ਜੀ | ਆਪ ਦਾ ਸ਼ੁੱਭਚਿੰਤਕ |

| | | | |
|---|---|---|---|
| 8. | ਨੂੰਹ ਜਾਂ ਧੀ ਨੂੰ | ਪਿਆਰੀ ਸਪੁੱਤਰੀ | ਤੇਰੀ ਮਾਤਾ |
| 9. | ਪਤਨੀ ਨੂੰ | ਪਿਆਰੀ ਦੀਪ | ਸਦਾ ਹੀ ਤੇਰਾ/ਤੁਹਾਡਾ |
| 10. | ਵੱਡੀ ਭੈਣ ਨੂੰ | ਪਿਆਰੇ ਭੈਣ ਜੀ | ਆਪ ਦਾ ਛੋਟਾ ਵੀਰ |
| 11. | ਸਹੇਲੀ ਨੂੰ | ਪਿਆਰੀ ਸਹੇਲੀ | ਤੁਹਾਡੀ ਸਹੇਲੀ |
| 12. | ਛੋਟੀ ਭੈਣ ਨੂੰ | ਪਿਆਰੀ ਸੋਨੀਆ | ਤੇਰਾ ਵੀਰ |
| 13. | ਕਿਸੇ ਅਧਿਕਾਰੀ ਨੂੰ | ਸ੍ਰੀਮਾਨ ਜੀ | ਆਪ ਦਾ ਵਿਸ਼ਵਾਸਪਾਤਰ |
| 14. | ਕਿਸੇ ਦੁਕਾਨਦਾਰ ਨੂੰ ਜਾਂ ਵਪਾਰੀ ਨੂੰ | ਸ੍ਰੀਮਾਨ ਜੀ | ਆਪ ਦਾ ਸ਼ੁੱਭਚਿੰਤਕ |
| 15. | ਅਨਜਾਣ ਇਸਤਰੀ/ ਅਨਜਾਣ ਬੰਦੇ ਨੂੰ | ਸ੍ਰੀਮਤੀ ਜੀ/ਸ੍ਰੀਮਾਨ ਜੀ | ਆਪ ਦੀ/ਦਾ ਸ਼ੁੱਭਚਿੰਤਕ |

## ਬਿਮਾਰੀ ਦੀ ਛੁੱਟੀ ਲਈ ਬਿਨੈ-ਪੱਤਰ

ਸੇਵਾ ਵਿਖੇ

ਪ੍ਰਿੰਸੀਪਲ ਸਾਹਿਬ,
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
ਜਲੰਧਰ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਕੱਲ੍ਹ ਜਦੋਂ ਸਕੂਲ ਤੋਂ ਵਾਪਸ ਘਰ ਆ ਰਿਹਾ ਸੀ ਤਾਂ ਰਸਤੇ ਵਿੱਚ ਬਹੁਤ ਤੇਜ਼ ਬਾਰਸ਼ ਹੋਈ। ਮੈਂ ਪੂਰੀ ਤਰ੍ਹਾਂ ਭਿੱਜ ਗਿਆ। ਘਰ ਪਹੁੰਚਣ 'ਤੇ ਮੈਨੂੰ ਤੇਜ਼ ਬੁਖ਼ਾਰ ਹੋ ਗਿਆ। ਇਸ ਕਰਕੇ ਮੈਂ ਅੱਜ ਸਕੂਲ ਹਾਜ਼ਰ ਨਹੀਂ ਹੋ ਸਕਦਾ। ਕਿਰਪਾ ਕਰਕੇ ਮੈਨੂੰ ਦੋ ਦਿਨਾਂ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਦਾ ਆਗਿਆਕਾਰੀ,
ਨਵਤੇਜ ਸਿੰਘ,
ਰੋਲ ਨੰ. 13,
ਸ਼੍ਰੇਣੀ ਛੇਵੀਂ।

ਮਿਤੀ : 12 ਫਰਵਰੀ, 20.....

## ਘਰ ਵਿੱਚ ਜ਼ਰੂਰੀ ਕੰਮ ਹੋਣ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਸਾਹਿਬ,
ਸਰਕਾਰੀ ਹਾਈ ਸਕੂਲ,
ਮਟੌਰ, ਐੱਸ. ਏ. ਐੱਸ. ਨਗਰ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਨੂੰ ਘਰ ਬਹੁਤ ਜ਼ਰੂਰੀ ਕੰਮ ਹੈ। ਇਸ ਲਈ ਮੈਂ ਅੱਜ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦੀ।

ਕਿਰਪਾ ਕਰਕੇ ਮੈਨੂੰ ਅੱਜ ਦੇ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗੀ।

ਆਪ ਦੀ ਆਗਿਆਕਾਰੀ,
ਮਨਪ੍ਰੀਤ ਕੌਰ,
ਰੋਲ ਨੰ: 21,
ਸ਼੍ਰੇਣੀ ਸੱਤਵੀਂ ਏ।

ਮਿਤੀ : 8 ਮਾਰਚ, 20..........

## ਫ਼ੀਸ ਮਾਫ਼ ਕਰਵਾਉਣ ਲਈ ਬਿਨੈ-ਪੱਤਰ

ਸੇਵਾ ਵਿਖੇ

ਪ੍ਰਿੰਸੀਪਲ ਸਾਹਿਬ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
ਖਰੜ।

ਸ੍ਰੀਮਤੀ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਹਾਂ। ਮੇਰੇ ਪਿਤਾ ਜੀ ਇੱਕ ਛੋਟੇ ਦੁਕਾਨਦਾਰ ਹਨ। ਉਹਨਾਂ ਦੀ ਆਮਦਨ ਬਹੁਤ ਥੋੜ੍ਹੀ ਹੈ। ਮੇਰੇ ਦੋ ਵੱਡੇ ਭੈਣ-ਭਰਾ ਵੀ ਕਾਲਜ ਵਿੱਚ ਪੜ੍ਹਦੇ ਹਨ। ਪਿਤਾ ਜੀ ਸਾਡੇ ਤਿੰਨ ਭੈਣ-ਭਰਾਵਾਂ ਦੀ ਪੜ੍ਹਾਈ ਦਾ ਖ਼ਰਚਾ ਪੂਰਾ ਨਹੀਂ ਕਰ ਸਕਦੇ। ਇਸ ਕਾਰਨ ਉਹ ਮੇਰੀ ਪੜ੍ਹਾਈ ਬੰਦ ਕਰਨਾ ਚਾਹੁੰਦੇ ਹਨ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਕ ਹੈ। ਮੈਂ ਹਰ ਸਾਲ ਆਪਣੀ ਜਮਾਤ ਵਿੱਚ ਪਹਿਲੇ ਨੰਬਰ 'ਤੇ ਆਉਂਦੀ ਹਾਂ। ਕਿਰਪਾ ਕਰਕੇ ਮੇਰੀ ਫ਼ੀਸ ਮਾਫ਼ ਕੀਤੀ ਜਾਵੇ।

ਮੈਂ ਆਪ ਦੀ ਅਤਿ ਧੰਨਵਾਦੀ ਹੋਵਾਂਗੀ।

ਆਪ ਜੀ ਦੀ ਆਗਿਆਕਾਰੀ,
ਗੁਰਮੀਤ ਕੌਰ,
ਰੋਲ ਨੰ: 10,
ਸ਼੍ਰੇਣੀ ਸੱਤਵੀਂ ਬੀ।

ਮਿਤੀ : 17 ਫਰਵਰੀ, 20...........

## ਸਕੂਲ ਦੇ ਮੁੱਖ ਅਧਿਆਪਕ ਤੋਂ ਮੈਚ ਦੇਖਣ ਜਾਣ ਦੀ ਇਜਾਜ਼ਤ ਲੈਣ ਸੰਬੰਧੀ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਸਾਹਿਬ,
ਸਰਕਾਰੀ ਹਾਈ ਸਕੂਲ, ਮਟੌਰ,
ਜ਼ਿਲ੍ਹਾ ਐੱਸ. ਏ. ਐੱਸ. ਨਗਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਸਾਡੇ ਸਕੂਲ ਦੀ ਹਾਕੀ ਦੀ ਟੀਮ ਜ਼ਿਲ੍ਹਾ ਪੱਧਰ 'ਤੇ ਮੈਚ ਖੇਡਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੂਪਨਗਰ ਵਿਖੇ ਜਾ ਰਹੀ ਹੈ। ਹਾਕੀ ਮੇਰੀ ਮਨਪਸੰਦ ਖੇਡ ਹੈ। ਮੈਂ ਆਪ ਜੀ ਕੋਲ਼ੋਂ ਕੱਲ੍ਹ ਮਿਤੀ 18.1.23 ਨੂੰ ਹੋਣ ਵਾਲ਼ੇ ਮੈਚ ਨੂੰ ਦੇਖਣ ਜਾਣ ਦੀ ਆਗਿਆ ਚਾਹੁੰਦਾ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਨਿਰਾਸ ਨਹੀਂ ਕਰੋਗੇ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਦਾ ਆਗਿਆਕਾਰੀ,
ਗੁਰਤੇਜ ਸਿੰਘ,
ਰੋਲ ਨੰ: 15,
ਸ਼੍ਰੇਣੀ -ਅੱਠਵੀਂ ਸੀ।

ਮਿਤੀ : 17 ਜਨਵਰੀ, 20.........

## ਪੋਸਟ-ਮਾਸਟਰ ਸਾਹਿਬ ਨੂੰ ਡਾਕੀਏ ਦੀ ਸ਼ਿਕਾਇਤ ਲਈ ਪੱਤਰ ਲਿਖੋ।

ਸੇਵਾ ਵਿਖੇ

ਪੋਸਟ ਮਾਸਟਰ ਸਾਹਿਬ,
ਜਨਰਲ ਪੋਸਟ ਆਫ਼ਿਸ,
ਕਚਹਿਰੀ ਰੋਡ,
ਅੰਮ੍ਰਿਤਸਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਗੋਪਾਲ ਨਗਰ ਦੀ ਰਹਿਣ ਵਾਲ਼ੀ ਹਾਂ। ਸਾਡੇ ਇਲਾਕੇ ਦੇ ਡਾਕੀਏ ਦਾ ਨਾਂ ਹਰੀ ਰਾਮ ਹੈ। ਮੈਂ ਆਪ ਜੀ ਦਾ ਧਿਆਨ ਹਰੀ ਰਾਮ ਡਾਕੀਏ ਦੇ ਲਾਪਰਵਾਹ ਅਤੇ ਗ਼ੈਰ ਜ਼ੁੰਮੇਵਾਰਾਨਾ ਰਵੱਈਏ ਵੱਲ ਲਿਆਉਣਾ ਚਾਹੁੰਦੀ ਹਾਂ। ਇਹ ਆਦਮੀ ਆਪਣੀ ਡਿਊਟੀ ਠੀਕ ਤਰ੍ਹਾਂ ਨਹੀਂ ਨਿਭਾ ਰਿਹਾ। ਉਹ ਅਕਸਰ ਚਿੱਠੀਆਂ ਚਾਰ-ਪੰਜ ਦਿਨ ਪਛੜ ਕੇ ਵੰਡਦਾ ਹੈ। ਡਾਕ ਵੰਡਣ ਸਮੇਂ ਵੀ ਉਹ

ਚਿੱਠੀਆਂ ਘਰਾਂ ਦੇ ਬਾਹਰ ਲੱਗੇ ਬਕਸਿਆਂ ਵਿੱਚ ਪਾਉਣ ਦੀ ਬਜਾਏ, ਦਰਵਾਜ਼ੇ ਵਿੱਚ ਸੁੱਟ ਜਾਂਦਾ ਹੈ, ਜਿਨ੍ਹਾਂ ਨੂੰ ਕਈ ਵਾਰੀ ਮਹੱਲੇ ਦੇ ਸ਼ਰਾਰਤੀ ਬੱਚੇ ਇੱਧਰ-ਉੱਧਰ ਸੁੱਟ ਦਿੰਦੇ ਹਨ। ਕਈ ਵਾਰ ਉਹ ਚਿੱਠੀਆਂ ਠੀਕ ਸਰਨਾਂਵੇਂ ਵਾਲ਼ੇ ਦੇ ਘਰ ਨਹੀਂ ਪਹੁੰਚਾਉਂਦਾ ਸਗੋਂ ਆਂਢ-ਗੁਆਂਢ ਦੇ ਮਕਾਨਾਂ ਵਿੱਚ ਸੁੱਟ ਜਾਂਦਾ ਹੈ। ਇਸ ਨਾਲ਼ ਕਈਆਂ ਨੂੰ ਚਿੱਠੀਆਂ ਸਮੇਂ ਸਿਰ ਨਹੀਂ ਪਹੁੰਚਦੀਆਂ ਅਤੇ ਉਹਨਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ।

ਮਹੱਲੇ ਦੇ ਲੋਕ ਕਈ ਵਾਰ ਉਸ ਨੂੰ ਪਿਆਰ ਨਾਲ਼ ਸਮਝਾ ਚੁੱਕੇ ਹਨ ਪਰ ਉਸ ਦੇ ਵਰਤਾਰੇ ਵਿੱਚ ਕੋਈ ਸੁਧਾਰ ਨਹੀਂ ਹੋਇਆ।

ਆਪ ਅੱਗੇ ਬੇਨਤੀ ਹੈ ਕਿ ਆਪ ਇਸ ਡਾਕੀਏ ਨੂੰ ਹਿਦਾਇਤ ਕਰੋ ਕਿ ਉਹ ਆਪਣਾ ਫ਼ਰਜ਼ ਪਛਾਣੇ ਅਤੇ ਆਪਣੀ ਜ਼ੁੰਮੇਵਾਰੀ ਠੀਕ ਤਰ੍ਹਾਂ ਨਾਲ਼ ਨਿਭਾਵੇ। ਜੇ ਉਸ ਕੋਲ਼ ਕੰਮ ਜ਼ਿਆਦਾ ਹੈ ਤਾਂ ਇੱਕ ਹੋਰ ਡਾਕੀਏ ਦੀ ਡਿਊਟੀ ਇਸ ਪਾਸੇ ਲਗਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,
ਸੁਰਜੀਤ ਸਿੰਘ,
123, ਨਹਿਰੂ ਕਾਲੋਨੀ,
ਗੋਪਾਲ ਨਗਰ, ਅੰਮ੍ਰਿਤਸਰ।

ਮਿਤੀ : 27 ਮਾਰਚ, 20..........

**ਮਿਊਂਸਿਪਲ ਕਮੇਟੀ ਦੇ ਪ੍ਰਧਾਨ ਨੂੰ ਮਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਨਿਕਾਸ-ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ।**

ਸੇਵਾ ਵਿਖੇ

ਪ੍ਰਧਾਨ,
ਮਿਊਂਸਿਪਲ ਕਮੇਟੀ, ਖਰੜ,
ਜ਼ਿਲ੍ਹਾ ਐੱਸ. ਏ. ਐੱਸ. ਨਗਰ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦਾ ਧਿਆਨ ਖਰੜ ਤੋਂ ਲਾਂਡਰਾਂ ਜਾਣ ਵਾਲ਼ੀ ਸੜਕ ਵੱਲ਼ ਦਿਵਾਉਣਾ ਚਾਹੁੰਦਾ ਹਾਂ। ਇਸ ਸੜਕ ਦੇ ਦੋਵੇਂ ਪਾਸੇ ਗੰਦਗੀ ਦੇ ਢੇਰ ਨਜ਼ਰ ਆਉਂਦੇ ਹਨ ਜਿਨ੍ਹਾਂ ਕਰਕੇ ਹਮੇਸ਼ਾਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਕੁੱਤੇ, ਬਿੱਲੀਆਂ, ਸੂਰ ਤੇ ਅਵਾਰਾ ਗਊਆਂ ਆਦਿ ਇਹਨਾਂ ਗੰਦਗੀ ਦੇ ਢੇਰਾਂ ਨੂੰ ਫਰੋਲ਼ਦੇ ਰਹਿੰਦੇ ਹਨ ਜਿਸ ਨਾਲ਼ ਸੜਕ 'ਤੇ ਵੀ ਕੂੜਾ-ਕਰਕਟ ਖਿੱਲਰ ਜਾਂਦਾ ਹੈ।

ਗੰਦੇ ਪਾਣੀ ਦੇ ਨਿਕਾਸ ਲਈ ਵੀ ਉਚਿਤ ਪ੍ਰਬੰਧ ਨਹੀਂ ਹੈ ਜਿਸ ਕਾਰਨ ਬਰਸਾਤਾਂ ਦੇ ਦਿਨਾਂ ਵਿੱਚ ਗੰਦਾ ਪਾਣੀ ਗਲ਼ੀਆਂ ਅਤੇ ਸੜਕਾਂ ਵਿੱਚ ਭਰ ਜਾਂਦਾ ਹੈ।

ਸ੍ਰੀਮਾਨ ਜੀ, ਮੈਂ ਆਪਣੇ ਇਲਾਕਾਨਿਵਾਸੀਆਂ ਵੱਲੋਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਕੂੜਾ ਚੁਕਾਉਣ ਦਾ ਉਪਰਾਲਾ ਕੀਤਾ ਜਾਵੇ। ਕੂੜਾ ਸੁੱਟਣ ਲਈ ਵੱਡੇ-ਵੱਡੇ ਢੱਕਣਦਾਰ

ਢੋਲ ਰਖਵਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ। ਗੰਦੇ ਪਾਣੀ ਦੇ ਨਿਕਾਸ ਲਈ ਨਾਲ਼ੀਆਂ ਅਤੇ ਗਟਰਾਂ ਨੂੰ ਸਾਫ਼ ਕਰਵਾਇਆ ਜਾਵੇ ਤਾਂਜੋ ਇਲਾਕਾ-ਨਿਵਾਸੀ ਘਾਤਕ ਬਿਮਾਰੀਆਂ ਤੋਂ ਬਚੇ ਰਹਿਣ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,
ਗੁਰਸੇਵਕ ਸਿੰਘ,
ਮਕਾਨ ਨੰ: 1413,
ਲਾਂਡਰਾਂ ਰੋਡ, ਖਰੜ।

ਮਿਤੀ : 23 ਜਨਵਰੀ, 20..............

## ਆਪਣੇ ਸ਼ਹਿਰ ਦੇ ਮੁੱਖ ਥਾਣਾ-ਅਫ਼ਸਰ (ਐੱਸ. ਐੱਚ. ਓ) ਨੂੰ ਪੱਤਰ ਲਿਖੋ, ਜਿਸ ਵਿੱਚ ਆਪਣਾ ਸਾਈਕਲ ਚੋਰੀ ਹੋ ਜਾਣ ਦੀ ਸ਼ਿਕਾਇਤ ਕਰੋ ਅਤੇ ਸਾਈਕਲ ਲੱਭਣ ਵਿੱਚ ਮਦਦ ਮੰਗੋ।

ਸੇਵਾ ਵਿਖੇ

ਮੁੱਖ ਥਾਣਾ-ਅਫ਼ਸਰ,
ਫਿਲੌਰ,
ਜ਼ਿਲ੍ਹਾ ਜਲੰਧਰ।

ਸ੍ਰੀਮਾਨ ਜੀ,

ਸਤਿਕਾਰ ਸਹਿਤ ਬੇਨਤੀ ਹੈ ਕਿ ਮੈਂ ਅੱਜ ਸਵੇਰੇ ਫਿਲੌਰ ਬੱਸ-ਸਟੈਂਡ ਦੇ ਸਾਈਕਲ-ਸਟੈਂਡ 'ਤੇ ਸਾਈਕਲ ਖੜ੍ਹਾ ਕਰਕੇ ਆਪਣੀ ਮਾਤਾ ਜੀ ਨੂੰ ਬੱਸ ਚੜ੍ਹਾਉਣ ਗਿਆ ਸੀ। ਜਦੋਂ ਮੈਂ ਵਾਪਸ ਆਇਆ ਤਾਂ ਮੇਰਾ ਸਾਈਕਲ ਉੱਥੋਂ ਗੁੰਮ ਸੀ।

ਮੇਰਾ ਸਾਈਕਲ ਕਾਲ਼ੇ ਰੰਗ ਦਾ 22 ਇੰਚ ਸਾਈਜ਼ ਦਾ ਸੀ। ਸਾਈਕਲ ਹੀਰੋ ਕੰਪਨੀ ਦਾ ਬਣਿਆ ਹੋਇਆ ਹੈ ਅਤੇ ਉਸ ਦਾ ਨੰ:ਬੀ-(6479) 34678 ਹੈ। ਮੈਂ ਸਾਈਕਲ ਨੂੰ ਤਾਲਾ ਮਾਰ ਕੇ ਰੱਖਿਆ ਸੀ ਜਿਸ ਦੀ ਚਾਬੀ ਮੇਰੇ ਕੋਲ਼ ਹੈ। ਸਾਈਕਲ ਅੱਗੇ ਬੈਂਤ ਦੀ ਟੋਕਰੀ ਹੈ ਅਤੇ ਪੂਰਾ ਚੇਨ-ਕਵਰ ਲੱਗਾ ਹੋਇਆ ਹੈ। ਇਹ ਸਾਈਕਲ ਮੈਂ ਇੱਕ ਮਹੀਨਾ ਪਹਿਲਾਂ ਪਾਲ ਸਾਈਕਲ ਸਟੋਰ, ਫਿਲੌਰ ਤੋਂ ਖ਼ਰੀਦਿਆ ਸੀ। ਇਸ ਦੀ ਰਸੀਦ ਦੀ ਫ਼ੋਟੋ-ਕਾਪੀ ਮੈਂ ਨਾਲ਼ ਨੱਥੀ ਕਰ ਰਿਹਾ ਹਾਂ।

ਬੇਨਤੀ ਹੈ ਕਿ ਮੇਰੇ ਸਾਈਕਲ ਦੀ ਚੋਰੀ ਦੀ ਰਿਪੋਰਟ ਪੁਲਿਸ-ਥਾਣੇ ਵਿੱਚ ਦਰਜ ਕਰਕੇ ਚੋਰਾਂ ਨੂੰ ਤੁਰੰਤ ਪਕੜਨ ਦੀ ਖੇਚਲ਼ ਕੀਤੀ ਜਾਵੇ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਦਾ ਵਿਸ਼ਵਾਸਪਾਤਰ,
ਹਰਜੀਤ ਸਿੰਘ,
ਪੁੱਤਰ ਸ੍ਰੀ ਭੁਪਿੰਦਰ ਸਿੰਘ,
ਪੁਲਿਸ-ਅਕੈਡਮੀ, ਫਿਲੌਰ।

ਮਿਤੀ : 12 ਫਰਵਰੀ, 20........

## ਪਿਤਾ ਜੀ ਨੂੰ ਚਿੱਠੀ ਲਿਖ ਕੇ ਉਹਨਾਂ ਨੂੰ ਪੈਸੇ ਭੇਜਣ ਲਈ ਬੇਨਤੀ ਕਰੋ।

ਸ਼ਿਵਾਲਿਕ ਪਬਲਿਕ ਸਕੂਲ,
ਫੇਜ਼ 6, ਐੱਸ. ਏ. ਐੱਸ. ਨਗਰ।
28 ਮਾਰਚ, 20..........

ਸਤਿਕਾਰ ਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ।

ਆਪ ਜੀ ਦਾ ਪੱਤਰ ਮਿਲ਼ ਗਿਆ ਸੀ। ਮੈਂ ਪੱਤਰ ਦੇਰੀ ਨਾਲ਼ ਲਿਖਣ ਦੀ ਮਾਫ਼ੀ ਚਾਹੁੰਦਾ ਹਾਂ ਕਿਉਂਕਿ ਮੇਰੀ ਸਲਾਨਾ ਪਰੀਖਿਆ ਚੱਲ ਰਹੀ ਸੀ। ਕੱਲ੍ਹ ਹੀ ਇਮਤਿਹਾਨ ਖ਼ਤਮ ਹੋਏ ਹਨ। ਮੇਰੇ ਸਾਰੇ ਪਰਚੇ ਬਹੁਤ ਚੰਗੇ ਹੋ ਗਏ ਹਨ। ਆਸ ਹੈ ਕਿ ਹਰ ਸਾਲ ਵਾਂਗ ਮੈਂ ਇਸ ਵਾਰ ਵੀ ਆਪਣੀ ਜਮਾਤ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਾਂਗਾ। ਮੈਂ ਪੂਰੀ ਮਿਹਨਤ ਅਤੇ ਤਿਆਰੀ ਨਾਲ਼ ਪਰਚੇ ਦਿੱਤੇ ਹਨ।

ਮੇਰੀ ਪਰੀਖਿਆ ਦਾ ਨਤੀਜਾ 30 ਮਾਰਚ ਨੂੰ ਨਿਕਲ਼ ਆਵੇਗਾ। ਉਸ ਪਿੱਛੋਂ ਮੈਂ ਅੱਠਵੀਂ ਸ਼੍ਰੇਣੀ ਵਿੱਚ ਦਾਖ਼ਲ ਹੋਣਾ ਹੈ। ਇਸ ਵਾਰ ਸਕੂਲ ਵਿੱਚ ਫ਼ੀਸ ਤੋਂ ਇਲਾਵਾ ਸਲਾਨਾ ਚੰਦੇ ਵੀ ਦੇਣੇ ਹਨ ਅਤੇ ਅੱਠਵੀਂ ਸ਼੍ਰੇਣੀ ਦੀਆਂ ਕਿਤਾਬਾਂ ਅਤੇ ਕਾਪੀਆਂ ਵੀ ਖ਼ਰੀਦਣੀਆਂ ਹਨ। ਕਿਰਪਾ ਕਰਕੇ ਮੈਨੂੰ 1500 ਰੁਪਏ ਵਾਪਸੀ ਡਾਕ ਭੇਜਣ ਦੀ ਖੇਚਲ਼ ਕਰਨੀ ਤਾਂਜੋ ਮੈਂ ਸਮੇਂ ਸਿਰ ਕਿਤਾਬਾਂ ਆਦਿ ਖ਼ਰੀਦ ਕੇ ਅਗਲੀ ਪੜ੍ਹਾਈ ਅਰੰਭ ਕਰ ਸਕਾਂ।

ਮਾਤਾ ਜੀ ਨੂੰ ਮੱਥਾ ਟੇਕਦਾ ਹਾਂ ਅਤੇ ਨਿੱਕੀ ਭੈਣ ਨੂੰ ਮੇਰੇ ਵੱਲੋਂ ਪਿਆਰ ਦੇਣਾ।

ਆਪ ਦਾ ਸਪੁੱਤਰ,
ਹਰਿੰਦਰ ਸਿੰਘ।

## ਤੁਸੀਂ ਹੋਸਟਲ ਵਿੱਚ ਰਹਿ ਕੇ ਪੜ੍ਹਦੇ ਹੋ। ਆਪਣੀ ਛੋਟੀ ਭੈਣ ਨੂੰ ਟੀ. ਵੀ. ਘੱਟ ਵੇਖਣ ਲਈ, ਪੜ੍ਹਾਈ ਅਤੇ ਖੇਡਾਂ ਵਿੱਚ ਦਿਲਚਸਪੀ ਲੈਣ ਲਈ ਪੱਤਰ ਲਿਖੋ।

ਕਮਰਾ ਨੰ. 25
ਜਵਾਹਰ ਨਵੋਦਿਆ ਵਿਦਿਆਲਾ,
ਚੰਡੀਗੜ੍ਹ।
18 ਮਾਰਚ, 20..........

ਮੇਰੀ ਬਹੁਤ ਹੀ ਲਾਡਲੀ ਭੈਣ ਹਰਪ੍ਰੀਤ,

ਪਿਆਰ।

ਮੈਨੂੰ ਉਮੀਦ ਹੈ ਕਿ ਤੂੰ ਠੀਕ-ਠਾਕ ਹੋਵੇਂਗੀ। ਮੈਨੂੰ ਇਹ ਵੀ ਆਸ ਹੈ ਕਿ ਤੂੰ ਸਕੂਲ ਨੇਮ ਨਾਲ਼ ਜਾਂਦੀ ਹੋਵੇਂਗੀ ਅਤੇ ਪੜ੍ਹਾਈ ਵੱਲ ਪੂਰਾ ਧਿਆਨ ਦਿੰਦੀ ਹੋਵੇਂਗੀ।

ਇੱਥੇ ਮੇਰੇ ਨਾਲ਼ ਦੇ ਕਈ ਵਿਦਿਆਰਥੀ ਬਹੁਤ ਸਮਾਂ ਟੀ. ਵੀ. ਵੇਖਦੇ ਰਹਿੰਦੇ ਹਨ। ਮੈਨੂੰ ਡਰ ਹੈ ਕਿ ਇਹ ਭੈੜੀ ਬਿਮਾਰੀ ਕਿਤੇ ਤੈਨੂੰ ਵੀ ਨਾ ਲੱਗ ਜਾਵੇ। ਬਹੁਤਾ ਸਮਾਂ ਟੀ. ਵੀ. ਵੇਖਣ ਨਾਲ਼ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਇਸ ਤਰ੍ਹਾਂ ਸਮਾਂ ਵੀ ਬਹੁਤ ਬਰਬਾਦ ਹੁੰਦਾ ਹੈ। ਸਾਰੇ ਪ੍ਰੋਗ੍ਰਾਮ ਸਾਡੇ ਵੇਖਣ ਦੇ ਯੋਗ ਵੀ ਨਹੀਂ ਹੁੰਦੇ। ਮੈਂ ਟੀ. ਵੀ. ਵੇਖਣ ਦੇ ਵਿਰੁੱਧ ਨਹੀਂ ਹਾਂ ਪਰ ਮੈਂ ਤੈਨੂੰ ਇਹੀ ਸੁਝਾਅ ਦਿਆਂਗਾ ਕਿ ਤੂੰ ਕੇਵਲ ਉਪਯੋਗੀ ਪ੍ਰੋਗ੍ਰਾਮ ਹੀ ਵੇਖਿਆ ਕਰ। ਨਿਸ਼ਚਿਤ ਸਮੇਂ ਉੱਤੇ ਪੜ੍ਹਾਈ ਦਾ ਕੰਮ ਖ਼ਤਮ ਹੋਣ ਉਪਰੰਤ ਵਿੱਦਿਅਕ ਪ੍ਰੋਗ੍ਰਾਮ ਅਤੇ ਆਮ ਜਾਣਕਾਰੀ ਦੇ ਪ੍ਰੋਗ੍ਰਾਮ ਵੇਖਣ ਵਿੱਚ ਕੋਈ ਹਰਜ਼ ਨਹੀਂ।

ਟੀ. ਵੀ. ਅੱਗੇ ਜ਼ਿਆਦਾ ਸਮਾਂ ਬੈਠਣ ਨਾਲ਼ ਬਹੁਤੇ ਬੱਚੇ ਖੇਡਾਂ ਵਿੱਚ ਰੁਚੀ ਲੈਣੀ ਛੱਡ ਦਿੰਦੇ ਹਨ। ਇਸ ਨਾਲ਼ ਉਹ ਬੈਠੇ-ਬੈਠੇ ਮੋਟੇ ਹੁੰਦੇ ਜਾਂਦੇ ਹਨ ਅਤੇ ਸਰੀਰਿਕ ਤੌਰ 'ਤੇ ਤੰਦਰੁਸਤ ਵੀ ਨਹੀਂ ਰਹਿੰਦੇ। ਇਸ ਲਈ ਕੁਝ ਸਮਾਂ ਖੇਡਾਂ ਵੀ ਖੇਡਣੀਆਂ ਚਾਹੀਦੀਆਂ ਹਨ।

ਹਰਪ੍ਰੀਤ! ਮੇਰੀ ਲਾਡਲੀ ਭੈਣ, ਮੈਨੂੰ ਤੇਰੇ 'ਤੇ ਬਹੁਤ ਮਾਣ ਹੈ। ਮੈਂ ਤੇਰੇ ਉਜਲੇ ਭਵਿਖ ਦੀ ਕਾਮਨਾ ਕਰਦਾ ਹਾਂ। ਮੇਰੀ ਇੱਛਾ ਹੈ ਕਿ ਤੇਰੀ ਵਿੱਦਿਆ-ਪ੍ਰਾਪਤੀ ਸਾਰੇ ਪਰਿਵਾਰ ਅਤੇ ਤੇਰੇ ਲਈ ਵੀ ਮਾਣ ਕਰਨਯੋਗ ਹੋਵੇ।

ਮੈਂ ਉਮੀਦ ਕਰਦਾ ਹਾਂ ਕਿ ਮੇਰੀ ਭੈਣ ਆਪਣੇ ਵੀਰ ਦੀ ਇਸ ਸਿੱਖਿਆ ਨੂੰ ਹਮੇਸ਼ਾਂ ਯਾਦ ਰੱਖੇਂਗੀ। ਮਾਤਾ ਜੀ ਅਤੇ ਪਿਤਾ ਜੀ ਨੂੰ ਮੱਥਾ ਟੇਕਦਾ ਹਾਂ।

ਤੇਰਾ ਵੀਰ,
ਦਵਿੰਦਰਪਾਲ ਸਿੰਘ।

**ਤੁਹਾਡੇ ਸਕੂਲ ਵਿੱਚ ਗਣਤੰਤਰ-ਦਿਵਸ ਮਨਾਇਆ ਗਿਆ ਇਸ ਸੰਬੰਧੀ ਆਪਣੇ ਮਿੱਤਰ ਜਾਂ ਸਹੇਲੀ ਨੂੰ ਪੱਤਰ ਲਿਖੋ।**

ਰੋਲ ਨੰ : 7,<br>
ਸ਼੍ਰੇਣੀ ਅੱਠਵੀਂ ਏ.,<br>
ਸਰਕਾਰੀ ਹਾਈ ਸਕੂਲ,<br>
ਰੂਪਨਗਰ।<br>
28 ਜਨਵਰੀ, 20........

ਪਿਆਰੀ ਸਹੇਲੀ ਬਲਦੀਪ,

ਸਤਿ ਸ੍ਰੀ ਅਕਾਲ।

ਤੈਨੂੰ ਪਤਾ ਹੀ ਹੈ ਕਿ 26 ਜਨਵਰੀ ਸਾਡਾ ਗਣਤੰਤਰ-ਦਿਵਸ ਹੈ। ਇਸ ਦਿਨ 1950 ਈ: ਨੂੰ ਸਾਡੇ ਅਜ਼ਾਦ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਸੀ। ਇਸ ਦਿਨ ਦੇਸ ਭਰ ਵਿੱਚ ਸਮਾਗਮ ਕੀਤੇ ਜਾਂਦੇ ਹਨ।

ਇਸ ਵਾਰੀ ਸਾਡੇ ਸਕੂਲ ਵਿੱਚ ਵੀ ਇਹ ਦਿਨ ਮਨਾਇਆ ਗਿਆ। ਸਾਡੇ ਸਕੂਲ ਵਿੱਚ ਰਾਸ਼ਟਰੀ ਝੰਡਾ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਝੁਲਾਇਆ ਗਿਆ। ਰਾਸ਼ਟਰੀ ਗੀਤ ਗਾਇਆ ਗਿਆ। ਇਸ ਉਪਰੰਤ ਵਿਦਿਆਰਥੀਆਂ ਨੇ ਦੇਸ-ਭਗਤੀ ਦੇ ਸਮੂਹ-ਗਾਣ ਪੇਸ਼ ਕੀਤੇ। ਰਾਸ਼ਟਰੀ ਏਕਤਾ 'ਤੇ ਭਾਸ਼ਣ ਵੀ ਦਿੱਤੇ ਗਏ। ਪ੍ਰਿੰਸੀਪਲ ਸਾਹਿਬ ਨੇ ਦੇਸ ਦੀ ਤਰੱਕੀ ਲਈ ਹਰ ਵਿਦਿਆਰਥੀ ਨੂੰ ਹਿੱਸਾ ਪਾਉਣ ਲਈ ਉਤਸ਼ਾਹਿਤ ਕੀਤਾ।

ਇਸ ਮੌਕੇ ਸਾਡੇ ਸਕੂਲ ਵਿੱਚ ਵੱਖ-ਵੱਖ ਖੇਤਰਾਂ, ਜਿਵੇਂ : ਪੜ੍ਹਾਈ, ਖੇਡਾਂ ਅਤੇ ਸੱਭਿਆਚਾਰਿਕ ਪ੍ਰੋਗ੍ਰਾਮਾਂ ਵਿੱਚ ਉੱਚ-ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਪ੍ਰੋਗ੍ਰਾਮ ਦੇ ਅਖੀਰ ਵਿੱਚ ਸਾਰੇ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ। ਸੱਚ-ਮੁੱਚ ਇਹ ਦਿਨ ਸਾਡੇ ਲਈ ਖ਼ੁਸ਼ੀਆਂ ਅਤੇ ਰੌਣਕਾਂ ਭਰਪੂਰ ਬਣ ਗਿਆ।

ਪਿਆਰ ਸਹਿਤ,

ਤੇਰੀ ਸਹੇਲੀ,<br>
ਹਰਲੀਨ ਕੌਰ।

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਲਈ ਛਪਦੇ ਰਿਸਾਲੇ ਮੰਗਵਾਉਣ ਲਈ ਸੰਪਾਦਕ, ਮੈਗਜ਼ੀਨ-ਸੈਕਸ਼ਨ ਨੂੰ ਬਿਨੈ-ਪੱਤਰ ਲਿਖੋ।

ਸੇਵਾ ਵਿਖੇ,

ਸੰਪਾਦਕ,
ਮੈਗਜ਼ੀਨ-ਸੈੱਕਸ਼ਨ,
ਪੰਜਾਬ ਸਕੂਲ ਸਿੱਖਿਆ ਬੋਰਡ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸ੍ਰੀਮਾਨ ਜੀ,

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਹੁੰਦੇ ਰਿਸਾਲੇ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਸਾਡੇ ਸਕੂਲ ਦੀ ਲਾਇਬ੍ਰੇਰੀ ਵਿੱਚ ਆਉਂਦੇ ਹਨ। ਮੈਨੂੰ ਇਹ ਦੋਵੇਂ ਰਿਸਾਲੇ ਬਹੁਤ ਚੰਗੇ ਲੱਗਦੇ ਹਨ। ਇਹਨਾਂ ਦੀ ਮਿਆਰੀ ਸਮਗਰੀ ਗਿਆਨ-ਵਧਾਊ ਅਤੇ ਪ੍ਰੇਰਨਾਦਾਇਕ ਹੁੰਦੀ ਹੈ। ਮੈਂ ਚਾਹੁੰਦਾ ਹਾਂ ਕਿ ਇਹ ਰਿਸਾਲੇ ਮੇਰੇ ਛੋਟੇ ਭੈਣ-ਭਰਾ ਵੀ ਪੜ੍ਹਨ।

ਮੈਂ ਉਪਰੋਕਤ ਰਿਸਾਲਿਆਂ ਦਾ ਸਲਾਨਾ ਚੰਦਾ ਡ੍ਰਾਫ਼ਟ ਰਾਹੀਂ ਭੇਜ ਰਿਹਾ ਹਾਂ। ਕਿਰਪਾ ਕਰਕੇ ਇਹ ਦੋਵੇਂ ਰਿਸਾਲੇ ਮੈਨੂੰ ਛੇਤੀ ਤੋਂ ਛੇਤੀ ਹੇਠਾਂ ਲਿਖੇ ਪਤੇ 'ਤੇ ਭੇਜਣ ਦੀ ਖੇਚਲ ਕਰਨੀ।

ਧੰਨਵਾਦ ਸਹਿਤ,

ਆਪ ਦਾ ਸ਼ੁੱਭਚਿੰਤਕ,
ਬਲਦੀਪ ਸਿੰਘ,
ਪੁੱਤਰ : ਸ. ਬਲਵਿੰਦਰ ਸਿੰਘ,
ਪਿੰਡ ਤੇ ਡਾਕਖ਼ਾਨਾ : ਲੰਗੜੋਆ,
ਜ਼ਿਲ੍ਹਾ : ਸ਼ਹੀਦ ਭਗਤ ਸਿੰਘ ਨਗਰ।

ਮਿਤੀ : 20 ਮਾਰਚ, 20..........

## ਪੁਸਤਕ-ਪ੍ਰਕਾਸ਼ਕ ਨੂੰ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।

ਸੇਵਾ ਵਿਖੇ,

ਮੈਸਰਜ਼ ਪੰਜਾਬ ਸਕੂਲ ਸਿੱਖਿਆ ਬੋਰਡ,
ਵਿੱਦਿਆ-ਭਵਨ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਨੂੰ ਹੇਠ ਲਿਖੀਆਂ ਪੁਸਤਕਾਂ ਵੀ. ਪੀ. ਪੀ. ਪਾਰਸਲ ਦੁਆਰਾ ਛੇਤੀ ਤੋਂ ਛੇਤੀ ਭੇਜਣ ਦੀ ਕਿਰਪਾਲਤਾ ਕਰਨਾ।

| ਕ੍ਰਮ ਅੰਕ | ਪੁਸਤਕ ਦਾ ਨਾਂ | ਕਾਪੀਆਂ |
|---|---|---|
| 1. | ਪੰਜਾਬੀ—ਵਿਆਕਰਨ ਅਤੇ ਲੇਖ-ਰਚਨਾ-ਮਿਡਲ ਸ਼੍ਰੇਣੀਆਂ ਲਈ | 1 ਕਾਪੀ |
| 2. | ਗਣਿਤ—ਅੱਠਵੀਂ ਸ਼੍ਰੇਣੀ ਲਈ | 1 ਕਾਪੀ |
| 3. | ਸਮਾਜਿਕ ਸਿੱਖਿਆ—ਅੱਠਵੀਂ ਸ਼੍ਰੇਣੀ ਲਈ | 1 ਕਾਪੀ |
| 4. | ਵਿਗਿਆਨ—ਅੱਠਵੀਂ ਸ਼੍ਰੇਣੀ ਲਈ | 1 ਕਾਪੀ |

ਕਿਰਪਾ ਕਰਕੇ ਇਹਨਾਂ ਪੁਸਤਕਾਂ ਦਾ ਬਿੱਲ ਯੋਗ ਕਮਿਸ਼ਨ ਕੱਟ ਕੇ ਬਣਾ ਦੇਣਾ। ਪੁਸਤਕਾਂ ਦੇ ਨਵੇਂ ਸੰਸਕਰਨ ਹੀ ਭੇਜੇ ਜਾਣ। ਜੇ ਜਿਲਦਾਂ ਬੰਨ੍ਹੀਆਂ ਹੋਣ ਤਾਂ ਹੋਰ ਵੀ ਚੰਗਾ ਹੈ।

ਪੁਸਤਕਾਂ ਦੇ ਨਾਲ਼ ਆਪਣੀਆਂ ਪ੍ਰਕਾਸ਼ਨਾਵਾਂ ਦੀ ਸੂਚੀ ਵੀ ਭੇਜਣ ਦੀ ਕਿਰਪਾਲਤਾ ਕਰਨੀ।

ਆਪ ਦਾ ਵਿਸ਼ਵਾਸਪਾਤਰ,
ਅਮਨਦੀਪ ਸਿੰਘ,
ਪਿੰਡ ਤੇ ਡਾਕਖ਼ਾਨਾ : ਨਡਾਲ਼ਾ,
ਜ਼ਿਲ੍ਹਾ ਕਪੂਰਥਲ਼ਾ।

ਮਿਤੀ : 30 ਮਾਰਚ, 20........

## ਅਭਿਆਸ

1. ਆਪਣੇ ਮੁੱਖ ਅਧਿਆਪਕ ਜੀ ਨੂੰ ਜੁਰਮਾਨਾ-ਮਾਫ਼ੀ ਲਈ ਬਿਨੈ-ਪੱਤਰ ਲਿਖੋ।
2. ਸਕੂਲ-ਮੁਖੀ ਨੂੰ ਐੱਨ. ਸੀ. ਸੀ., ਸਕਾਊਟ ਜਾਂ ਗਰਲ-ਗਾਈਡ ਟੀਮ ਵਿੱਚ ਸ਼ਾਮਲ ਕਰਨ ਬਾਰੇ ਬਿਨੈ-ਪੱਤਰ ਲਿਖੋ।
3. ਆਪਣੀ ਸਹੇਲੀ ਨੂੰ ਇੱਕ ਪੱਤਰ ਲਿਖ ਕੇ ਭਾਖੜਾ-ਡੈਮ ਦੀ ਸੈਰ ਦਾ ਹਾਲ ਲਿਖੋ ਜੋ ਤੁਸੀਂ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ਼ ਕੀਤੀ ਹੈ।
4. ਆਪਣੀ ਸਹੇਲੀ/ਮਿੱਤਰ ਨੂੰ ਪੱਤਰ ਲਿਖੋ ਜਿਸ ਵਿੱਚ ਆਪਣੇ ਸਕੂਲ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਆਪਣੇ ਸਕੂਲ 'ਚ ਦਾਖ਼ਲ ਹੋਣ ਲਈ ਪ੍ਰੇਰਿਤ ਕਰੋ।
5. ਆਪਣੀ ਸਹੇਲੀ ਨੂੰ ਆਪਣੇ ਭਰਾ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਪੱਤਰ ਲਿਖੋ।
6. ਤੁਹਾਡੇ ਮਾਮਾ ਜੀ ਨੇ ਤੁਹਾਨੂੰ ਸੁਗਾਤ ਵਜੋਂ ਘੜੀ ਭੇਜੀ ਹੈ। ਉਸ ਲਈ ਇੱਕ ਪੱਤਰ ਲਿਖ ਕੇ ਉਹਨਾਂ ਦਾ ਧੰਨਵਾਦ ਕਰੋ।
7. ਆਪਣੇ ਮਾਤਾ ਜੀ ਨੂੰ ਪੱਤਰ ਰਾਹੀਂ ਆਪਣੇ ਸਕੂਲ ਵਿੱਚ ਮਨਾਏ ਸਲਾਨਾ ਸਮਾਰੋਹ ਦਾ ਹਾਲ ਲਿਖੋ।
8. ਆਪਣੇ ਮਿੱਤਰ ਨੂੰ ਪੱਤਰ ਲਿਖ ਕੇ ਆਪਣੇ ਹੋਸਟਲ ਦੀ ਰੋਜ਼ਾਨਾ ਜ਼ਿੰਦਗੀ ਬਾਰੇ ਦੱਸੋ।

*****

# ਕਹਾਣੀ-ਰਚਨਾ

ਕਹਾਣੀ ਸੁਣਨੀ ਅਤੇ ਸੁਣਾਉਣੀ ਮਨੁੱਖ ਦੀ ਜਮਾਂਦਰੂ ਰੁਚੀ ਹੈ। ਵਿਸ਼ੇਸ਼ ਕਰਕੇ ਬੱਚਿਆਂ ਨੂੰ ਕਹਾਣੀ ਸੁਣਨ ਦਾ ਬਹੁਤ ਹੀ ਸ਼ੌਕ ਹੁੰਦਾ ਹੈ। ਘਰਾਂ ਵਿੱਚ ਬੱਚੇ ਆਪਣੇ ਬਜ਼ੁਰਗਾਂ ਕੋਲ਼ੋਂ ਕਹਾਣੀਆਂ ਬੜੇ ਹੀ ਚਾਅ ਨਾਲ਼ ਸੁਣਦੇ ਹਨ। ਕਹਾਣੀਆਂ ਜਿੱਥੇ ਮਨੁੱਖ ਦਾ ਮਨੋਰੰਜਨ ਕਰਦੀਆਂ ਹਨ, ਉੱਥੇ ਕੋਈ ਨਾ ਕੋਈ ਸਿੱਖਿਆ ਵੀ ਦਿੰਦੀਆਂ ਹਨ। ਕਹਾਣੀ ਆਮ ਤੌਰ 'ਤੇ ਭੂਤ-ਕਾਲ ਵਿੱਚ ਹੀ ਲਿਖੀ ਜਾਂਦੀ ਹੈ। ਇਸ ਪੜਾਅ ਉੱਤੇ ਸਾਹਿਤਿਕ ਕਹਾਣੀ ਲਿਖਣ ਨੂੰ ਨਹੀਂ ਲਿਆ ਗਿਆ। ਮੁੱਖ ਤੌਰ 'ਤੇ ਪੜ੍ਹੀ ਜਾਂ ਸੁਣੀ ਹੋਈ ਕਹਾਣੀ ਨੂੰ ਮੁੜ ਲਿਖਣ ਜਾਂ ਸੁਣਾਉਣ ਬਾਰੇ ਹੀ ਗੱਲ ਕੀਤੀ ਗਈ ਹੈ।

ਕਹਾਣੀ-ਰਚਨਾ ਵੀ ਇੱਕ ਹੁਨਰ ਹੈ। ਇੱਕ ਚੰਗੀ ਕਹਾਣੀ ਲਿਖਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

(1) ਪਹਿਲਾਂ ਕਹਾਣੀ ਨੂੰ ਚੰਗੀ ਤਰ੍ਹਾਂ ਪੜ੍ਹੋ, ਫਿਰ ਉਸ ਨੂੰ ਲਿਖੋ।

(2) ਜ਼ਰੂਰੀ ਗੱਲ ਇਹ ਹੈ ਕਿ ਕਹਾਣੀ ਵਿਚਲੀ ਘਟਨਾ ਨੂੰ ਸਮਝੋ ਅਤੇ ਆਪਣੇਂ ਸ਼ਬਦਾਂ ਵਿੱਚ ਲਿਖੋ।

(3) ਵਾਕ ਛੋਟੇ ਤੇ ਸਰਲ ਲਿਖੋ। ਇਹ ਵਾਕ ਵਿਆਕਰਨ ਪੱਖੋਂ ਠੀਕ ਹੋਣ।

(4) ਕਹਾਣੀ ਦਾ ਸਿਰਲੇਖ ਅਤੇ ਸਿੱਖਿਆ ਜ਼ਰੂਰ ਲਿਖਣੀ ਚਾਹੀਦੀ ਹੈ।

## ਦਰਜ਼ੀ ਅਤੇ ਹਾਥੀ

ਇੱਕ ਵਾਰੀ ਦੀ ਗੱਲ ਹੈ ਕਿ ਇੱਕ ਰਾਜੇ ਕੋਲ਼ ਇੱਕ ਹਾਥੀ ਸੀ। ਮਹਾਵਤ ਹਰ ਰੋਜ਼ ਹਾਥੀ ਨੂੰ ਪਾਣੀ ਪਿਆਉਣ ਅਤੇ ਨੁਹਾਉਣ ਲਈ ਨਦੀ 'ਤੇ ਲੈ ਕੇ ਜਾਂਦਾ ਸੀ। ਉਸ ਦੇ ਰਸਤੇ ਵਿੱਚ ਇੱਕ ਦਰਜ਼ੀ ਦੀ ਦੁਕਾਨ ਆਉਂਦੀ ਸੀ। ਹਾਥੀ ਜਦੋਂ ਦਰਜ਼ੀ ਦੀ ਦੁਕਾਨ 'ਤੇ ਪਹੁੰਚਦਾ ਤਾਂ ਦਰਜ਼ੀ ਰੋਜ਼ ਉਸ ਦੀ ਸੁੰਡ ਵਿੱਚ ਕੁਝ ਨਾ ਕੁਝ ਖਾਣ ਨੂੰ ਦਿੰਦਾ ਸੀ।

ਇੱਕ ਦਿਨ ਦਰਜ਼ੀ ਕਿਸੇ ਗੱਲੋਂ ਖਿਝਿਆ ਹੋਇਆ ਸੀ। ਜਦੋਂ ਹਾਥੀ ਨੇ ਰੋਜ਼ ਵਾਂਗ ਉਸ ਅੱਗੇ ਆਪਣੀ ਸੁੰਡ ਕੀਤੀ ਤਾਂ ਦਰਜ਼ੀ ਨੇ ਉਸ ਦੀ ਸੁੰਡ 'ਤੇ ਸੂਈ ਚੋਭ ਦਿੱਤੀ। ਹਾਥੀ ਨੂੰ ਬੜੀ ਪੀੜ ਹੋਈ ਪਰ ਉਹ ਚੁੱਪ-ਚਾਪ ਚਲਾ ਗਿਆ। ਉਸ ਨੇ ਨਦੀ ਤੋਂ ਰੱਜ ਕੇ ਪਾਣੀ ਪੀਤਾ। ਵਾਪਸ ਆਉਂਦਿਆਂ ਉਸ ਨੇ ਆਪਣੀ ਸੁੰਡ ਵਿੱਚ ਚਿੱਕੜ ਭਰ ਲਿਆ। ਜਦੋਂ ਹਾਥੀ ਦਰਜ਼ੀ ਦੀ ਦੁਕਾਨ 'ਤੇ ਪੁੱਜਾ ਤਾਂ ਉਸ ਨੇ ਸਾਰਾ ਚਿੱਕੜ ਦਰਜ਼ੀ ਦੀ ਦੁਕਾਨ ਵਿੱਚ ਸੁੱਟ ਦਿੱਤਾ। ਚਿੱਕੜ ਨਾਲ਼ ਲੋਕਾਂ ਦੇ ਨਵੇਂ ਕੱਪੜੇ ਵੀ ਹਾਥੀ ਨੇ ਖ਼ਰਾਬ ਕਰ ਦਿੱਤੇ। ਇਸ ਤਰ੍ਹਾਂ ਦਰਜ਼ੀ ਨੇ ਆਪਣੀ ਮੂਰਖਤਾ ਕਾਰਨ ਕਾਫ਼ੀ ਨੁਕਸਾਨ ਕਰਵਾ ਲਿਆ। ਦਰਜ਼ੀ ਆਪਣੀ ਗ਼ਲਤੀ 'ਤੇ ਬਹੁਤ ਪਛਤਾਇਆ।

ਸਿੱਖਿਆ : ਜਿਹਾ ਕਰੋਗੇ ਤਿਹਾ ਭਰੋਗੇ।

ਜਾਂ

ਅਦਲੇ ਦਾ ਬਦਲਾ।

# ਏਕਤਾ ਵਿੱਚ ਬਲ ਹੈ

ਇੱਕ ਪਿੰਡ ਵਿੱਚ ਇੱਕ ਸਿਆਣਾ ਕਿਰਸਾਣ ਰਹਿੰਦਾ ਸੀ। ਉਸ ਦੇ ਚਾਰ ਪੁੱਤਰ ਸਨ। ਉਹ ਚਾਰੇ ਆਪਸ ਵਿੱਚ ਲੜਦੇ-ਝਗੜਦੇ ਰਹਿੰਦੇ ਸਨ। ਕਿਰਸਾਣ ਆਪਣੇ ਪੁੱਤਰਾਂ ਨੂੰ ਲੜਦਿਆਂ ਵੇਖ ਕੇ ਬਹੁਤ ਪਰੇਸ਼ਾਨ ਰਹਿੰਦਾ ਸੀ। ਹੁਣ ਉਹ ਬੁੱਢਾ ਹੋ ਗਿਆ ਸੀ। ਉਸ ਨੇ ਸੋਚਿਆ ਕਿ ਉਸ ਦੀ ਮੌਤ ਉਪਰੰਤ ਤਾਂ ਉਸ ਦੇ ਝਗੜਾਲੂ ਪੁੱਤਰ ਆਪਸ ਵਿੱਚ ਲੜ-ਝਗੜ ਕੇ ਛੇਤੀ ਹੀ ਤਬਾਹ ਹੋ ਜਾਣਗੇ। ਉਹ ਆਪਣੇ ਪੁੱਤਰਾਂ ਨੂੰ ਆਪਸ ਵਿੱਚ ਮਿਲ ਕੇ ਕੰਮ ਕਰਨ ਦੀ ਸਿੱਖਿਆ ਦੇਣੀ ਚਾਹੁੰਦਾ ਸੀ।

ਇੱਕ ਸੋਚੀ-ਸਮਝੀ ਵਿਉਂਤ ਅਨੁਸਾਰ ਬੁੱਢਾ ਕਿਰਸਾਣ ਬਿਮਾਰੀ ਦੇ ਬਹਾਨੇ ਮੰਜਾ ਮੱਲ ਕੇ ਪੈ ਗਿਆ। ਹੁਣ ਉਸ ਦੇ ਪੁੱਤਰਾਂ ਨੂੰ ਵੀ ਫ਼ਿਕਰ ਹੋਇਆ। ਉਹ ਸਾਰੇ ਵਾਰੀ-ਵਾਰੀ ਪਿਤਾ ਜੀ ਦਾ ਹਾਲ ਪੁੱਛਣ ਲਈ ਉਸ ਕੋਲ਼ ਆਉਣ ਲੱਗੇ। ਇੱਕ ਦਿਨ ਕਿਰਸਾਣ ਨੇ ਆਪਣੇ ਚਹੁੰਆਂ ਪੁੱਤਰਾਂ ਨੂੰ ਆਪਣੇ ਕੋਲ਼ ਬੁਲਾਇਆ।

ਜਦੋਂ ਚਾਰੇ ਪੁੱਤਰ ਇਕੱਠੇ ਹੋ ਗਏ ਤਾਂ ਬੁੱਢੇ ਕਿਰਸਾਣ ਨੇ ਕੁਝ ਛੋਟੀਆਂ ਲੱਕੜੀਆਂ ਮੰਗਵਾਈਆਂ। ਜਦੋਂ ਲੱਕੜੀਆਂ ਆ ਗਈਆਂ ਤਾਂ ਕਿਰਸਾਣ ਨੇ ਉਹਨਾਂ ਨੂੰ ਬੰਨ੍ਹਣ ਲਈ ਕਿਹਾ। ਹੁਣ ਬੁੱਢੇ ਕਿਰਸਾਣ ਨੇ ਆਪਣੇ ਇਕੱਲੇ-ਇਕੱਲੇ ਪੁੱਤਰ ਨੂੰ ਲੱਕੜੀਆਂ ਦਾ ਗੱਠਾ ਤੋੜਨ ਲਈ ਕਿਹਾ। ਸਾਰਿਆਂ ਨੇ ਵਾਰੀ-ਵਾਰੀ ਜ਼ੋਰ ਲਾਇਆ ਪਰ ਉਹ ਗੱਠਾ ਤੋੜ ਨਾ ਸਕੇ। ਫਿਰ ਬੁੱਢੇ ਕਿਰਸਾਣ ਨੇ ਕਿਹਾ, "ਇਸ ਗੱਠੇ ਨੂੰ ਖੋਲ੍ਹ ਦਿਓ ਅਤੇ ਇੱਕ-ਇੱਕ ਲੱਕੜੀ ਵੱਖਰੀ-ਵੱਖਰੀ ਕਰ ਦਿਓ।" ਜਦੋਂ ਲੱਕੜੀਆਂ ਵੱਖਰੀਆਂ-ਵੱਖਰੀਆਂ ਹੋ ਗਈਆਂ ਤਾਂ ਕਿਰਸਾਣ ਨੇ ਆਪਣੇ ਪੁੱਤਰਾਂ ਨੂੰ ਇੱਕ-ਇੱਕ ਲੱਕੜ ਤੋੜਨ ਲਈ ਕਿਹਾ। ਸਾਰਿਆਂ ਨੇ ਝੱਟ ਹੀ ਇੱਕ-ਇੱਕ ਲੱਕੜ ਅਸਾਨੀ ਨਾਲ਼ ਤੋੜ ਸੁੱਟੀ। ਹੁਣ ਕਿਰਸਾਣ ਨੇ ਆਪਣੇ ਪੁੱਤਰਾਂ ਨੂੰ ਸਮਝਾਉਂਦਿਆਂ ਕਿਹਾ ਕਿ ਜੇ ਤੁਸੀਂ ਇਹਨਾਂ ਲੱਕੜੀਆਂ ਵਾਂਗ ਲੜ-ਝਗੜ ਕੇ ਇਕੱਲੇ—ਇਕੱਲੇ ਰਹੋਗੇ ਤਾਂ ਕੋਈ ਵੀ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ। ਪਰ ਜੇ ਤੁਸੀਂ ਸਾਰੇ ਲੱਕੜ ਦੇ ਗੱਠੇ ਵਾਂਗ ਇਕੱਠੇ ਰਹੋਗੇ ਤਾਂ ਕੋਈ ਤੁਹਾਡਾ ਕੁਝ ਵੀ ਨਹੀਂ ਵਿਗਾੜ ਸਕੇਗਾ। ਪੁੱਤਰਾਂ ਨੂੰ ਹੁਣ ਸਾਰੀ ਗੱਲ ਸਮਝ ਆ ਗਈ ਸੀ। ਉਹਨਾਂ ਨੇ ਅੱਗੇ ਤੋਂ ਆਪਸ ਵਿੱਚ ਨਾ ਲੜਨ ਦਾ ਪ੍ਰਣ ਕਰ ਲਿਆ ਤੇ ਆਪਣੇ ਪਿਤਾ ਨੂੰ ਮਿਲ਼-ਜੁਲ਼ ਕੇ ਰਹਿਣ ਦਾ ਵਚਨ ਦਿੱਤਾ। ਹੁਣ ਕਿਰਸਾਣ ਅਤੇ ਉਸ ਦੇ ਪੁੱਤਰ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗੇ।

**ਸਿੱਖਿਆ : - ਏਕਤਾ ਵਿੱਚ ਬਲ ਹੈ।**

**ਜਾਂ**

**ਏਕੇ ਵਿੱਚ ਬਰਕਤ ਹੈ।**

# ਬਾਂਦਰ ਤੇ ਮਗਰਮੱਛ

ਇੱਕ ਵਾਰ ਇੱਕ ਦਰਿਆ ਦੇ ਕੰਢੇ 'ਤੇ ਇੱਕ ਜਾਮਣ ਦਾ ਰੁੱਖ ਸੀ। ਰੁੱਖ 'ਤੇ ਮਿੱਠੀਆਂ ਅਤੇ ਕਾਲ਼ੀਆਂ-ਸ਼ਾਹ ਜਾਮਣਾਂ ਲੱਗੀਆਂ ਹੋਈਆਂ ਸਨ। ਜਾਮਣ ਦੇ ਰੁੱਖ ਦੇ ਨਾਲ਼ ਹੋਰ ਵੀ ਬਹੁਤ ਸਾਰੇ ਰੁੱਖਾਂ ਦਾ ਝੁੰਡ ਸੀ। ਇਸ ਝੁੰਡ ਵਿੱਚ ਇੱਕ ਬਾਂਦਰ ਰਹਿੰਦਾ ਸੀ। ਬਾਂਦਰ ਹਰ ਰੋਜ਼ ਜਾਮਣ ਦੇ ਰੁੱਖ ਤੋਂ ਮਿੱਠੀਆਂ-ਮਿੱਠੀਆਂ ਜਾਮਣਾਂ ਖਾਇਆ ਕਰਦਾ ਸੀ।

ਇੱਕ ਦਿਨ ਦੀ ਗੱਲ ਹੈ ਕਿ ਇੱਕ ਮਗਰਮੱਛ ਤਰਦਾ-ਤਰਦਾ ਦਰਿਆ ਦੇ ਇੱਕ ਕੰਢੇ ਵੱਲ ਨਿਕਲ਼ ਆਇਆ। ਮਗਰਮੱਛ ਕੋਸੀ-ਕੋਸੀ ਧੁੱਪ ਵਿੱਚ ਰੇਤ 'ਤੇ ਪਲ਼ਸੇਟੇ ਮਾਰ ਕੇ ਅਨੰਦ ਲੈ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਜਾਮਣ ਦੇ ਰੁੱਖ 'ਤੇ ਪਈ। ਕਾਲ਼ੀਆਂ-ਸ਼ਾਹ ਜਾਮਣਾਂ ਵੇਖ ਕੇ ਉਸ ਦੇ ਮੂੰਹ ਵਿੱਚ ਪਾਣੀ ਭਰ ਗਿਆ। ਬਾਂਦਰ ਨੇ ਜਦੋਂ ਮਗਰਮੱਛ ਨੂੰ ਲਲਚਾਈਆਂ ਨਜ਼ਰਾਂ ਨਾਲ਼ ਜਾਮਣਾਂ ਵੱਲ ਵੇਖਦੇ ਹੋਏ ਝਾਕਿਆ ਤਾਂ ਉਸ ਨੇ ਮਗਰਮੱਛ ਲਈ ਬਹੁਤ ਸਾਰੀਆਂ ਜਾਮਣਾਂ ਹੇਠਾਂ ਸੁੱਟ ਦਿੱਤੀਆਂ। ਮਗਰਮੱਛ ਨੇ ਜਾਮਣਾਂ ਬੜੇ ਸੁਆਦ ਨਾਲ਼ ਖਾਧੀਆਂ ਅਤੇ ਕੁਝ ਬਚਾ ਕੇ ਆਪਣੀ ਪਤਨੀ ਲਈ ਰੱਖ ਲਈਆਂ। ਉਸ ਨੇ ਬਾਂਦਰ ਦਾ ਧੰਨਵਾਦ ਕੀਤਾ ਅਤੇ ਆਪਣੇ ਘਰ ਵੱਲ ਚਲਾ ਗਿਆ।

ਮਗਰਮੱਛਣੀ ਜਾਮਣਾਂ ਖਾ ਕੇ ਬੜੀ ਹੀ ਖ਼ੁਸ਼ ਹੋਈ। ਹੁਣ ਮਗਰਮੱਛ ਹਰ ਰੋਜ਼ ਦਰਿਆ ਦੇ ਕੰਢੇ 'ਤੇ ਆਉਂਦਾ ਅਤੇ ਬਾਂਦਰ ਉਸ ਨੂੰ ਜਾਮਣਾਂ ਖਾਣ ਲਈ ਦਿੰਦਾ। ਇਸ ਤਰ੍ਹਾਂ ਬਾਂਦਰ ਅਤੇ ਮਗਰਮੱਛ ਦੋਵੇਂ ਪੱਕੇ ਦੋਸਤ ਬਣ ਗਏ। ਬਹੁਤ ਦਿਨ ਲੰਘ ਗਏ। ਹੁਣ ਜਾਮਣਾਂ ਖ਼ਤਮ ਹੋਣ 'ਤੇ ਆ ਗਈਆਂ ਸਨ।

ਇੱਕ ਦਿਨ ਮਗਰਮੱਛਣੀ ਮਗਰਮੱਛ ਨੂੰ ਕਹਿਣ ਲੱਗੀ, "ਬਾਂਦਰ ਨੇ ਹਰ ਰੋਜ਼ ਏਨੀਆਂ ਮਿੱਠੀਆਂ ਜਾਮਣਾਂ ਖਾਧੀਆਂ ਹਨ। ਉਸ ਦਾ ਦਿਲ ਤਾਂ ਬਹੁਤ ਸੁਆਦ ਹੋਵੇਗਾ। ਜੇ ਤੂੰ ਮੈਨੂੰ ਪਿਆਰ ਕਰਦਾ ਹੈਂ ਤਾਂ ਤੂੰ ਮੈਨੂੰ ਬਾਂਦਰ ਦਾ ਦਿਲ ਕੱਢ ਕੇ ਲਿਆ ਦੇ।" ਮਗਰਮੱਛ ਆਪਣੇ ਦੋਸਤ ਨਾਲ਼ ਧੋਖਾ ਨਹੀਂ ਕਰਨਾ ਚਾਹੁੰਦਾ ਸੀ। ਪਰ ਉਹ ਆਪਣੀ ਪਤਨੀ ਦੀ ਜ਼ਿਦ ਅੱਗੇ ਹਾਰ ਚੁੱਕਾ ਸੀ। ਉਹ ਉਦਾਸ ਮਨ ਨਾਲ਼ ਕੰਢੇ ਵੱਲ ਨੂੰ ਚੱਲ ਪਿਆ। ਕੰਢੇ 'ਤੇ ਪਹੁੰਚ ਕੇ ਉਸ ਨੇ ਬਾਂਦਰ ਨੂੰ ਕਿਹਾ, "ਪਿਆਰੇ ਦੋਸਤ ! ਤੂੰ ਮੈਨੂੰ ਹਰ ਰੋਜ਼ ਬਹੁਤ ਹੀ ਸੁਆਦੀ ਜਾਮਣਾਂ ਖੁਆਉਂਦਾ ਹੈਂ। ਤੇਰੀ ਭਾਬੀ ਵੀ ਤੈਨੂੰ ਬਹੁਤ ਯਾਦ ਕਰਦੀ ਹੈ। ਉਹ ਤੇਰਾ ਧੰਨਵਾਦ ਕਰਨਾ ਚਾਹੁੰਦੀ ਹੈ ਇਸ ਲਈ ਅੱਜ ਮੈਂ ਤੈਨੂੰ ਦਰਿਆ ਦੀ ਸੈਰ ਕਰਵਾਉਂਦਾ ਹਾਂ ਤੇ ਨਾਲ਼ੇ ਤੂੰ ਮੇਰੇ ਨਾਲ਼ ਮੇਰੇ ਘਰ ਚੱਲ।" ਬਾਂਦਰ ਝੱਟ ਮੰਨ ਗਿਆ।

ਬਾਂਦਰ ਮਗਰਮੱਛ ਦੀ ਪਿੱਠ ਉੱਪਰ ਬੈਠ ਗਿਆ। ਜਦੋਂ ਉਹ ਦਰਿਆ ਦੇ ਵਿਚਕਾਰ ਪੁੱਜੇ ਤਾਂ ਮਗਰਮੱਛ ਹੱਸਣ ਲੱਗ ਪਿਆ। ਬਾਂਦਰ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਉਸ ਨੂੰ ਮਾਰਨ ਲਈ ਆਪਣੇ ਘਰ ਲਿਜਾ ਰਿਹਾ ਹੈ ਕਿਉਂਕਿ ਉਸ ਦੀ ਘਰਵਾਲ਼ੀ ਉਸ ਦਾ ਦਿਲ ਖਾਣਾ ਚਾਹੁੰਦੀ ਹੈ।

ਇਹ ਸੁਣ ਕੇ ਬਾਂਦਰ ਖ਼ੂਬ ਖਿੜਖਿੜਾ ਕੇ ਹੱਸਿਆ ਅਤੇ ਕਹਿਣ ਲੱਗਾ, "ਇਸ ਤੋਂ ਵੱਧ ਮੇਰੇ ਲਈ ਖ਼ੁਸ਼ੀ ਦੀ ਕੀ ਗੱਲ ਹੋ ਸਕਦੀ ਹੈ ? ਮੈਂ ਭਾਬੀ ਨੂੰ ਆਪਣਾ ਦਿਲ ਆਪ ਪੇਸ਼ ਕਰਾਂਗਾ। ਪਰ ਤੂੰ ਮੈਨੂੰ ਪਹਿਲਾਂ ਦੱਸਣਾ ਸੀ ਕਿਉਂਕਿ ਮੈਂ ਆਪਣਾ ਦਿਲ ਤਾਂ ਜਾਮਣ ਦੇ ਉੱਤੇ ਹੀ ਛੱਡ ਆਇਆ ਹਾਂ। ਚੱਲ, ਜਲਦੀ-ਜਲਦੀ ਲੈ ਆਈਏ।" ਮਗਰਮੱਛ ਬਾਂਦਰ ਨੂੰ ਵਾਪਸ ਕੰਢੇ ਵੱਲ ਲੈ ਆਇਆ। ਕੰਢੇ ਕੋਲ਼ ਪੁੱਜ ਕੇ ਬਾਂਦਰ ਨੇ ਟਪੂਸੀ ਮਾਰੀ ਤੇ ਦਰਖ਼ਤ 'ਤੇ ਚੜ੍ਹ ਗਿਆ ਅਤੇ ਕਹਿਣ ਲੱਗਾ, "ਚੰਗੀ ਦੋਸਤੀ ਨਿਭਾਈ ਤੂੰ ! ਤੈਨੂੰ ਮੈਂ ਆਪਣਾ ਦੋਸਤ ਸਮਝ ਕੇ ਹਰ ਰੋਜ਼ ਜਾਮਣਾਂ ਖੁਆਉਂਦਾ ਰਿਹਾ ਤੇ ਤੂੰ ਮੈਨੂੰ ਹੀ ਮਾਰਨ ਦੀਆਂ ਸਕੀਮਾਂ ਬਣਾਈ ਬੈਠਾ ਹੈਂ। ਜਾ, ਇੱਥੋਂ ਚਲਾ ਜਾ ਤੇ ਫਿਰ ਮੈਨੂੰ ਆਪਣੀ ਭੈੜੀ ਸ਼ਕਲ ਨਾ ਦਿਖਾਈਂ।"

ਮਗਰਮੱਛ ਬਹੁਤ ਹੀ ਦੁਖੀ ਹਿਰਦੇ ਨਾਲ਼ ਆਪਣੇ ਘਰ ਵਾਪਸ ਪਰਤ ਗਿਆ। ਉਹ ਆਪਣੀ ਪਤਨੀ ਦੇ ਆਖੇ ਲੱਗ ਕੇ ਬਹੁਤ ਪਛਤਾ ਰਿਹਾ ਸੀ।

ਸਿੱਖਿਆ : - ਸੁਾਰਥੀ ਮਿੱਤਰਾਂ ਤੋਂ ਬਚੋ।

## ਸਿਆਣਾ ਕਾਂ

ਇੱਕ ਵਾਰੀ ਦੀ ਗੱਲ ਹੈ ਕਿ ਇੱਕ ਰਾਜੇ ਦਾ ਬੜਾ ਸੋਹਣਾ ਬਾਗ਼ ਸੀ। ਬਾਗ਼ ਦੇ ਵਿਚਕਾਰ ਇੱਕ ਵੱਡਾ ਸਾਰਾ ਤਲਾਅ ਸੀ। ਰਾਜਕੁਮਾਰ ਹਰ ਰੋਜ਼ ਇਸ ਬਾਗ਼ ਵਿੱਚ ਟਹਿਲਦਾ ਸੀ। ਟਹਿਲਣ ਤੋਂ ਬਾਅਦ ਰਾਜਕੁਮਾਰ ਤਲਾਅ ਵਿੱਚ ਇਸ਼ਨਾਨ ਕਰਦਾ ਸੀ।

ਤਲਾਅ ਤੋਂ ਕੁਝ ਹਟਵਾਂ ਦੱਖਣ ਦਿਸ਼ਾ ਵੱਲ ਦੇ ਪਾਸੇ ਇੱਕ ਬਹੁਤ ਪੁਰਾਣਾ ਬੋਹੜ ਸੀ। ਇਸ ਬੋਹੜ 'ਤੇ ਇੱਕ ਕਾਂ ਅਤੇ ਕਾਂਉਣੀ ਦਾ ਜੋੜਾ ਰਹਿੰਦਾ ਸੀ। ਇਸੇ ਬੋਹੜ ਦੀ ਖੋੜ ਵਿੱਚ ਇੱਕ ਕਾਲ਼ਾ ਸੱਪ ਵੀ ਰਹਿੰਦਾ ਸੀ। ਜਦੋਂ ਵੀ ਕਾਂਉਣੀ ਆਂਡੇ ਦਿੰਦੀ ਤਾਂ ਸੱਪ ਅੱਖ ਬਚਾ ਕੇ ਆਂਡੇ ਪੀ ਜਾਂਦਾ। ਕਾਂ ਅਤੇ ਕਾਂਉਣੀ ਦੋਵੇਂ ਇਸ ਸੱਪ ਤੋਂ ਬਹੁਤ ਦੁਖੀ ਸਨ ਪਰ ਜ਼ੋਰਾਵਰ ਸੱਪ ਦਾ ਉਹ ਕੁਝ ਵੀ ਵਿਗਾੜ ਨਹੀਂ ਸੀ ਸਕਦੇ।

ਪੰਛੀਆਂ ਵਿੱਚ ਕਾਂ ਨੂੰ ਸਭ ਤੋਂ ਵੱਧ ਸਿਆਣਾ ਸਮਝਿਆ ਜਾਂਦਾ ਹੈ। ਕਾਫੀ ਸੋਚ-ਵਿਚਾਰ ਕਰਨ ਤੋਂ ਬਾਅਦ ਕਾਂ ਨੇ ਇੱਕ ਵਿਓਂਤ ਸੋਚੀ। ਇੱਕ ਦਿਨ ਜਦੋਂ ਰਾਜਕੁਮਾਰ ਤਲਾਅ 'ਤੇ ਨ੍ਹਾਉਣ ਲਈ ਆਇਆ ਤਾਂ ਕਾਂ ਵੀ ਨੇੜੇ ਦੇ ਰੁੱਖ 'ਤੇ ਆ ਬੈਠਾ। ਰਾਜਕੁਮਾਰ ਨੇ ਹੌਲ਼ੀ-ਹੌਲ਼ੀ ਸਾਰੇ ਕੱਪੜੇ ਲਾਹੇ ਅਤੇ ਗਲ਼ੇ ਵਿੱਚੋਂ ਸੋਨੇ ਦਾ ਹਾਰ ਵੀ ਲਾਹ ਕੇ ਕੱਪੜਿਆਂ ਉੱਪਰ ਰੱਖ ਦਿੱਤਾ। ਜਿਉਂ ਹੀ ਰਾਜਕੁਮਾਰ ਤਲਾਅ 'ਚ ਨ੍ਹਾਉਣ ਗਿਆ ਤਾਂ ਕਾਂ ਨੇ ਸੋਨੇ ਦਾ ਹਾਰ ਆਪਣੀ ਚੁੰਝ ਵਿੱਚ ਚੁੱਕ ਲਿਆ ਅਤੇ ਸਹਿਜੇ-ਸਹਿਜੇ ਉੱਡਦਾ ਹੋਇਆ ਬੋਹੜ ਦੇ ਦਰਖ਼ਤ ਵੱਲ ਵਧਿਆ। ਰਾਜਕੁਮਾਰ ਨੇ ਕਾਂ ਨੂੰ ਹਾਰ ਚੁੱਕਦਿਆਂ ਵੇਖ ਲਿਆ ਸੀ। ਉਸ ਨੇ ਆਪਣੇ ਸਿਪਾਹੀਆਂ ਨੂੰ ਕਾਂ ਦਾ ਪਿੱਛਾ ਕਰਨ ਲਈ ਦੁੜਾਇਆ। ਕਾਂ ਨੇ ਉਹ ਹਾਰ ਸੱਪ ਦੀ ਖੋੜ ਵਿੱਚ ਸੁੱਟ ਦਿੱਤਾ। ਸਿਪਾਹੀ ਕਾਂ ਦਾ ਪਿੱਛਾ ਕਰਦੇ ਹੋਏ ਬੋਹੜ ਦੇ ਦਰਖ਼ਤ ਹੇਠਾਂ ਪਹੁੰਚ ਗਏ। ਉਹਨਾਂ ਨੇ ਕਾਂ ਨੂੰ ਹਾਰ ਸੁੱਟਦਿਆਂ ਵੇਖ ਲਿਆ। ਸਿਪਾਹੀਆਂ ਨੇ ਡਾਂਗ ਨਾਲ਼ ਖੋੜ 'ਚੋਂ ਹਾਰ ਕੱਢਣਾ ਚਾਹਿਆ। ਖ਼ਤਰਾ ਭਾਂਪ ਕੇ ਸੱਪ ਖੋੜ ਵਿੱਚੋਂ ਬਾਹਰ ਨਿਕਲ਼ ਆਇਆ। ਰਾਜੇ ਦੇ ਸਿਪਾਹੀਆਂ ਨੇ ਡਾਂਗਾਂ ਮਾਰ-ਮਾਰ ਕੇ ਸੱਪ ਨੂੰ ਮਾਰ ਮੁਕਾਇਆ ਅਤੇ ਹਾਰ ਨੂੰ ਖੋੜ ਵਿੱਚੋਂ ਬਾਹਰ ਕੱਢ ਲਿਆ। ਰਾਜਕੁਮਾਰ ਹਾਰ ਪ੍ਰਾਪਤ ਕਰਕੇ ਬਹੁਤ ਖ਼ੁਸ਼ ਹੋਇਆ।

ਕਾਂ ਅਤੇ ਕਾਂਉਣੀ ਬੋਹੜ 'ਤੇ ਬੈਠੇ ਸਭ ਕੁਝ ਦੇਖ ਰਹੇ ਸਨ। ਉਹ ਸੱਪ ਨੂੰ ਮਰਿਆ ਵੇਖ ਕੇ ਬਹੁਤ ਖ਼ੁਸ਼ ਹੋਏ। ਹੁਣ ਉਹਨਾਂ ਦਾ ਦੁਸ਼ਮਣ ਸਦਾ ਲਈ ਮਰ ਚੁੱਕਿਆ ਸੀ। ਅੱਗੋਂ ਲਈ ਉਹਨਾਂ ਦੇ ਆਂਡਿਆਂ ਨੂੰ ਕੋਈ ਖ਼ਤਰਾ ਨਹੀਂ ਰਿਹਾ ਸੀ। ਉਹ ਆਪਣੇ ਪਰਿਵਾਰ ਵਿੱਚ ਵਾਧਾ ਕਰ ਸਕਦੇ ਸਨ । ਇਸ ਤਰ੍ਹਾਂ ਕਾਂ ਨੇ ਆਪਣੀ ਸਿਆਣਪ ਨਾਲ਼ ਆਪਣੇ ਤੋਂ ਤਾਕਤਵਰ ਦੁਸ਼ਮਣ ਨੂੰ ਮਾਰ ਮੁਕਾਇਆ। ਕਾਂ ਅਤੇ ਕਾਂਉਣੀ ਸੁਖੀ-ਸੁਖੀ ਰਹਿਣ ਲੱਗੇ।

ਸਿੱਖਿਆ : - ਮੁਸੀਬਤ ਸਮੇਂ ਸਿਆਣਪ ਹੀ ਕੰਮ ਆਉਂਦੀ ਹੈ।

ਜਾਂ

ਸਾਨੂੰ ਮੁਸੀਬਤ ਸਮੇਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ।

## ਸੰਕੇਤਾਂ ਦੇ ਆਧਾਰ 'ਤੇ ਕਹਾਣੀ-ਰਚਨਾ :

### ਇਮਾਨਦਾਰ ਲੱਕੜਹਾਰਾ

ਸੰਕੇਤ : —

ਇੱਕ ਲੱਕੜਹਾਰਾ — ਜੰਗਲ਼ ਵਿੱਚ ਲੱਕੜੀਆਂ ਕੱਟਣਾ— ਇੱਕ ਦਿਨ ਨਦੀ ਕਿਨਾਰੇ— ਲੱਕੜੀਆਂ ਕੱਟਦਾ— ਕੁਹਾੜਾ ਨਦੀ ਵਿੱਚ ਡਿੱਗ ਪਿਆ— ਰੋਣਾ— ਦੇਵਤਾ ਪ੍ਰਗਟ ਹੋਣਾ— ਪਹਿਲਾਂ ਸੋਨੇ ਦਾ— ਫਿਰ ਚਾਂਦੀ ਦਾ—ਲੱਕੜਹਾਰੇ ਦਾ ਇਨਕਾਰ ਕਰਨਾ—ਲੋਹੇ ਦਾ ਕੁਹਾੜਾ— ਆਪਣਾ ਕੁਹਾੜਾ ਲੈਣਾ—ਦੇਵਤੇ ਨੇ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਸਾਰੇ ਕੁਹਾੜੇ ਦੇ ਦਿੱਤੇ — ।

ਸਿੱਟਾ — ਇਮਾਨਦਾਰੀ ਸਭ ਤੋਂ ਚੰਗੀ ਨੀਤੀ ਹੈ।

### ਲੂੰਬੜੀ ਤੇ ਕਾਂ

ਸੰਕੇਤ :—

ਇੱਕ ਲੂੰਬੜੀ — ਜੰਗਲ਼ — ਭੋਜਨ ਦੀ ਤਲਾਸ਼— ਇੱਕ ਕਾਂ ਨੂੰ ਵੇਖਣਾ — ਮੂੰਹ ਵਿੱਚ ਪਨੀਰ ਦਾ ਟੁਕੜਾ— ਲੂੰਬੜੀ ਦੇ ਮੂੰਹ ਵਿੱਚ ਪਾਣੀ ਆਉਣਾ— ਖ਼ੁਸ਼ਾਮਦ — ਗੀਤ ਦੀ ਫ਼ਰਮਾਇਸ਼— ਕਾਂ ਦਾ ਫੁੱਲ ਕੇ ਕੁੱਪਾ ਹੋਣਾ — ਗੀਤ ਗਾਉਣਾ — ਪਨੀਰ ਡਿਗਣਾ— ਲੂੰਬੜੀ ਵੱਲੋਂ ਪਨੀਰ ਦਾ ਟੁਕੜਾ ਲੈ ਕੇ ਚਲੇ ਜਾਣਾ — ਗਾਣਾ ਫਿਰ ਕਿਸੇ ਵੇਲ਼ੇ —

ਸਿੱਟਾ : — ਖ਼ੁਸ਼ਾਮਦੀ ਲੋਕਾਂ ਤੋਂ ਬਚੋ।

### ਹੰਕਾਰੀ ਬਾਰਾਂਸਿੰਗਾ

ਸੰਕੇਤ : —

ਇੱਕ ਬਾਰਾਸਿੰਗਾ — ਜੰਗਲ਼ ਵਿੱਚ — ਤਲਾਅ —ਪਾਣੀ ਪੀਣਾ— ਪਰਛਾਂਵਾਂ ਵੇਖਣਾ— ਸਿੰਗਾਂ ਦੀ ਪ੍ਰਸੰਸਾ—ਲੱਤਾਂ—ਭੱਦੀਆਂ — ਉਦਾਸ ਹੋਣਾ— ਸ਼ਿਕਾਰੀ ਕੁੱਤੇ — ਦੌੜਨਾ — ਝਾੜੀਆਂ ਵਿੱਚ ਫਸਣਾ — ਪਛਤਾਉਣਾ — ਸ਼ਿਕਾਰੀ ਕੁੱਤੇ — ਖਾ ਜਾਣਾ —।

ਸਿੱਟਾ : — ਕਦੀ ਕਿਸੇ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

*****

# ਲੇਖ-ਰਚਨਾ

ਕਿਸੇ ਦਿੱਤੇ ਵਿਸ਼ੇ ਉੱਤੇ ਵਾਰਤਕ ਵਿੱਚ ਕੀਤੀ ਰਚਨਾ ਨੂੰ ਲੇਖ ਕਹਿੰਦੇ ਹਨ। ਲੇਖ ਲਿਖਣ ਲਈ ਉਸ ਵਿਸ਼ੇ ਬਾਰੇ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਚੰਗਾ ਲੇਖ ਲਿਖਣ ਲਈ ਹੇਠ ਲਿਖੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਜ਼ਰੂਰੀ ਹਨ:-

1. ਲੇਖ ਲਈ ਵਿਸ਼ਾ ਉਹ ਚੁਣੋ ਜਿਸ ਬਾਰੇ ਕਾਫ਼ੀ ਜਾਣਕਾਰੀ ਹੋਵੇ।
2. ਲੇਖ ਵਿੱਚ ਜੋ ਲਿਖਿਆ ਜਾਵੇ, ਉਹ ਖ਼ਾਸ ਤਰਤੀਬ ਵਿੱਚ ਹੋਵੇ।
3. ਲੇਖ ਦੇ ਵਿਸ਼ੇ ਨੂੰ ਸਪਸ਼ਟ, ਸਰਲ ਅਤੇ ਸਾਦੇ ਢੰਗ ਨਾਲ਼ ਬਿਆਨ ਕੀਤਾ ਜਾਵੇ।
4. ਲੇਖ ਦਾ ਅਰੰਭ ਅਤੇ ਅੰਤ ਬਹੁਤ ਸਪਸ਼ਟ ਅਤੇ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ।
5. ਲੇਖ ਛੋਟੇ-ਛੋਟੇ ਪੈਰਿਆਂ ਵਿੱਚ ਲਿਖਿਆ ਜਾਵੇ। ਵੱਖ-ਵੱਖ ਵਿਚਾਰਾਂ ਲਈ ਵੱਖ-ਵੱਖ ਪੈਰੇ ਹੋਣੇ ਚਾਹੀਦੇ ਹਨ।
6. ਵਾਕ ਛੋਟੇ-ਛੋਟੇ ਹੋਣੇ ਚਾਹੀਦੇ ਹਨ।
7. ਲੇਖ ਦੀ ਬੋਲੀ ਸਰਲ ਅਤੇ ਭਾਵਪੂਰਤ ਹੋਵੇ।
8. ਲਿਖਾਈ ਸੁੰਦਰ ਅਤੇ ਸਾਫ਼ ਹੋਣੀ ਚਾਹੀਦੀ ਹੈ।
9. ਸ਼ਬਦ—ਜੋੜਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ।
10. ਲੇਖ ਲਿਖਣ ਤੋਂ ਬਾਅਦ ਉਸ ਨੂੰ ਦੋ-ਤਿੰਨ ਵਾਰ ਜ਼ਰੂਰ ਪੜ੍ਹੋ। ਇਸ ਤਰ੍ਹਾਂ ਕਰਨ ਨਾਲ਼ ਜੇ ਕੋਈ ਗ਼ਲਤੀ ਜਾਂ ਕਮੀ ਰਹਿ ਗਈ ਹੋਵੇਗੀ ਤਾਂ ਉਹ ਠੀਕ ਕੀਤੀ ਜਾ ਸਕਦੀ ਹੈ।

# ਮੇਰੇ ਮਾਤਾ ਜੀ

ਸੰਸਾਰ ਭਰ ਦੇ ਸਿਆਣਿਆਂ ਨੇ ਮਾਂ ਦੀ ਮਹਿਮਾ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਕੀਤੀ ਹੈ। ਮਾਂ ਦੇ ਰਿਸ਼ਤੇ ਨੂੰ ਦੁਨੀਆ ਵਿੱਚ ਸਭ ਰਿਸ਼ਤਿਆਂ ਤੋਂ ਉੱਚਾ ਅਤੇ ਸੁੱਚਾ ਮੰਨਿਆ ਹੈ। ਮੇਰੇ ਮਾਤਾ ਜੀ ਵਿੱਚ ਉਹ ਸਾਰੇ ਗੁਣ ਹਨ ਜੋ ਇੱਕ ਆਦਰਸ਼ ਮਾਂ ਵਿੱਚ ਹੁੰਦੇ ਹਨ। ਮੇਰੇ ਮਾਤਾ ਜੀ ਬੀ. ਏ., ਬੀ.ਐੱਡ. ਹਨ। ਉਹ ਸਰਕਾਰੀ ਸਕੂਲ ਵਿੱਚ ਅਧਿਆਪਕਾ ਹਨ। ਉਹ ਆਪਣੀ ਡਿਊਟੀ ਬਖ਼ੂਬੀ ਨਿਭਾਉਂਦੇ ਹਨ। ਵਿਦਿਆਰਥੀ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਹਨ।

ਮੇਰੇ ਮਾਤਾ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਹਨ। ਉਹ ਸਵੇਰੇ ਜਲਦੀ ਉੱਠਦੇ ਹਨ। ਉਹ ਸਵੇਰੇ ਪੂਜਾ-ਪਾਠ ਕਰਦੇ ਹਨ। ਉਹ ਸਦਾ ਸਾਦੇ ਅਤੇ ਸਾਫ਼-ਸੁਥਰੇ ਕੱਪੜੇ ਪਹਿਨਦੇ ਹਨ। ਉਹ ਘਰ ਦਾ ਸਾਰਾ ਕੰਮ ਆਪ ਕਰਦੇ ਹਨ। ਉਹਨਾਂ ਨੂੰ ਚੰਗੇ-ਚੰਗੇ ਖਾਣੇ ਬਣਾਉਣ ਅਤੇ ਖੁਆਉਣ ਦਾ ਬੜਾ ਸ਼ੌਕ ਹੈ। ਉਹ ਪੌਸ਼ਟਿਕਤਾ ਦਾ ਵੀ ਪੂਰਾ ਧਿਆਨ ਰੱਖਦੇ ਹਨ।

ਉਹਨਾਂ ਦਾ ਸੁਭਾਅ ਬਹੁਤ ਚੰਗਾ ਹੈ। ਉਹ ਸਦਾ ਖ਼ੁਸ਼ ਰਹਿੰਦੇ ਹਨ। ਇਸ ਕਰਕੇ ਉਹਨਾਂ ਦੇ ਹਸੂੰ-ਹਸੂੰ ਕਰਦੇ ਚਿਹਰੇ 'ਤੇ ਅਨੋਖੀ ਚਮਕ ਰਹਿੰਦੀ ਹੈ। ਉਹ ਸਾਨੂੰ ਸਭ ਨੂੰ ਵੀ ਖ਼ੁਸ਼ ਰੱਖਦੇ ਹਨ। ਮੇਰੇ

ਮਾਤਾ ਜੀ ਨੂੰ ਪ੍ਰਕਿਰਤੀ ਨਾਲ਼ ਬਹੁਤ ਪਿਆਰ ਹੈ। ਉਹ ਘਰ ਦੀ ਬਗ਼ੀਚੀ ਵਿੱਚ ਸੁੰਦਰ ਫੁੱਲ ਤੇ ਸ਼ਬਜ਼ੀਆਂ ਲਾਉਂਦੇ ਹਨ ਅਤੇ ਉਹਨਾਂ ਦੀ ਦੇਖ-ਭਾਲ਼ ਕਰਦੇ ਹਨ।

ਮੇਰੇ ਮਾਤਾ ਜੀ ਮੁਸ਼ਕਲ ਸਮੇਂ ਘਬਰਾਉਂਦੇ ਨਹੀਂ। ਉਹ ਮੇਰੇ ਲਈ ਪ੍ਰੇਰਨਾ ਦਾ ਸੋਮਾ ਹਨ। ਪੜ੍ਹਾਈ ਵਿੱਚ ਵੀ ਉਹ ਮੇਰੀ ਹਮੇਸ਼ਾਂ ਮਦਦ ਕਰਦੇ ਹਨ। ਮੇਰੇ ਮਾਤਾ ਜੀ ਕਿਸੇ ਪ੍ਰਕਾਰ ਦੇ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਦਾ ਮੇਰੀ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਹੈ। ਉਹ ਸਿਰਫ਼ ਮੈਨੂੰ ਹੀ ਨਹੀਂ ਸਗੋਂ ਸਾਰੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਹਨ।

ਮੇਰੇ ਮਾਤਾ ਜੀ ਨੂੰ ਸਮਾਜ-ਸੇਵਾ ਕਰਨ ਦਾ ਵੀ ਬਹੁਤ ਸ਼ੌਕ ਹੈ। ਉਹ ਸਾਡੇ ਮਹੱਲੇ ਦੀ ਇਸਤਰੀ-ਸਭਾ ਦੇ ਪ੍ਰਧਾਨ ਵੀ ਹਨ। ਅਸੀਂ ਸਭ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਹਾਂ। ਮੈਨੂੰ ਆਪਣੇ ਮਾਤਾ ਜੀ ਉੱਤੇ ਬਹੁਤ ਮਾਣ ਹੈ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਨਿਰੋਗ ਰਹਿਣ ਅਤੇ ਉਹਨਾਂ ਦੀ ਉਮਰ ਲੰਮੀ ਹੋਵੇ।

## ਸਾਡੇ ਪਿੰਡ

ਸਾਡੇ ਦੇਸ ਦੀ ਬਹੁਤੀ ਵੱਸੋਂ ਪਿੰਡਾਂ ਵਿੱਚ ਵੱਸਦੀ ਹੈ। ਸਾਡੇ ਪਿੰਡ ਸ਼ਹਿਰਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ। ਪਿੰਡਾਂ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਹਵਾਵਾਂ ਮਨ ਨੂੰ ਮੋਹ ਲੈਂਦੀਆਂ ਹਨ। ਜਦੋਂ ਮਨੁੱਖ ਤਾਜ਼ੀ ਹਵਾ ਵਿੱਚ ਸਾਹ ਲੈਂਦਾ ਹੈ ਤਾਂ ਅਨੇਕਾਂ ਬਿਮਾਰੀਆਂ ਤੋਂ ਛੁਟਕਾਰਾ ਪਾਉਂਦਾ ਹੈ। ਪਿੰਡਾਂ ਵਿੱਚ ਸੜਕਾਂ ਦਾ ਜਾਲ਼ ਵਿਛਿਆ ਹੋਇਆ ਹੈ। ਹਰ ਪਿੰਡ ਨੂੰ ਬੱਸਾਂ, ਗੱਡੀਆਂ, ਸਕੂਟਰ, ਮੋਟਰ-ਸਾਈਕਲ, ਟੈਂਪੂ ਆਦਿ ਆਉਂਦੇ-ਜਾਂਦੇ ਆਮ ਵੇਖੇ ਜਾ ਸਕਦੇ ਹਨ। ਅੱਜ-ਕੱਲ੍ਹ ਪਿੰਡਾਂ ਵਾਲ਼ਿਆਂ ਨੂੰ ਸ਼ਹਿਰ ਜਾਣ ਵਾਸਤੇ ਘੰਟਿਆਂਬੱਧੀ ਬੱਸ-ਅੱਡਿਆਂ 'ਤੇ ਖੜ੍ਹਨਾ ਨਹੀਂ ਪੈਂਦਾ ਹੈ।

ਸਾਡੇ ਪਿੰਡ ਵਿੱਦਿਅਕ ਸਹੂਲਤਾਂ ਨਾਲ਼ ਵੀ ਭਰਪੂਰ ਹਨ। ਕੋਈ ਅਜਿਹਾ ਪਿੰਡ ਨਹੀਂ ਹੋਵੇਗਾ ਜਿੱਥੇ ਕੋਈ ਸਕੂਲ ਨਹੀਂ। ਪਿੰਡਾਂ ਦੇ ਬੱਚੇ ਵਿੱਦਿਅਕ ਖੇਤਰ ਵਿੱਚ ਖ਼ੂਬ ਮੱਲਾਂ ਮਾਰ ਰਹੇ ਹਨ।

ਪਿੰਡਾਂ ਵਿੱਚ ਸਿਹਤ-ਸੇਵਾਵਾਂ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਤਜਰਬੇਕਾਰ ਡਾਕਟਰਾਂ ਨੇ ਆਪਣੇ-ਆਪਣੇ ਕਲੀਨਿਕ ਖੋਲ੍ਹੇ ਹੋਏ ਹਨ। ਉਹ ਮਰੀਜ਼ਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਉਪਲਬਧ ਕਰਵਾਉਂਦੇ ਹਨ। ਗੱਲ ਕੀ, ਸਾਡੇ ਪਿੰਡਾਂ ਵਿੱਚ ਸਿਹਤ-ਸੇਵਾਵਾਂ ਕਾਫ਼ੀ ਪ੍ਰਫੁਲਿਤ ਹੋ ਗਈਆਂ ਹਨ।

ਸਾਡੇ ਪੇਂਡੂ ਕਿਰਸਾਣ ਵੱਧ ਤੋਂ ਵੱਧ ਅਨਾਜ ਪੈਦਾ ਕਰਕੇ ਦੇਸ ਦੇ ਅਨਾਜ ਦੇ ਭੰਡਾਰ ਭਰ ਰਹੇ ਹਨ। ਕਿਰਸਾਣ ਪੜ੍ਹਿਆ-ਲਿਖਿਆ ਹੋਣ ਕਰਕੇ ਨਵੀਆਂ-ਨਵੀਆਂ ਮਸ਼ੀਨਾਂ, ਔਜ਼ਾਰਾਂ, ਬੀਜਾਂ, ਦਵਾਈਆਂ, ਖਾਦਾਂ ਆਦਿ ਦੀ ਵਰਤੋਂ ਕਰਕੇ ਖੇਤੀ ਕਰਦਾ ਹੈ।

ਸਾਡੇ ਪਿੰਡਾਂ ਦੇ ਲੋਕ ਪੜ੍ਹੇ-ਲਿਖੇ ਹੋਣ ਕਰਕੇ ਉੱਚੀਆਂ-ਉੱਚੀਆਂ ਪਦਵੀਆਂ 'ਤੇ ਨੌਕਰੀਆਂ ਕਰਦੇ ਹਨ। ਸਾਡੇ ਪਿੰਡਾਂ ਵਿੱਚ ਸਫ਼ਾਈ ਦਾ ਉਚੇਚਾ ਪ੍ਰਬੰਧ ਹੈ। ਹਰੇਕ ਪਿੰਡ ਵਿੱਚ ਪੱਕੀਆਂ ਗਲ਼ੀਆਂ ਅਤੇ ਨਾਲ਼ੀਆਂ ਬਣੀਆਂ ਹੋਈਆਂ ਹਨ। ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਵੀ ਬਹੁਤ ਹੱਦ ਤੱਕ ਠੀਕ ਹੈ।

ਸਾਡੇ ਪਿੰਡਾਂ ਦੀਆਂ ਪੰਚਾਇਤਾਂ ਬੜੀ ਸਮਝਦਾਰੀ ਨਾਲ਼ ਕੰਮ ਕਰਦੀਆਂ ਹਨ। ਹਰ ਪਿੰਡ ਵਿੱਚ ਬਹੁਤੇ ਪੰਚਾਇਤੀ ਮੈਂਬਰ ਪੜ੍ਹੇ ਲਿਖੇ ਹਨ। ਉਹ ਪਿੰਡਾਂ ਦੀ ਬਿਹਤਰੀ ਵਾਸਤੇ ਹੀ ਸੋਚਦੇ ਰਹਿੰਦੇ ਹਨ।

ਹੁਣ ਪਿੰਡਾਂ ਵਿੱਚ ਸਰਕਾਰੀ ਅਤੇ ਅਰਧ-ਸਰਕਾਰੀ ਉਦਯੋਗਿਕ ਇਕਾਈਆਂ ਵੀ ਕੰਮ ਕਰ ਰਹੀਆਂ ਹਨ। ਇਸ ਲਈ ਕਈਆਂ ਨੂੰ ਰੁਜ਼ਗਾਰ ਪਿੰਡਾਂ ਵਿੱਚ ਹੀ ਮਿਲ਼ ਜਾਂਦਾ ਹੈ। ਹੁਣ ਪਿੰਡਾਂ ਦੀਆਂ ਔਰਤਾਂ ਵੀ ਘਰ ਬੈਠੇ ਹੀ ਸਿਲਾਈ-ਕਢਾਈ ਦਾ ਕੰਮ ਕਰਦੀਆਂ ਹਨ। ਇਸ ਤਰ੍ਹਾਂ ਇਹ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋ ਰਹੀਆਂ ਹਨ।

ਭਾਵੇਂ ਹੁਣ ਵੀ ਕਾਫ਼ੀ ਲੋਕਾਂ ਨੂੰ ਪਿੰਡਾਂ ਤੋਂ ਸ਼ਹਿਰਾਂ ਵੱਲ ਉਚੇਰੀ ਪੜ੍ਹਾਈ ਲਈ ਜਾਣਾ ਪੈਂਦਾ ਹੈ ਪਰ ਜਦੋਂ ਉਹਨਾਂ ਨੂੰ ਉਪਰੋਕਤ ਸਭ ਸਹੂਲਤਾਂ ਪਿੰਡਾਂ ਵਿੱਚ ਹੀ ਉਪਲਬਧ ਹੋ ਜਾਣਗੀਆਂ ਤਾਂ ਉਹ ਸ਼ਹਿਰ ਨਾਲ਼ੋਂ ਪਿੰਡ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਨਗੇ ਕਿਉਂਕਿ ਸਾਡੇ ਪਿੰਡ ਸ਼ਹਿਰਾਂ ਦੇ ਮੁਕਾਬਲੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਮੁਕਤ ਹਨ।

ਅਸੀਂ ਆਪਣੇ ਪਿੰਡਾਂ ਦੀ ਜਿੰਨੀ ਵੀ ਸਿਫ਼ਤ ਕਰੀਏ ਥੋੜ੍ਹੀ ਹੈ। ਸਾਡੀ ਸਰਕਾਰ ਵੀ ਪਿੰਡਾਂ ਦੇ ਜੀਵਨ-ਪੱਧਰ ਨੂੰ ਉੱਚਾ ਚੁੱਕਣ ਲਈ ਪੂਰੀ ਵਾਹ ਲਾ ਰਹੀ ਹੈ। ਕਦੀ ਅਜਿਹਾ ਸਮਾਂ ਵੀ ਆਵੇਗਾ ਜਦੋਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਜ਼ਿਆਦਾ ਫ਼ਰਕ ਨਜ਼ਰ ਨਹੀਂ ਆਵੇਗਾ।

## ਅਸੀਂ ਪਿਕਨਿਕ 'ਤੇ ਗਏ

ਦਸਹਿਰੇ ਦੀਆਂ ਛੁੱਟੀਆਂ ਸਨ। ਮੈਂ ਤੇ ਮੇਰੀਆਂ ਸਹੇਲੀਆਂ ਨੇ ਪਿਕਨਿਕ ਜਾਣ ਦੀ ਯੋਜਨਾ ਬਣਾਈ। ਸਭ ਸਹੇਲੀਆਂ ਨੇ ਆਪਣੇ-ਆਪਣੇ ਘਰੋਂ ਕੁਝ ਨਾ ਕੁਝ ਖਾਣ ਲਈ ਬਣਾ ਕੇ ਲਿਆਂਦਾ। ਸਾਰੀਆਂ ਸਹੇਲੀਆਂ ਸਾਈਕਲਾਂ 'ਤੇ ਮੇਰੇ ਘਰ ਇਕੱਠੀਆਂ ਹੋ ਗਈਆਂ। ਸਭ ਕੁੜੀਆਂ ਬਣ-ਫਬ ਕੇ ਆਈਆਂ ਸਨ। ਅਸੀਂ ਜ਼ਰੂਰੀ ਚੀਜ਼ਾਂ ਲੈ ਕੇ ਬਾਈ ਸੈੱਕਟਰ ਤੋਂ ਆਪਣੀਆਂ ਸਾਈਕਲਾਂ 'ਤੇ ਸੁਖਨਾ ਝੀਲ ਪਹੁੰਚ ਗਈਆਂ। ਝੀਲ ਪਾਣੀ ਨਾਲ਼ ਪੂਰੀ ਤਰ੍ਹਾਂ ਭਰੀ ਹੋਈ ਸੀ। ਹੋਰ ਲੋਕ ਵੀ ਸਾਡੇ ਵਾਂਗ ਮੌਜ-ਮਸਤੀ ਲਈ ਉੱਥੇ ਆਏ ਹੋਏ ਸਨ।

ਹਰੇ-ਹਰੇ ਘਾਹ ਉੱਤੇ ਨਵੇਕਲ਼ੀ ਥਾਂ ਵੇਖ ਕੇ ਅਸੀਂ ਦੋ ਚਟਾਈਆਂ ਵਿਛਾ ਲਈਆਂ। ਆਪਣੇ ਨਾਲ਼ ਲਿਆਂਦਾ ਸਮਾਨ ਅਸੀਂ ਚਟਾਈਆਂ ਉੱਤੇ ਟਿਕਾ ਦਿੱਤਾ। ਸਭ ਤੋਂ ਪਹਿਲਾਂ ਅਸੀਂ ਜੀਅ ਭਰ ਕੇ ਝੀਲ ਦੇ ਨਜ਼ਾਰੇ ਨੂੰ ਤੱਕਿਆ। ਬਹੁਤ ਸਾਰੇ ਲੋਕ ਕਿਸ਼ਤੀਆਂ ਲੈ ਕੇ ਪਾਣੀ ਵਿੱਚ ਅਨੰਦ ਮਾਣ ਰਹੇ ਸਨ। ਅਸੀਂ ਸਭ ਤੋਂ ਪਹਿਲਾਂ ਰੱਸੀ ਟੱਪਣ ਦੀ ਖੇਡ ਖੇਡੀ। ਫਿਰ ਲੁਕਣ-ਮੀਟੀ ਤੇ ਛੂਹਣ-ਛੁਹਾਈ ਖੇਡੀ ਤੇ ਅਖੀਰ ਥੱਕ ਕੇ ਸਾਰੀਆਂ ਜਣੀਆਂ ਚਟਾਈ 'ਤੇ ਆ ਬੈਠੀਆਂ।

ਅਸੀਂ ਕੜ੍ਹੀ-ਚਾਵਲ, ਪੂਰੀਆਂ—ਛੋਲੇ, ਖੀਰ ਅਤੇ ਫ਼ਲ਼ ਆਦਿ ਖਾਧੇ। ਤਾਸ਼ ਅਤੇ ਲੁੱਡੋ ਖੇਡੀ। ਨਾਲ਼ੋਂ-ਨਾਲ਼ ਚੁਟਕਲੇ ਵੀ ਸੁਣੇ ਤੇ ਸੁਣਾਏ। ਰਿਸ਼ੀ ਨੇ ਪੰਜਾਬੀ ਗੀਤ ਗਾਇਆ, ਪ੍ਰੀਤੀ ਨੇ ਗ਼ਜ਼ਲ ਸੁਣਾਈ। ਅਮਨ ਨੇ ਟੱਪੇ ਤੇ ਬੋਲੀਆਂ ਸੁਣਾਈਆਂ। ਅਚਾਨਕ ਇੱਕ ਪਾਸੇ ਤੋਂ ਬਹੁਤ ਸੁਰੀਲੀਆਂ ਧੁਨਾਂ ਦੀ ਅਵਾਜ਼ ਆਈ। ਅਸੀਂ ਮੁੜ ਕੇ ਦੇਖਿਆ ਤਾਂ ਪੁਲਿਸ-ਬੈਂਡ ਵਾਲ਼ੇ ਧੁਨਾਂ ਵਜਾ ਰਹੇ ਸਨ ਅਤੇ ਮਾਰਚ ਕਰ ਰਹੇ ਸਨ। ਉਹ ਮਾਰਚ ਕਰਦੇ-ਕਰਦੇ ਵੱਖ-ਵੱਖ ਆਕ੍ਰਿਤੀਆਂ ਬਣਾ ਰਹੇ ਸਨ। ਸਾਨੂੰ ਇਹ ਦੇਖ ਕੇ ਬੜਾ ਮਜ਼ਾ ਆਇਆ।

ਘਰ ਵਾਪਸ ਜਾਣ ਤੋਂ ਪਹਿਲਾਂ ਅਸੀਂ ਆਈਸ-ਕ੍ਰੀਮ ਖਾਧੀ। ਕਈਆਂ ਨੇ ਝੀਲ ਵਿੱਚ ਕਿਸ਼ਤੀ ਰਾਹੀਂ ਸੈਰ ਵੀ ਕੀਤੀ। ਫਿਰ ਆਪਣਾ-ਆਪਣਾ ਸਮਾਨ ਲੈ ਕੇ ਸਾਈਕਲ-ਸਟੈਂਡ ਤੋਂ ਸਾਈਕਲਾਂ ਲਈਆਂ ਤੇ ਖ਼ੁਸ਼ੀ-ਖ਼ੁਸ਼ੀ ਆਪੋ-ਆਪਣੇ ਘਰ ਪਹੁੰਚ ਗਈਆਂ। ਸਹੇਲੀਆਂ ਨਾਲ਼ ਮਨਾਈ ਪਿਕਨਿਕ ਦਾ ਆਪਣਾ ਹੀ ਅਨੰਦ ਹੁੰਦਾ ਹੈ। ਮੈਨੂੰ ਇਹ ਪਿਕਨਿਕ ਹਮੇਸ਼ਾਂ ਯਾਦ ਰਹੇਗੀ।

# ਪੁਲਿਸ-ਸਟੇਸ਼ਨ

ਕਿਸੇ ਨਗਰ ਜਾਂ ਸ਼ਹਿਰ ਵਿੱਚ ਸਕੂਲ, ਹਸਪਤਾਲ, ਬੈਂਕ, ਡਾਕਖ਼ਾਨੇ ਆਦਿ ਵਾਂਗ ਪੁਲਿਸ-ਸਟੇਸ਼ਨ ਦਾ ਹੋਣਾ ਵੀ ਜ਼ਰੂਰੀ ਹੈ।ਉੱਥੋਂ ਦੇ ਵਸਨੀਕਾਂ ਦੇ ਜਾਨ-ਮਾਲ ਦੀ ਸੁਰੱਖਿਆ ਅਤੇ ਅਮਨ-ਸ਼ਾਂਤੀ ਲਈ ਪੁਲਿਸ-ਸੇਵਾ ਦੀ ਵੱਡੀ ਲੋੜ ਹੈ।ਪੁਲਿਸ-ਸਟੇਸ਼ਨ ਨੂੰ ਆਮ ਬੋਲੀ ਵਿੱਚ ਠਾਣਾ ਆਖਦੇ ਹਨ। ਅੰਗਰੇਜ਼ਾਂ ਦੇ ਸਮੇਂ ਤੋਂ ਲੋਕਾਂ ਵਿੱਚ ਪੁਲਿਸ ਦਾ ਭੈ ਚੱਲਿਆ ਆਉਂਦਾ ਹੈ।ਉਂਞ ਪੁਲਿਸ-ਸਟੇਸ਼ਨ ਦਾ ਨਾਂ ਸੁਣ ਕੇ ਡਰਨ ਦੀ ਲੋੜ ਨਹੀਂ ਹੈ।ਪੁਲਿਸ ਜਨਤਾ ਦੇ ਜਾਨ-ਮਾਲ ਦੀ ਰਾਖੀ ਕਰਦੀ ਹੈ।ਇਲਾਕੇ ਵਿੱਚ ਕਨੂੰਨ ਨੂੰ ਉਚਿਤ ਢੰਗ ਨਾਲ਼ ਲਾਗੂ ਕਰਵਾਉਣ ਵਿੱਚ ਪ੍ਰਸ਼ਾਸਨ ਦੀ ਮਦਦ ਵੀ ਕਰਦੀ ਹੈ।ਜਿਸ ਤਰ੍ਹਾਂ ਫ਼ੌਜ ਦੇਸ ਦੀਆਂ ਸਰਹੱਦਾਂ ਦੀ ਰਖਵਾਲੀ ਕਰਦੀ ਹੈ, ਉਸੇ ਤਰ੍ਹਾਂ ਹੀ ਪੁਲਿਸ ਕਿਸੇ ਵੀ ਦੇਸ ਦੇ ਅੰਦਰ ਚੋਰਾਂ, ਡਾਕੂਆਂ ਤੇ ਕਨੂੰਨ ਦੀ ਪਾਲਣਾ ਨਾ ਕਰਨ ਵਾਲ਼ਿਆਂ ਤੋਂ ਜਨਤਾ ਦੀ ਰਾਖੀ ਕਰਦੀ ਹੈ।ਮੁਜਰਮਾਂ ਨੂੰ ਉਹਨਾਂ ਦੁਆਰਾ ਕੀਤੇ ਗਏ ਗੁਨਾਹਾਂ ਦੀ ਸਜ਼ਾ ਦਿਵਾਉਣ ਦਾ ਕੰਮ ਵੀ ਪੁਲਿਸ ਹੀ ਕਰਦੀ ਹੈ।ਭੁਚਾਲ਼, ਹੜ੍ਹ, ਤੂਫ਼ਾਨ, ਅੱਗਜ਼ਨੀ ਜਾਂ ਸੰਕਟ-ਕਾਲੀਨ ਸਥਿਤੀ ਸਮੇਂ ਪੁਲਿਸ, ਫ਼ੌਜ ਅਤੇ ਪ੍ਰਸ਼ਾਸਨ ਰਲ਼ ਕੇ ਲੋਕਾਂ ਨੂੰ ਸਦਮੇ ਤੋਂ ਉਭਾਰਨ ਦੀ ਕੋਸ਼ਸ਼ ਕਰਦੇ ਹਨ।ਅੱਜ-ਕੱਲ੍ਹ ਪੁਲਿਸ-ਵਿਭਾਗ ਦੇ ਕਰਮਚਾਰੀ /ਅਧਿਕਾਰੀ ਸਮੇਂ-ਸਮੇਂ ਲੋਕਾਂ ਨਾਲ਼ ਲੋਕ-ਮਿਲਣੀਆਂ ਵੀ ਕਰਦੇ ਹਨ।

ਬੀਤੇ ਸਮੇਂ ਵਿੱਚ ਵੱਡੇ-ਵੱਡੇ ਨਾਢੂ ਖ਼ਾਂ ਪੁਲਿਸ-ਸਟੇਸ਼ਨ ਦੇ ਨਾਂ ਤੋਂ ਡਰਦੇ ਸਨ।ਅਜੋਕੇ ਸਮੇਂ ਵਿੱਚ ਹਰ ਨਾਗਰਿਕ ਨੂੰ ਇਹ ਅਧਿਕਾਰ ਹੈ ਕਿ ਉਹ ਬੇਝਿਜਕ ਹੋ ਕੇ ਪੁਲਿਸ ਤੋਂ ਸਹਾਇਤਾ ਲੈਣ ਲਈ ਪੁਲਿਸ- ਸਟੇਸ਼ਨ ਜਾ ਸਕਦਾ ਹੈ।ਪੁਲਿਸ-ਸਟੇਸ਼ਨ ਦੇ ਮੁਖੀ ਨੂੰ ਐੱਸ. ਐੱਚ. ਓ. ਜਾਂ ਸਟੇਸ਼ਨ ਹਾਊਸ ਅਫ਼ਸਰ ਕਹਿੰਦੇ ਹਨ। ਇਸ ਤੋਂ ਇਲਾਵਾ ਸਬ-ਇਨਸਪੈੱਕਟਰ, ਅਸਿਸਟੈਂਟ ਸਬ-ਇਨਸਪੈੱਕਟਰ, ਹੌਲਦਾਰ, ਸਿਪਾਹੀ, ਐੱਸ.ਪੀ. ਓ. ਜਾਂ ਹੋਮ-ਗਾਰਡ ਰੈਂਕ ਦੇ ਮੁਲਾਜ਼ਮਾਂ ਦੀ ਗਿਣਤੀ ਥਾਣੇ ਦੇ ਛੋਟੇ ਜਾਂ ਵੱਡੇ ਹੋਣ 'ਤੇ ਨਿਰਭਰ ਕਰਦੀ ਹੈ।

ਹਰ ਇਲਾਕੇ ਅਤੇ ਸ਼ਹਿਰ ਵਿੱਚ 100 ਨੰਬਰ ਪੁਲਿਸ-ਸਟੇਸ਼ਨ ਦੇ ਕੰਟ੍ਰੋਲ-ਰੂਮ ਦਾ ਹੁੰਦਾ ਹੈ। ਕੰਟ੍ਰੋਲ- ਰੂਮ ਤੋਂ ਤੁਰੰਤ ਸੂਚਨਾ ਐੱਸ.ਐੱਚ.ਓ ਜਾਂ ਉਸ ਇਲਾਕੇ ਦੇ ਨੇੜੇ ਗਸ਼ਤ ਕਰ ਰਹੀ ਪੁਲਿਸ-ਟੁਕੜੀ ਨੂੰ ਦਿੱਤੀ ਜਾਂਦੀ ਹੈ। ਕਿਸੇ ਵੀ ਦੁਰਘਟਨਾ ਸਮੇਂ, ਜਿਵੇਂ: ਲੁੱਟ-ਖੋਹ, ਐਕਸੀਡੈਂਟ, ਅੱਗ ਲੱਗਣ ਆਦਿ ਸਮੇਂ ਤਤਕਾਲੀਨ 100 ਨੰਬਰ 'ਤੇ ਇਤਲਾਹ ਦੇਣੀ ਚਾਹੀਦੀ ਹੈ।ਜੇਕਰ ਅਸੀਂ ਚੰਗੇ ਨਾਗਰਿਕ ਬਣ ਕੇ ਸਹੀ ਸਮੇਂ 'ਤੇ ਤੁਰੰਤ ਉਚਿਤ ਸੂਚਨਾ ਪੁਲਿਸ-ਸਟੇਸ਼ਨ ਨੂੰ ਦੇਈਏ ਤਾਂ ਵਧੇਰੇ ਨੁਕਸਾਨ ਹੋਣ ਤੋਂ ਬਚਾਅ ਹੋ ਸਕਦਾ ਹੈ।ਮੁਜਰਮਾਂ ਨੂੰ ਫੜਨ ਲਈ ਪੁਲਿਸ ਤੁਰੰਤ ਹਰਕਤ ਵਿੱਚ ਆ ਜਾਂਦੀ ਹੈ।

ਮੰਨ ਲਓ, ਕੋਈ ਬੱਸ, ਕਾਰ ਜਾਂ ਟ੍ਰੱਕ-ਡ੍ਰਾਈਵਰ ਐਕਸੀਡੈਂਟ ਕਰਨ ਉਪਰੰਤ ਦੌੜ ਜਾਂਦਾ ਹੈ ਤੇ ਅਜਿਹੇ ਸਮੇਂ ਜੇਕਰ ਅਸੀਂ ਤੁਰੰਤ ਨੇੜੇ ਦੇ ਪੁਲਿਸ-ਸਟੇਸ਼ਨ ਨੂੰ ਸੂਚਿਤ ਕਰ ਦੇਈਏ ਤਾਂ ਪੁਲਿਸ ਵਾਇਰਲੈੱਸ ਦੁਆਰਾ ਦੂਜੇ ਇਲਾਕੇ ਦੀ ਪੁਲਿਸ ਨੂੰ ਸੂਚਿਤ ਕਰ ਦਿੰਦੀ ਹੈ ਅਤੇ ਇਸ ਤਰ੍ਹਾਂ ਮੁਜਰਮ ਨੂੰ ਕਾਬੂ ਕੀਤਾ ਜਾ ਸਕਦਾ ਹੈ।

ਫ਼ੌਜ ਅਤੇ ਡਾਕਟਰਾਂ ਵਾਂਗ ਪੁਲਿਸ-ਮੁਲਾਜ਼ਮ ਵੀ ਚੌਵੀ ਘੰਟੇ ਡਿਊਟੀ 'ਤੇ ਰਹਿੰਦੇ ਹਨ।ਪੁਲਿਸ ਵਿੱਚ ਭਰਤੀ ਹੋਣਾ ਹੋਵੇ ਤਾਂ 12ਵੀਂ ਜਾਂ ਬੀ. ਏ. ਤੋਂ ਬਾਅਦ ਵੱਖ-ਵੱਖ ਰੈਂਕਾਂ ਲਈ ਲਿਖਤੀ ਪਰੀਖਿਆ ਦੇ ਨਾਲ਼-ਨਾਲ਼ ਸਰੀਰਿਕ ਫ਼ਿਟਨੈੱਸ ਦੀ ਪਰੀਖਿਆ ਅਤੇ ਇੰਟਰਵਿਊ 'ਚੋਂ ਲੰਘਣਾ ਪੈਂਦਾ ਹੈ।

ਪੁਲਿਸ-ਸਟੇਸ਼ਨ 'ਤੇ ਮੁਜਰਮਾਂ ਨੂੰ ਸਲਾਖਾਂ ਪਿੱਛੇ ਬੰਦ ਕਰਕੇ ਰੱਖਿਆ ਜਾਂਦਾ ਹੈ ਅਤੇ ਮੁਢਲੀ ਜਾਣਕਾਰੀ ਤੋਂ ਬਾਅਦ ਮੁਜਰਮ ਨੂੰ ਇਲਾਕਾ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਕੀਤਾ ਜਾਂਦਾ ਹੈ।ਜੁਰਮ ਸਿੱਧ ਹੋਣ ਦੀ ਹਾਲਤ ਵਿੱਚ ਮੁਜਰਮ ਨੂੰ ਦੋਸ਼ ਅਨੁਸਾਰ ਸਜ਼ਾ ਦਿਵਾਈ ਜਾਂਦੀ ਹੈ।

ਬੇਸ਼ੱਕ ਕਈ ਲੋਕਾਂ ਦੇ ਮਨਾਂ ਵਿੱਚ ਪੁਲਿਸ ਦੇ ਅਕਸ ਬਾਰੇ ਕੁਝ ਧੁੰਦਲਾਪਣ ਹੋਵੇ, ਪਰ ਪੁਲਿਸ ਲੋਕਾਂ ਦੀ ਸੇਵਾ ਲਈ ਹੈ। ਜੇਕਰ ਅਸੀਂ ਚੰਗੇ ਨਾਗਰਿਕ ਬਣ ਕੇ ਕਨੂੰਨ ਦੀ ਪਾਲਣਾ ਕਰਦੇ ਹੋਏ ਮੁਜਰਮਾਂ ਸੰਬੰਧੀ ਤੁਰੰਤ ਅਤੇ ਉਚਿਤ ਜਾਣਕਾਰੀ ਪੁਲਿਸ-ਸਟੇਸ਼ਨ ਨੂੰ ਦਿਆਂਗੇ ਤਾਂ ਅਸੀਂ ਆਪਣੀ ਅਤੇ ਸਮਾਜ ਦੀ ਸਹੀ ਅਰਥਾਂ ਵਿੱਚ ਸੇਵਾ ਕਰ ਰਹੇ ਹੋਵਾਂਗੇ।

## ਵਿਦਿਆਰਥੀ ਅਤੇ ਅਨੁਸ਼ਾਸਨ

ਅਨੁਸ਼ਾਸਨ ਸ਼ਬਦ ਅੰਗਰੇਜ਼ੀ ਦੇ ਸ਼ਬਦ ਡਸਿਪਲਿਨ ਦਾ ਸਮਾਨਾਰਥੀ ਹੈ ਜਿਸ ਦਾ ਅਰਥ ਹੈ ਆਪਣੇ ਆਪ ਨੂੰ ਕੁਝ ਬੰਧਨਾਂ ਵਿੱਚ ਰੱਖ ਕੇ ਅਜ਼ਾਦੀ ਮਾਣਨਾ। ਵਿਦਿਆਰਥੀ-ਅਨੁਸ਼ਾਸਨ ਤੋਂ ਭਾਵ ਹੈ, ਸਕੂਲ ਦੁਆਰਾ ਬਣਾਏ ਨਿਯਮ ਦੇ ਅੰਤਰਗਤ ਰਹਿ ਕੇ ਸਿੱਖਿਆ ਪ੍ਰਾਪਤ ਕਰਨਾ। ਸਾਰੀਆਂ ਕੁਦਰਤੀ ਸ਼ਕਤੀਆਂ ਵੀ ਅਨੁਸ਼ਾਸਨ ਵਿੱਚ ਬੱਝੀਆਂ ਹੋਈਆਂ ਹਨ। ਇੱਕ ਅਨੁਸ਼ਾਸਨਹੀਣ ਵਿਦਿਆਰਥੀ ਆਪਣੇ ਜੀਵਨ ਵਿੱਚ ਕਦੀ ਸਫਲਤਾ ਨਹੀਂ ਪਾ ਸਕਦਾ।

ਪੁਰਾਣੇ ਸਮੇਂ ਵਿੱਚ ਵਿਦਿਆਰਥੀ ਆਪਣੇ ਅਧਿਆਪਕਾਂ ਦੀ ਹਰ ਗੱਲ ਬਿਨਾਂ ਕਿਸੇ ਪ੍ਰਸ਼ਨ ਦੇ ਖ਼ੁਸ਼ੀ ਨਾਲ਼ ਸੁੀਕਾਰ ਕਰ ਲੈਂਦੇ ਸਨ ਪਰ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਤੋਂ ਇਸ ਤਰ੍ਹਾਂ ਦੇ ਵਿਹਾਰ ਦੀ ਉਮੀਦ ਰੱਖਣਾ ਹੀ ਬੇਕਾਰ ਹੈ। ਅਸੀਂ ਹਰ ਰੋਜ਼ ਅਖ਼ਬਾਰਾਂ ਵਿੱਚ ਵਿਦਿਆਰਥੀਆਂ ਦੇ ਰੋਸ ਦਰਸਾਉਣ ਦੀਆਂ ਘਟਨਾਵਾਂ ਬਾਰੇ ਪੜ੍ਹਦੇ ਹਾਂ। ਉਹ ਆਪਣੀ ਰਾਸ਼ਟਰੀ ਸੰਪਤੀ ਦਾ ਨੁਕਸਾਨ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਪੁਲਿਸ ਵੀ ਉਹਨਾਂ ਨੂੰ ਕਾਬੂ ਕਰਨ ਦੀ ਪੂਰੀ ਕੋਸ਼ਸ਼ ਕਰਦੀ ਹੈ ਪਰ ਉਹਨਾਂ ਨੂੰ ਵੀ ਸਫਲਤਾ ਕੁਝ ਹੱਦ ਤੱਕ ਹੀ ਮਿਲ਼ਦੀ ਹੈ। ਧੀਰਜ ਅਤੇ ਸ਼ਾਂਤੀ ਨਾਂ ਦੇ ਗੁਣਾਂ ਤੋਂ ਹੀ ਇਹ ਵਿਦਿਆਰਥੀ ਦੂਰ ਜਾ ਰਹੇ ਹਨ।

ਦੂਸਰੀ ਤਰ੍ਹਾਂ ਦੇ ਅਨੁਸ਼ਾਸਨਹੀਣਤਾ ਦਾ ਸੰਬੰਧ ਇਹਨਾਂ ਦੀ ਨਿੱਜੀ ਜ਼ਿੰਦਗੀ ਨਾਲ਼ ਹੈ। ਨਸ਼ਿਆਂ ਦਾ ਸੇਵਨ ਇਹਨਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਇਹ ਸ਼ਰਾਬ ਪੀਣ, ਸਿਗਰਟਾਂ ਪੀਣ ਤੇ ਕਈ ਹੋਰ ਤਰ੍ਹਾਂ ਦੇ ਨਸ਼ੇ ਕਰਨ ਤੋਂ ਸੰਕੋਚ ਨਹੀਂ ਕਰਦੇ। ਇਸ ਕਾਰਨ ਇਹਨਾਂ ਦਾ ਪੜ੍ਹਾਈ ਵਿੱਚ ਵੀ ਪੂਰਾ ਧਿਆਨ ਨਹੀਂ ਲੱਗਦਾ। ਫਿਰ ਇਹ ਇਮਤਿਹਾਨ ਵਿੱਚ ਨਕਲ ਕਰਕੇ ਪਾਸ ਹੋਣ ਦਾ ਉਪਰਾਲਾ ਕਰਦੇ ਹਨ। ਇਸ ਤਰ੍ਹਾਂ ਅਨੁਸ਼ਾਸਨ ਦਾ ਪਾਲਣ ਨਾ ਕਰਕੇ ਇਹ ਆਪਣੀ ਜ਼ਿੰਦਗੀ ਹੀ ਤਬਾਹ ਕਰ ਲੈਂਦੇ ਹਨ।

ਪਰ ਇਹ ਗੱਲ ਬਹੁਤ ਹੀ ਵਿਚਾਰ ਕਰਨ ਵਾਲ਼ੀ ਹੈ ਕਿ ਅੱਜ ਦਾ ਵਿਦਿਆਰਥੀ ਇਸ ਰਸਤੇ 'ਤੇ ਕਿਉਂ ਤੁਰ ਪਿਆ ਹੈ। ਜੇ ਅਸੀਂ ਆਪਣੇ ਦੇਸ ਦਾ ਭਵਿਖ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਸਮੱਸਿਆ ਨੂੰ ਸਮਝ ਕੇ ਦੂਰ ਕਰਨ ਦੀ ਕੋਸ਼ਸ਼ ਕਰਨੀ ਚਾਹੀਦੀ ਹੈ।

ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਹੋਣ ਦਾ ਮੁੱਖ ਕਾਰਨ ਬੇਰੁਜ਼ਗਾਰੀ ਅਤੇ ਅਨਿਸ਼ਚਿਤ ਭਵਿਖ ਹੈ। ਅੱਜ ਵਿਦਿਆਰਥੀ ਉੱਚੀਆਂ-ਉੱਚੀਆਂ ਡਿਗਰੀਆਂ ਲੈ ਕੇ ਵੀ ਬੇਰੁਜ਼ਗਾਰ ਹਨ। ਸਾਨੂੰ ਆਪਣੀ ਸਿੱਖਿਆ-ਪ੍ਰਨਾਲ਼ੀ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂਕਿ ਜਦੋਂ ਵਿਦਿਆਰਥੀ ਆਪਣੀ ਸਿੱਖਿਆ ਖ਼ਤਮ ਕਰਕੇ ਨਿਕਲ਼ੇ ਤਾਂ ਉਸ ਕੋਲ਼ ਇਸ ਗੱਲ ਦੀ ਸੇਧ ਹੋਵੇ ਕਿ ਉਸ ਨੇ ਕਿਸ ਕਿੱਤੇ ਨੂੰ ਅਪਣਾਉਣਾ ਹੈ। ਸਰਕਾਰ ਨੂੰ ਵੀ ਉਹਨਾਂ ਨੂੰ ਨੌਕਰੀਆਂ ਉਪਲਬਧ ਕਰਵਾ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਲਈ ਸਾਡੀ ਪਰੀਖਿਆ-ਪ੍ਰਨਾਲ਼ੀ ਵੀ ਦੋਸ਼ ਪੂਰਨ ਹੈ। ਕਈ ਵਾਰੀ ਬਹੁਤ ਲਾਇਕ ਵਿਦਿਆਰਥੀ ਫ਼ੇਲ੍ਹ ਹੋ ਜਾਂਦੇ ਹਨ ਅਤੇ ਘੱਟ ਪੜ੍ਹਨ ਵਾਲ਼ੇ ਬੱਚੇ ਨਕਲਾਂ

ਮਾਰ ਕੇ ਜ਼ਿਆਦਾ ਨੰਬਰ ਲੈ ਜਾਂਦੇ ਹਨ। ਪਿਛਲੇ ਕੁਝ ਸਮੇਂ ਤੋਂ ਸਕੂਲਾਂ-ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਵਧ ਗਈ ਹੈ। ਅਧਿਆਪਕ ਅਤੇ ਵਿਦਿਆਰਥੀ ਦੀ ਆਪਸ ਵਿੱਚ ਕੋਈ ਸਾਂਝ ਨਹੀਂ, ਇੱਥੋਂ ਤੱਕ ਕਿ ਅਧਿਆਪਕਾਂ ਨੂੰ ਆਪਣੀ ਜਮਾਤ ਦੇ ਬੱਚਿਆਂ ਦੇ ਨਾਂ ਵੀ ਯਾਦ ਨਹੀਂ ਹੁੰਦੇ।

ਸਾਨੂੰ ਵਿਦਿਆਰਥੀਆਂ ਦੀਆਂ ਰੁਚੀਆਂ ਨੂੰ ਸਮਝਣ ਦੀ ਵੀ ਲੋੜ ਹੈ। ਅੱਜ ਦਾ ਵਿਦਿਆਰਥੀ ਏਨਾ 'ਕੁ ਜਾਗਰੂਕ ਹੋ ਚੁੱਕਿਆ ਹੈ ਕਿ ਉਹ ਕੋਈ ਵੀ ਗੱਲ ਬਿਨਾਂ ਕਿਸੇ ਸਵਾਲ ਦੇ ਸ੍ਵੀਕਾਰ ਨਹੀਂ ਕਰੇਗਾ ਅਧਿਆਪਕ ਵਿੱਚ ਉਸ ਵੱਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਦੇਣ ਦੀ ਅਰਥਾਤ ਉਸ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ। ਉਹਨਾਂ ਨਾਲ਼ ਸੰਬੰਧਿਤ ਅਧਿਕਾਰੀਆਂ ਦਾ ਵਿਹਾਰ ਨਰਮ ਤੇ ਪਿਆਰ ਵਾਲ਼ਾ ਹੋਣਾ ਚਾਹੀਦਾ ਹੈ। ਉਹਨਾਂ ਦੀਆਂ ਮੰਗਾਂ ਵੱਲ ਧਿਆਨ ਦੇ ਕੇ ਜਲਦੀ ਹੱਲ ਲੱਭਣਾ ਚਾਹੀਦਾ ਹੈ।

ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਸਾਡੀਆਂ ਕੁਝ ਰਾਜਨੀਤਿਕ ਪਾਰਟੀਆਂ ਵੀ ਹਨ ਜੋ ਆਪਣਾ ਉੱਲੂ ਸਿੱਧਾ ਕਰਨ ਲਈ ਸਕੂਲਾਂ-ਕਾਲਜਾਂ ਵਿੱਚ ਦਖ਼ਲ ਦੇ ਕੇ, ਵਿਦਿਆਰਥੀਆਂ ਨੂੰ ਉਕਸਾ ਕੇ ਤੋੜ-ਭੰਨ ਕਰਵਾਉਂਦੀਆਂ ਹਨ। ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ 'ਤੇ ਕਾਬੂ ਪਾਉਣ ਦੀ ਮਾਪਿਆਂ ਦੀ ਵੀ ਪੂਰੀ ਜ਼ੁੰਮੇਵਾਰੀ ਹੈ। ਉਹਨਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ 'ਤੇ ਪੂਰਾ ਕੰਟ੍ਰੋਲ ਰੱਖਣ 'ਤੇ ਹਮੇਸ਼ਾਂ ਉਹਨਾਂ ਦੇ ਵਿਹਾਰ ਬਾਰੇ ਜਾਗਰੂਕ ਰਹਿਣ। ਬੱਚਿਆਂ ਦੀਆਂ ਸਮੱਸਿਆਵਾਂ ਅਧਿਆਪਕਾਂ ਅਤੇ ਮਾਪਿਆਂ ਨੂੰ ਮਿਲ਼ ਕੇ ਹੱਲ ਕਰਨੀਆਂ ਚਾਹੀਦੀਆਂ ਹਨ। ਰਾਜਨੀਤਿਕ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਰਾਜਨੀਤੀ ਵਿੱਚ ਮੋਹਰਾ ਨਾ ਬਣਾਉਣ। ਵਿਦਿਆਰਥੀਆਂ ਨੂੰ ਉਹਨਾਂ ਦੇ ਹੱਕਾਂ ਦੇ ਨਾਲ਼ ਜ਼ੁੰਮੇਵਾਰੀਆਂ ਦਾ ਵੀ ਗਿਆਨ ਕਰਵਾਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੇ ਉੱਪਰ ਕਾਬੂ ਰੱਖਣ ਅਤੇ ਦੇਸ ਦੀ ਸੰਪਤੀ ਨੂੰ ਬਚਾ ਕੇ ਰੱਖਣ ਦੀ ਸਿੱਖਿਆ ਦੇਣੀ ਚਾਹੀਦੀ ਹੈ।

ਅਨੁਸ਼ਾਸਨ ਦਾ ਅੰਤਿਮ ਸਰੂਪ ਸ੍ਵੈ-ਅਨੁਸ਼ਾਸਨ ਹੈ। ਵਿਦਿਆਰਥੀ ਆਪਣੀਆਂ ਮਾਨਸਿਕ ਅਤੇ ਸਰੀਰਿਕ ਸ਼ਕਤੀਆਂ ਨੂੰ ਪੜ੍ਹਾਈ, ਖੇਡਾਂ ਅਤੇ ਹੋਰ ਸਾਰਥਕ ਰੁਝੇਵਿਆਂ ਵੱਲ ਲਾਵੇ। ਜ਼ੁੰਮੇਵਾਰੀ ਦੀ ਭਾਵਨਾ ਰੱਖੇ। ਸ੍ਵੈ-ਅਨੁਸ਼ਾਸਨ ਸ਼ਖ਼ਸੀ ਵਿਕਾਸ ਦਾ ਰਾਹ ਹੈ। ਵਿਦਿਆਰਥੀਆਂ ਦਾ ਅਸਲ ਉਦੇਸ਼ ਵਿੱਦਿਆ ਪ੍ਰਾਪਤ ਕਰਨਾ ਹੈ ਤਾਂਜੋ ਉਹ ਆਪਣਾ ਜੀਵਨ ਖ਼ੁਸ਼ਹਾਲ ਬਣਾ ਸਕਣ ਅਤੇ ਇੱਕ ਚੰਗੇ ਨਾਗਰਿਕ ਬਣ ਸਕਣ।

## ਟ੍ਰੈਫ਼ਿਕ-ਸਪਤਾਹ

ਸਾਡੇ ਸਕੂਲ ਵਿੱਚ ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ.) ਦੀਆਂ ਇਕਾਈਆਂ ਵੱਲੋਂ ਟ੍ਰੈਫ਼ਿਕ-ਸਪਤਾਹ ਮਨਾਇਆ ਗਿਆ। ਇਸ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਕੂਲਾਂ, ਕਾਲਜਾਂ ਅਤੇ ਹੋਰ ਸੰਸਥਾਵਾਂ ਵੱਲੋਂ ਟ੍ਰੈਫ਼ਿਕ-ਸਪਤਾਹ ਮਨਾਉਣ ਦਾ ਉਦੇਸ਼ ਬੱਚਿਆਂ, ਬਾਲਗਾਂ ਅਤੇ ਹੋਰ ਜਨਤਾ ਨੂੰ ਸੜਕ-ਸੁਰੱਖਿਆ ਸੰਬੰਧੀ ਜਾਣਕਾਰੀ ਦੇਣਾ ਸੀ। ਮਨੁੱਖ ਨੂੰ ਆਪਣੇ ਕੰਮਾਂ-ਕਾਰਾਂ ਲਈ ਹਰ ਰੋਜ਼ ਸੜਕਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਸਫ਼ਰ ਵਿੱਚ ਵੱਧ ਤੋਂ ਵੱਧ ਚੌਕਸੀ ਰੱਖਣ ਨਾਲ਼ ਹੀ ਦੁਰਘਟਨਾਵਾਂ ਤੋਂ ਬਚਾਅ ਹੁੰਦਾ ਹੈ।

ਸਕੂਲ ਦੇ ਪ੍ਰਿੰਸੀਪਲ ਅਤੇ ਐੱਨ. ਐੱਸ. ਐੱਸ. ਦੇ ਪ੍ਰੋਗ੍ਰਾਮ-ਅਫ਼ਸਰ ਵੱਲੋਂ ਟ੍ਰੈਫ਼ਿਕ-ਸਪਤਾਹ ਮਨਾਉਣ ਲਈ ਇਲਾਕੇ ਦੇ ਟ੍ਰੈਫ਼ਿਕ-ਇਨਚਾਰਜ ਨੂੰ ਬੁਲਾਇਆ ਗਿਆ ਸੀ। ਉਹਨਾਂ ਨੇ ਟ੍ਰੈਫ਼ਿਕ-ਸਪਤਾਹ ਨੂੰ ਮਨਾਉਣ ਦੇ ਉਦੇਸ਼ ਦੱਸਣ ਤੋਂ ਬਾਅਦ ਵਿਦਿਆਰਥੀਆਂ ਨੂੰ ਸੜਕਾਂ 'ਤੇ ਚੱਲਣ ਸੰਬੰਧੀ ਨਿਯਮਾਂ ਦੀ ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਵਾਹਨ ਨੂੰ ਤੇਜ਼ ਚਲਾਉਣਾ, ਟ੍ਰੈਫ਼ਿਕ-ਨਿਯਮਾਂ ਦੀ ਪਾਲਣਾ ਨਾ ਕਰਨੀ, ਚੌਕ ਵਿੱਚ ਖੜ੍ਹੇ ਸਿਪਾਹੀ ਦੇ ਇਸ਼ਾਰਿਆਂ ਵੱਲ ਧਿਆਨ ਨਾ ਦੇਣਾ ਜਾਂ ਲਾਲ ਬੱਤੀ ਹੋਣ 'ਤੇ

ਵੀ ਚੌਕ ਪਾਰ ਕਰਨਾ, ਬੇਧਿਆਨੀ ਵਿੱਚ, ਥਕਾਵਟ ਜਾਂ ਨਸ਼ੇ ਦੀ ਹਾਲਤ ਵਿੱਚ ਵਾਹਨ ਚਲਾਉਣਾ, ਦੁਰਘਟਨਾਵਾਂ ਨੂੰ ਸੱਦਾ ਦੇਣਾ ਹੈ। ਸੜਕਾਂ ਦੀ ਟੁੱਟ-ਭੱਜ, ਖ਼ਰਾਬ ਮੌਸਮ ਜਾਂ ਵਾਹਨ 'ਚ ਪਈ ਖ਼ਰਾਬੀ ਵੀ ਕਈ ਵਾਰ ਦੁਰਘਟਨਾ ਦਾ ਕਾਰਨ ਬਣ ਸਕਦੀ ਹੈ।

ਟ੍ਰੈਫ਼ਿਕ ਦੇ ਸਿਪਾਹੀ ਨੇ ਹੱਥ ਦੇ ਇਸ਼ਾਰਿਆਂ ਨਾਲ਼ ਟ੍ਰੈਫ਼ਿਕ-ਨਿਯਮਾਂ ਸੰਬੰਧੀ ਜਾਣਕਾਰੀ ਵੀ ਦਿੱਤੀ। ਉਹਨਾਂ ਨੇ ਕੁਝ ਵਿਦਿਆਰਥੀਆਂ ਦੀ ਚੋਣ ਕੀਤੀ ਜਿਨ੍ਹਾਂ ਨੇ ਵੱਖ-ਵੱਖ ਚੌਕਾਂ 'ਚ ਖੜ੍ਹੇ ਹੋ ਕੇ ਟ੍ਰੈਫ਼ਿਕ ਨੂੰ ਕੰਟ੍ਰੋਲ ਕਰਨ ਦਾ ਅਭਿਆਸ ਕੀਤਾ। ਟ੍ਰੈਫ਼ਿਕ-ਇਨਚਾਰਜ ਨੇ ਸੜਕ ਉੱਤੇ ਲੱਗੇ ਬੋਰਡਾਂ ਦੇ ਚਿੰਨ੍ਹਾਂ, ਇਸ਼ਾਰਿਆਂ ਅਤੇ ਹਿਦਾਇਤੀ ਬੋਰਡਾਂ ਆਦਿ ਬਾਰੇ ਵੀ ਦੱਸਿਆ।

ਸੜਕ-ਸੁਰੱਖਿਆ ਬਾਰੇ ਪੋਸਟਰ, ਪੇਂਟਿੰਗਾਂ ਅਤੇ ਬੈਨਰ ਵੀ ਦਿਖਾਏ। ਪ੍ਰੋਜੈਕਟਰ ਅਤੇ ਵੱਡੀ ਸਕਰੀਨ ਦੀ ਸਹਾਇਤਾ ਨਾਲ਼ ਸਾਨੂੰ ਸੜਕ ਉੱਤੇ ਚੱਲਣ ਦੇ ਨਿਯਮਾਂ ਸੰਬੰਧੀ ਬੜੀ ਦਿਲਚਸਪ ਫ਼ਿਲਮ ਵੀ ਵਿਖਾਈ। ਇਸ ਤਰ੍ਹਾਂ ਅਸੀਂ ਬੜੇ ਮਨੋਰੰਜਕ ਢੰਗ ਨਾਲ਼ ਸੜਕ-ਸੁਰੱਖਿਆ ਸੰਬੰਧੀ ਜਾਣਕਾਰੀ ਹਾਸਲ ਕੀਤੀ।

ਪੂਰਾ ਸਪਤਾਹ ਚੱਲਣ ਵਾਲ਼ੇ ਇਸ ਪ੍ਰੋਗ੍ਰਾਮ ਦੇ ਅਖੀਰਲੇ ਦਿਨ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਟ੍ਰੈਫ਼ਿਕ-ਕੰਟ੍ਰੋਲ ਕਰਨ ਵਾਲ਼ੇ ਮੁਲਾਜ਼ਮਾਂ ਵੱਲੋਂ ਰਲ਼ ਕੇ ਇੱਕ ਰੈਲੀ ਕੱਢੀ ਗਈ। ਵਿਦਿਆਰਥੀਆਂ ਦੇ ਹੱਥਾਂ ਵਿੱਚ ਵੰਨ-ਸੁਵੰਨੇ ਸੋਹਣੇ-ਸੋਹਣੇ ਪਲੇਅਕਾਰਡ, ਪੋਸਟਰ ਅਤੇ ਬੈਨਰ ਚੁੱਕੇ ਹੋਏ ਸਨ। ਉਹ ਨਾਹਰੇ ਲਾਉਂਦੇ ਹੋਏ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਤੋਂ ਲੰਘੇ।

ਸਕੂਲ ਵੱਲੋਂ ਟ੍ਰੈਫ਼ਿਕ-ਸਪਤਾਹ ਮਨਾਉਣ ਦੇ ਇਸ ਉਪਰਾਲੇ ਸਦਕਾ ਵਿਦਿਆਰਥੀਆਂ ਦੇ ਨਾਲ਼-ਨਾਲ਼ ਆਮ ਨਾਗਰਿਕ ਵੀ ਟ੍ਰੈਫ਼ਿਕ-ਨਿਯਮਾਂ ਸੰਬੰਧੀ ਸੁਚੇਤ ਹੋ ਗਏ। ਰੈਲੀ ਦੇ ਅੰਤ 'ਤੇ ਸਾਰੇ ਵਿਦਿਆਰਥੀਆਂ ਨੇ ਸਹੁੰ ਖਾਧੀ ਕਿ ਉਹ ਸੜਕ-ਸੁਰੱਖਿਆ ਨਿਯਮਾਂ ਦੀ ਆਪ ਪਾਲਣਾ ਕਰਨਗੇ ਅਤੇ ਹੋਰਨਾਂ ਲੋਕਾਂ ਨੂੰ ਵੀ ਇਸ ਬਾਰੇ ਜਾਣਕਾਰੀ ਦੇਣਗੇ।

## ਮਨ-ਭਾਉਂਦੇ ਸ਼ੁਗ਼ਲ

ਸ਼ੁਗ਼ਲ ਤੋਂ ਭਾਵ ਕਿੱਤੇ ਤੋਂ ਬਿਨਾਂ ਉਹ ਰੁਝੇਵਾਂ ਜੋ ਵਿਅਕਤੀ ਆਪਣੇ ਵਿਹਲੇ ਸਮੇਂ ਵਿੱਚ ਕਰਦਾ ਹੈ। ਕਿੱਤਾ ਜਾਂ ਧੰਦਾ ਰੋਟੀ ਕਮਾਉਣ ਦਾ ਸਾਧਨ ਹੁੰਦਾ ਹੈ। ਇਹ ਧੰਦਾ ਕੁਝ ਬੰਧਨਾਂ ਵਿੱਚ ਰਹਿ ਕੇ ਕਰਨਾ ਪੈਂਦਾ ਹੈ। ਪਰ ਸ਼ੁਗ਼ਲ ਲਈ ਕੋਈ ਬੰਧਨ ਨਹੀਂ ਹੁੰਦਾ। ਜੇਕਰ ਸਾਡਾ ਦਿਲ ਕੀਤਾ ਤਾਂ ਕਰ ਲਿਆ, ਨਹੀਂ ਤਾਂ ਨਾ ਸਹੀ। ਕਈ ਮਨ-ਮੌਜੀ ਆਦਮੀ ਕਿੱਤੇ ਨੂੰ ਵੀ ਸ਼ੁਗ਼ਲ ਹੀ ਸਮਝਦੇ ਹਨ। ਜਿਹੜਾ ਆਦਮੀ ਕਿੱਤੇ ਨੂੰ ਸ਼ੁਗ਼ਲ ਬਣਾ ਲਵੇ, ਉਹ ਸਫਲ ਰਹਿੰਦਾ ਹੈ ਕਿਉਂਕਿ ਉਸ ਨੂੰ ਕੰਮ ਵਿੱਚੋਂ ਵੀ ਸ਼ੁਗ਼ਲ ਵਰਗਾ ਸੁਆਦ ਹੀ ਆਉਂਦਾ ਹੈ। ਜਿਸ ਆਦਮੀ ਲਈ ਕੋਈ ਇੱਕ ਕੰਮ ਕਿੱਤਾ ਜਾਂ ਧੰਦਾ ਹੈ, ਦੂਜੇ ਲਈ ਉਹੀ ਕੰਮ ਸ਼ੁਗ਼ਲ ਹੋ ਸਕਦਾ ਹੈ। ਫ਼ੋਟੋਗ੍ਰਾਫ਼ੀ ਕਈਆਂ ਦਾ ਕਿੱਤਾ ਹੈ ਪਰ ਕਈਆਂ ਦਾ ਸ਼ੁਗ਼ਲ ਹੈ।

ਸ਼ੁਗ਼ਲ ਸਾਨੂੰ ਅਨੰਦ ਦਿੰਦੇ ਹਨ। ਫ਼ਾਲਤੂ ਗੱਪਾਂ ਮਾਰਨ ਜਾਂ ਨਿੰਦਿਆ-ਚੁਗ਼ਲੀ ਕਰਨ ਤੋਂ ਬਚਾਉਂਦੇ ਹਨ। ਵਿਹਲਾ ਦਿਮਾਗ਼ ਸ਼ੈਤਾਨ ਦਾ ਘਰ ਹੁੰਦਾ ਹੈ। ਚੰਗਾ ਤਾਂ ਇਹੀ ਹੈ ਕਿ ਵਿਹਲੇ ਸਮੇਂ ਦੀ ਸਹੀ ਵਰਤੋਂ ਕਰੀਏ।

ਪੁਰਾਣੇ ਸਮਿਆਂ ਵਿੱਚ ਰੱਸੇ ਵੱਟਣਾ, ਉੱਨ ਕੱਤਣਾ, ਤਿੱਤਰ, ਬਟੇਰੇ, ਮੁਰਗੇ ਪਾਲਣੇ ਤੇ ਉਹਨਾਂ ਦੀਆਂ ਲੜਾਈਆਂ ਕਰਵਾਉਣੀਆਂ ਲੋਕਾਂ ਦਾ ਵੱਡਾ ਸ਼ੁਗ਼ਲ ਹੁੰਦਾ ਸੀ। ਅਖਾੜੇ ਵਿੱਚ ਘੋਲ਼ ਕਰਨਾ ਵੀ ਤਾਂ ਸ਼ੁਗ਼ਲ ਹੀ ਹੁੰਦਾ ਸੀ। ਅੱਜ-ਕੱਲ੍ਹ ਅਸੀਂ ਇਹਨਾਂ ਗੱਲਾਂ ਨੂੰ ਭੁੱਲਦੇ ਜਾ ਰਹੇ ਹਾਂ।

ਸ਼ੁਗ਼ਲ ਕਈ ਪ੍ਰਕਾਰ ਦੇ ਹਨ – ਬਾਗ਼ਬਾਨੀ, ਫੋਟੋਗ੍ਰਾਫੀ, ਚਿੱਤਰਕਾਰੀ, ਸਿੱਕੇ ਇਕੱਠੇ ਕਰਨੇ, ਟਿਕਟਾਂ ਇਕੱਠੀਆਂ ਕਰਨੀਆਂ, ਕਿਤਾਬਾਂ ਪੜ੍ਹਨੀਆਂ, ਕਸੀਦੇ ਕੱਢਣੇ ਆਦਿ ਸਭ ਸ਼ੁਗ਼ਲ ਹੀ ਹਨ। ਸ਼ੁਗ਼ਲ ਮਨ ਤੇ ਰੂਹ ਦੀ ਖ਼ੁਰਾਕ ਹੁੰਦੇ ਹਨ। ਇਹਨਾਂ ਨਾਲ਼ ਸਾਡਾ ਮਨ ਖੇੜੇ ਵਿੱਚ ਰਹਿੰਦਾ ਹੈ ਤੇ ਸਾਨੂੰ ਥਕੇਵਾਂ ਉੱਕਾ ਹੀ ਮਹਿਸੂਸ ਨਹੀਂ ਹੁੰਦਾ।

ਸ਼ੁਗ਼ਲ ਦਾ ਵੱਡਾ ਫ਼ਾਇਦਾ ਤਾਂ ਇਹ ਹੈ ਕਿ ਸਮਾਂ ਸੋਹਣਾ ਲੰਘ ਜਾਂਦਾ ਹੈ। ਸ਼ੁਗ਼ਲ ਵਿੱਚ ਕਈ ਆਦਮੀ ਏਨੀ ਮੁਹਾਰਤ ਹਾਸਲ ਕਰ ਲੈਂਦੇ ਹਨ ਕਿ ਉਹਨਾਂ ਨੂੰ ਇਸ ਦਾ ਲਾਭ ਵੀ ਹੁੰਦਾ ਹੈ। ਦਫ਼ਤਰੋਂ ਘਰ ਆ ਕੇ ਘਰੇਲੂ ਬਗ਼ੀਚੀ ਵਿੱਚ ਸਬਜ਼ੀਆਂ, ਬੂਟੇ, ਫੁੱਲ ਲਾਉਣਾ ਵੀ ਸ਼ੁਗ਼ਲ ਹੀ ਹੈ ਤੇ ਇਸ ਦਾ ਲਾਭ ਇਹ ਹੁੰਦਾ ਹੈ ਕਿ ਅਸੀਂ ਘਰ ਨੂੰ ਫੁੱਲਾਂ-ਬੂਟਿਆਂ ਨਾਲ਼ ਸਜਾ ਲੈਂਦੇ ਹਾਂ ਤੇ ਸਬਜ਼ੀਆਂ ਉਗਾ ਕੇ ਕੁਝ ਬੱਚਤ ਵੀ ਕਰ ਲੈਂਦੇ ਹਾਂ। ਟਿਕਟਾਂ ਇਕੱਠੀਆਂ ਕਰਨੀਆਂ, ਸਿੱਕੇ ਇਕੱਠੇ ਕਰਨੇ ਵੀ ਤਾਂ ਸ਼ੁਗ਼ਲ ਹੀ ਹਨ। ਪੁਰਾਣੀਆਂ ਟਿਕਟਾਂ ਤੇ ਸਿੱਕੇ ਮਹਿੰਗੇ ਵਿਕਦੇ ਹਨ— ਨਾਲ਼ੇ ਸ਼ੌਕ ਪੂਰਾ ਹੁੰਦਾ ਹੈ ਤੇ ਨਾਲ਼ੇ ਇਹ ਆਮਦਨ ਦਾ ਸਾਧਨ ਵੀ ਬਣਦੇ ਹੈ।

ਨੱਚਣਾ-ਗਾਉਣਾ ਵੀ ਤਾਂ ਸ਼ੁਗ਼ਲ ਹੀ ਹੈ ਪਰ ਅੱਜ-ਕੱਲ੍ਹ ਲੋਕ ਸਭ ਤੋਂ ਵੱਧ ਪੈਸਾ ਇਸ ਕੰਮ ਵਿੱਚ ਹੀ ਕਮਾ ਰਹੇ ਹਨ। ਸ਼ੁਗ਼ਲ ਦਾ ਸ਼ੁਗ਼ਲ ਤੇ ਕਮਾਈ ਵੀ ਵਾਹਵਾ ਹੋ ਜਾਂਦੀ ਹੈ।

ਕੁੱਕੜ, ਕਬੂਤਰ, ਕੁੱਤੇ ਆਦਿਕ ਪੰਛੀ ਤੇ ਜਾਨਵਰ ਪਾਲਣੇ ਤੇ ਉਹਨਾਂ ਬਾਰੇ ਜਾਣਕਾਰੀ ਰੱਖਣੀ ਵੀ ਚੰਗਾ ਸ਼ੁਗ਼ਲ ਹੈ। ਇਸ ਸ਼ੁਗ਼ਲ ਨੂੰ ਵੀ ਲੋਕਾਂ ਨੇ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ।

ਪਤੰਗ ਉਡਾਉਣਾ ਪੰਜਾਬੀਆਂ ਦਾ ਵੱਡਾ ਤੇ ਪੁਰਾਣਾ ਸ਼ੁਗ਼ਲ ਹੈ। ਬਸੰਤ ਦੇ ਨੇੜੇ ਲੋਕ ਕੋਠੇ 'ਤੇ ਚੜ੍ਹ ਕੇ ਪਤੰਗ ਉਡਾਉਂਦੇ ਹਨ ਪਰ ਇਹ ਸ਼ੁਗ਼ਲ ਮੌਸਮੀ ਹੈ।

ਵਿਦਿਆਰਥੀਆਂ ਲਈ ਸ਼ੁਗ਼ਲ ਸਿੱਖਿਆ ਦਾ ਸਾਧਨ ਹੁੰਦੇ ਹਨ। ਵਿਦਿਆਰਥੀਆਂ ਦੇ ਸ਼ੁਗ਼ਲਾਂ ਤੋਂ ਉਹਨਾਂ ਦੇ ਮਾਨਸਿਕ ਝੁਕਾਅ ਦਾ ਪਤਾ ਲੱਗਦਾ ਹੈ। ਸ਼ੁਗ਼ਲ ਤੋਂ ਬਿਨਾਂ ਆਦਮੀ ਨਿਕੰਮਾ ਤੇ ਆਲਸੀ ਹੁੰਦਾ ਹੈ।

## ਅਤਿ ਸਰਦੀ ਦਾ ਇੱਕ ਦਿਨ

ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਹਰ ਰੁੱਤ ਦਾ ਸਾਡੇ ਜੀਵਨ ਨਾਲ਼ ਸੰਬੰਧ ਹੈ। ਗਰਮੀ ਦੀ ਰੁੱਤ, ਸਰਦੀ ਦੀ ਰੁੱਤ, ਬਸੰਤ ਦਾ ਆਗਮਨ, ਪਤਝੜ ਦੀ ਰੁੱਤ—ਹਰ ਰੁੱਤ ਦਾ ਆਪਣਾ ਹੀ ਮਹੱਤਵ ਹੈ। ਨਵੰਬਰ ਮਹੀਨੇ ਤੋਂ ਸਰਦੀ ਰੁੱਤ ਸ਼ੁਰੂ ਹੋ ਜਾਂਦੀ ਹੈ ਤੇ ਪੰਜਾਬ ਵਿੱਚ ਦਸੰਬਰ ਤੇ ਜਨਵਰੀ ਵਿੱਚ ਅਤਿ ਦੀ ਸਰਦੀ ਪੈਂਦੀ ਹੈ। ਇਸ ਵਾਰ ਤਾਂ ਜਨਵਰੀ ਮਹੀਨੇ ਵਿੱਚ ਅੰਤਾਂ ਦੀ ਠੰਢ ਪਈ। 13 ਜਨਵਰੀ ਤਾਂ ਅਤਿ ਸਰਦੀ ਦਾ ਦਿਨ ਸੀ। ਇਸ ਦਿਨ ਲੋਹੜੀ ਦਾ ਤਿਉਹਾਰ ਵੀ ਸੀ। ਮੈਂ ਸਵੇਰੇ-ਸਵੇਰੇ ਉੱਠੀ। ਬਾਹਰ ਨਿਕਲ਼ ਕੇ ਵੇਖਿਆ, ਚਾਰੇ ਪਾਸੇ ਧੁੰਦ ਹੀ ਧੁੰਦ ਦਿਖਾਈ ਦੇ ਰਹੀ ਸੀ, ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਸੱਤ ਵੱਜ ਚੁੱਕੇ ਸਨ। ਮੈਂ ਸਿੱਧੀ ਰਸੋਈ ਵਿੱਚ ਗਈ। ਚਾਹ ਬਣਾ ਕੇ ਪੀਤੀ ਤੇ ਕੁਝ ਨਿੱਘ ਮਹਿਸੂਸ ਕੀਤਾ। ਗ਼ੁਸਲਖ਼ਾਨੇ ਵਿੱਚ ਨ੍ਹਾਉਣ ਲਈ ਪਾਣੀ ਗਰਮ ਸੀ। ਮੈਂ ਨ੍ਹਾ ਕੇ ਸਕੂਲ ਦੀ ਵਰਦੀ ਪਾਈ ਤੇ ਸਕੂਲ ਜਾਣ ਲਈ ਤਿਆਰ ਹੋ ਗਈ। ਮਾਤਾ ਜੀ ਨੇ ਮੈਨੂੰ ਮੱਕੀ ਦੀ ਮੇਥੀ ਵਾਲ਼ੀ ਗਰਮ-ਗਰਮ ਰੋਟੀ ਮੱਖਣ ਨਾਲ਼ ਖਾਣ ਨੂੰ ਦਿੱਤੀ। ਨਾਸ਼ਤਾ ਕਰਕੇ ਮੈਂ ਅੱਠ ਵਜੇ ਬਿਲਕੁਲ ਤਿਆਰ ਸੀ। ਮੈਂ ਆਪਣਾ ਬਸਤਾ ਚੁੱਕਿਆ ਤੇ ਸਾਈਕਲ 'ਤੇ ਸਕੂਲ ਲਈ ਚੱਲ ਪਈ।

ਘਰੋਂ ਬਾਹਰ ਨਿਕਲ਼ੀ ਤਾਂ ਦੇਖਿਆ ਕਿ ਸਾਰੇ ਪਾਸੇ ਧੁੰਦ ਹੀ ਧੁੰਦ ਸੀ। ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਸੜਕ 'ਤੇ ਕੋਈ-ਕੋਈ ਬੱਚਾ ਹੀ ਦਿਖਾਈ ਦੇ ਰਿਹਾ ਸੀ। ਮੈਂ ਦਸਤਾਨੇ ਪਾਏ ਹੋਏ ਸਨ

ਪਰ ਫਿਰ ਵੀ ਮੇਰੇ ਹੱਥ ਠੰਢ ਕਾਰਨ ਠਰ ਰਹੇ ਸਨ। ਰਸਤੇ ਵਿੱਚ ਕੁਝ ਬੰਦੇ ਇਕੱਠੇ ਹੋ ਕੇ ਅੱਗ ਬਾਲ਼ੀ ਬੈਠੇ ਸਨ ਤੇ ਸੇਕ ਰਹੇ ਸਨ। ਵਿਰਲਾ-ਟਾਂਵਾਂ ਬੰਦਾ ਹੀ ਸੜਕ ਉੱਤੇ ਦਿਖਾਈ ਦੇ ਰਿਹਾ ਸੀ।

ਕੁਝ ਮਿੰਟਾਂ ਵਿੱਚ ਹੀ ਮੈਂ ਸਕੂਲ ਪਹੁੰਚ ਗਈ। ਮੈਂ ਸਾਈਕਲ-ਸਟੈਂਡ 'ਤੇ ਸਾਈਕਲ ਰੱਖਿਆ ਤੇ ਆਪਣੀ ਜਮਾਤ ਦੇ ਕਮਰੇ ਵਿੱਚ ਆਪਣਾ ਬਸਤਾ ਰੱਖ ਦਿੱਤਾ। ਬਹੁਤ ਥੋੜ੍ਹੇ ਬੱਚੇ ਸਕੂਲ ਆਏ ਹੋਏ ਸਨ। ਜਿਹੜੇ ਬੱਚੇ ਆਏ ਸਨ, ਉਹਨਾਂ ਵਿੱਚੋਂ ਕੁਝ ਧੂਣੀ ਬਾਲ਼ ਕੇ ਅੱਗ ਸੇਕ ਰਹੇ ਸਨ। ਕੁਝ ਬੱਚੇ ਮੈਦਾਨ ਵਿੱਚ ਖੇਡ ਰਹੇ ਸਨ ਪ੍ਰਾਰਥਨਾ ਦੀ ਘੰਟੀ ਵੱਜੀ। ਸਾਰੇ ਵਿਦਿਆਰਥੀ ਖੁੱਲ੍ਹੇ ਮੈਦਾਨ ਵਿੱਚ ਇਕੱਠੇ ਹੋ ਗਏ। ਉਹ ਠੰਢ ਨਾਲ਼ ਥਰ-ਥਰ ਕੰਬ ਰਹੇ ਸਨ। ਅਧਿਆਪਕ ਸਾਨੂੰ ਜਲਦੀ ਹੀ ਕਲਾਸ-ਰੂਮ ਵਿੱਚ ਲੈ ਗਏ।

ਪੰਜਾਬੀ ਦੇ ਅਧਿਆਪਕ ਸ. ਦਰਸ਼ਨ ਸਿੰਘ ਜੀ ਨੇ ਕਿਹਾ ਕਿ ਅੱਜ ਲੋਹੜੀ ਦੇ ਗੀਤ ਸੁਣਾਓ। ਅਸੀਂ ਸਾਰਿਆਂ ਨੇ 'ਸੁੰਦਰ-ਮੁੰਦਰੀਏ' ਵਾਲ਼ਾ ਗੀਤ ਰਲ਼ ਕੇ ਗਾਇਆ। ਉਹਨਾਂ ਨੇ ਸਾਨੂੰ ਮੂੰਗਫਲ਼ੀ ਤੇ ਰਿਓੜੀਆਂ ਖਾਣ ਨੂੰ ਦਿੱਤੀਆਂ। ਹਾਜ਼ਰੀ ਬਹੁਤ ਘੱਟ ਸੀ, ਇਸ ਕਰਕੇ ਪੜ੍ਹਾਈ ਦਾ ਕੰਮ ਨਹੀਂ ਹੋਇਆ। ਸਾਰਾ ਦਿਨ ਸੂਰਜ ਦੇਵਤਾ ਦੇ ਦਰਸ਼ਨ ਨਹੀਂ ਹੋਏ। ਚਾਰ ਵਜੇ ਛੁੱਟੀ ਹੋਈ ਤਾਂ ਮੈਂ ਸਿੱਧੀ ਘਰ ਪਹੁੰਚੀ। ਮਾਤਾ ਜੀ ਨੇ ਗਰਮ-ਗਰਮ ਪਕੌੜੇ ਬਣਾਏ ਹੋਏ ਸਨ। ਉਹਨਾਂ ਨੇ ਖੀਰ ਤੇ ਸਾਗ ਵੀ ਬਣਾਇਆ ਸੀ ਜੋ ਅਸੀਂ ਅਗਲੇ ਦਿਨ (ਮਾਘੀ ਵਾਲ਼ੇ ਦਿਨ) ਖਾਣਾ ਸੀ। ਮੈਂ ਗਰਮ-ਗਰਮ ਪਕੌੜੇ ਖਾਧੇ ਤੇ ਚਾਹ ਪੀਤੀ। ਹੁਣ ਮੈਂ ਅੰਗੀਠੀ ਕੋਲ਼ ਹੀ ਬੈਠ ਗਈ ਤੇ ਆਪਣੇ ਮਾਤਾ ਜੀ ਨਾਲ਼ ਗੱਲਾਂ ਕਰਨ ਲੱਗੀ। ਅਤਿ ਸਰਦੀ ਦਾ ਇਹ ਦਿਨ ਮੈਨੂੰ ਹਮੇਸ਼ਾਂ ਯਾਦ ਰਹੇਗਾ।

## ਸਾਡੇ ਮੇਲੇ ਤੇ ਤਿਉਹਾਰ

ਪੰਜਾਬ ਮੇਲਿਆਂ ਅਤੇ ਤਿਉਹਾਰਾਂ ਦਾ ਦੇਸ ਹੈ। 'ਤਿਉਹਾਰ' ਉਸ ਖ਼ਾਸ ਦਿਨ ਨੂੰ ਕਹਿੰਦੇ ਹਨ ਜਿਸ ਦਿਨ ਕੋਈ ਇਤਿਹਾਸਿਕ, ਮਿਥਿਹਾਸਿਕ ਧਾਰਮਿਕ ਜਾਂ ਸਮਾਜਿਕ ਉਤਸਵ ਮਨਾਇਆ ਜਾਂਦਾ ਹੈ। ਇਹਨਾਂ ਦਾ ਸੰਬੰਧ ਵਿਸ਼ੇਸ਼ ਵਿਅਕਤੀਆਂ ਨਾਲ਼ ਜਾ ਉਹਨਾਂ ਨਾਲ਼ ਸੰਬੰਧਿਤ ਘਟਨਾਵਾਂ ਤੇ ਰੁੱਤਾਂ ਨਾਲ਼ ਹੁੰਦਾ ਹੈ। ਇਹ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਇਹਨਾਂ ਨੂੰ ਮਨਾਉਣ ਲਈ ਥਾਂ-ਥਾਂ ਮੇਲੇ ਲੱਗਦੇ ਹਨ। ਹਰ ਥਾਂ ਆਪਣੇ-ਆਪਣੇ ਰਿਵਾਜ ਮੁਤਾਬਕ ਮੇਲੇ ਲੱਗਦੇ ਹਨ ਤੇ ਤਿਉਹਾਰ ਮਨਾਏ ਜਾਂਦੇ ਹਨ।

ਪੰਜਾਬ ਵਿੱਚ ਬਹੁਤ ਸਾਰੇ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ। ਜੇ ਇਸ ਤਰ੍ਹਾਂ ਕਹਿ ਲਈਏ ਕਿ ਪੰਜਾਬ ਵਿੱਚ ਨਿੱਤ ਮੇਲੇ ਲੱਗਦੇ ਹਨ ਤਾਂ ਠੀਕ ਹੀ ਹੋਵੇਗਾ। ਸਾਲ ਵਿੱਚ ਕੋਈ ਹੀ ਮਹੀਨਾ ਅਜਿਹਾ ਹੁੰਦਾ ਹੋਵੇਗਾ ਜਦੋਂ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਦਿਵਾਲ਼ੀ, ਦਸਿਹਰਾ, ਵਿਸਾਖੀ, ਬਸੰਤ, ਲੋਹੜੀ, ਮਾਘੀ, ਹੋਲੀ, ਹੋਲਾ-ਮਹੱਲਾ, ਜਰਗ ਦਾ ਮੇਲਾ, ਰੋਸ਼ਨੀ, ਜਗਰਾਓਂ ਦਾ ਮੇਲਾ ਤੇ ਹੋਰ ਕਈ ਮੇਲੇ ਤੇ ਗੁਰਪੁਰਬ ਜੋ ਇਤਿਹਾਸਿਕ ਮਹੱਤਤਾ ਰੱਖਦੇ ਹਨ, ਬੜੇ ਉਤਸ਼ਾਹ ਨਾਲ਼ ਮਨਾਏ ਜਾਂਦੇ ਹਨ। ਇਹਨਾਂ ਤਿਉਹਾਰਾਂ ਅਤੇ ਮੇਲਿਆਂ ਦਾ ਹਰ ਪੁਰਸ਼, ਇਸਤਰੀ, ਬੱਚੇ, ਬੁੱਢੇ ਤੇ ਮੁਟਿਆਰ ਨੂੰ ਬਹੁਤ ਚਾਅ ਹੁੰਦਾ ਹੈ।

ਜੇਕਰ ਅਸੀਂ ਪੂਰੇ ਸਾਲ ਦੇ ਤਿਉਹਾਰਾਂ ਵੱਲ ਨਜ਼ਰ ਮਾਰੀਏ ਤਾਂ ਨਵੇਂ ਸਾਲ ਦੇ ਅਰੰਭ ਵਿੱਚ ਹੀ ਲੋਹੜੀ ਦਾ ਤਿਉਹਾਰ ਆ ਜਾਂਦਾ ਹੈ। ਲੋਹੜੀ ਮੰਗਦੇ ਮੁੰਡੇ-ਕੁੜੀਆਂ ਆਪਣੇ ਗੀਤਾਂ ਨਾਲ਼ ਵਾਤਾਵਰਨ ਨੂੰ ਸੁਹਾਵਣਾ ਬਣਾ ਦਿੰਦੇ ਹਨ। ਇਹ ਤਿਉਹਾਰ ਮਾਘੀ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਜਿਨ੍ਹਾਂ ਦੇ ਘਰ ਵਿਆਹ ਹੋਇਆ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ ਉਸ ਘਰ ਵਿੱਚ ਲੋਹੜੀ ਖ਼ਾਸ ਤੌਰ 'ਤੇ ਮਨਾਈ ਜਾਂਦੀ ਹੈ। ਇੱਕ ਵੱਡੀ ਧੂਣੀ ਬਾਲ਼ ਕੇ ਗੀਤ ਗਾਏ ਜਾਂਦੇ ਹਨ ਤੇ ਨਾਚ ਨੱਚੇ ਜਾਂਦੇ ਹਨ। ਮੂੰਗਫਲ਼ੀ ਤੇ ਰਿਓੜੀਆਂ ਵੰਡੀਆਂ ਜਾਂਦੀਆਂ ਹਨ।

ਅੱਜ-ਕੱਲ੍ਹ ਦੋਸਤਾਂ-ਮਿੱਤਰਾਂ ਨੂੰ ਇਕੱਠੇ ਕਰਕੇ ਤੇ ਖ਼ਾਸ ਪਕਵਾਨ ਬਣਾ ਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਪਵਿੱਤਰ ਤਿਉਹਾਰ ਹੁੰਦਾ ਹੈ। ਇਸ ਦਿਨ ਲੋਕ ਹਰਿਦੁਆਰ, ਬਨਾਰਸ ਆਦਿ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਹਨ। ਪੰਜਾਬ ਵਿੱਚ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ।

ਇਸ ਪਿੱਛੋਂ ਜਨਵਰੀ ਦੇ ਅਖੀਰ ਜਾਂ ਫ਼ਰਵਰੀ ਦੇ ਸ਼ੁਰੂ ਵਿੱਚ ਹੀ ਬਸੰਤ-ਪੰਚਮੀ ਦਾ ਤਿਉਹਾਰ ਆਉਂਦਾ ਹੈ। ਇਹ ਸਿਆਲ਼ ਦੀ ਰੁੱਤ ਦੇ ਜਾਣ ਅਤੇ ਅਤੇ ਬਹਾਰ ਦੀ ਰੁੱਤ ਆਉਣ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਕਹਿੰਦੇ ਹਨ, ਬਸੰਤ ਪੰਚਮੀ ਆਉਣ 'ਤੇ ਸਰਦੀ ਖ਼ਤਮ ਹੋ ਜਾਂਦੀ ਹੈ। ਇਸ ਸੰਬੰਧੀ 'ਆਈ ਬਸੰਤ ਤੇ ਪਾਲ਼ਾ ਉਡੰਤ' ਆਮ ਕਹਾਵਤ ਹੈ। ਲੋਕ ਇਸ ਦਿਨ ਪੀਲ਼ੇ ਪਕਵਾਨ ਬਣਾਉਂਦੇ ਹਨ। ਇਸ ਦਿਨ ਪਤੰਗਾਂ ਵੀ ਉਡਾਈਆਂ ਜਾਂਦੀਆਂ ਹਨ।

ਮਾਰਚ ਦੇ ਮਹੀਨੇ ਇੱਕ-ਦੂਸਰੇ ਉੱਪਰ ਰੰਗ ਸੁੱਟ ਕੇ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਲੀ ਤੋਂ ਅਗਲੇ ਦਿਨ ਸਿੱਖ ਹੋਲਾ-ਮਹੱਲਾ ਮਨਾਉਂਦੇ ਹਨ। ਇਸ ਦਿਨ ਅਨੰਦਪੁਰ ਸਾਹਿਬ ਵਿਖੇ ਭਾਰੀ ਮੇਲਾ ਲੱਗਦਾ ਹੈ। ਇਸ ਪਿੱਛੋਂ 13 ਅਪਰੈਲ ਨੂੰ ਵਿਸਾਖੀ ਦਾ ਤਿਉਹਾਰ ਆਉਂਦਾ ਹੈ। ਕਣਕ ਦੀ ਫ਼ਸਲ ਪੱਕਣ ਦੀ ਖ਼ੁਸ਼ੀ ਵਿੱਚ ਕਿਸਾਨ ਭੰਗੜੇ ਪਾਉਂਦੇ ਤੇ ਖ਼ੁਸ਼ੀਆਂ ਮਨਾਉਂਦੇ ਹਨ।

ਜੁਲਾਈ ਦੇ ਮਹੀਨੇ ਵਿੱਚ ਜਨਮ-ਅਸ਼ਟਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਜਨਮ-ਅਸ਼ਟਮੀ ਦਾ ਸੰਬੰਧ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਨਾਲ਼ ਹੈ।

ਰੱਖੜੀ ਦਾ ਤਿਉਹਾਰ ਆਮ ਤੌਰ 'ਤੇ ਅਗਸਤ ਦੇ ਮਹੀਨੇ ਆਉਂਦਾ ਹੈ। ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ। ਪੰਜਾਬ ਦੇ ਪਿੰਡਾਂ ਵਿੱਚ ਸਾਉਣ ਦੇ ਮਹੀਨੇ ਵਿੱਚ ਤੀਆਂ ਲੱਗਦੀਆਂ ਹਨ। ਕੁੜੀਆਂ ਗਿੱਧੇ ਪਾਉਂਦੀਆਂ ਅਤੇ ਪੀਂਘਾਂ ਝੂਟਦੀਆਂ ਹਨ।

ਦਸਹਿਰੇ ਦਾ ਤਿਉਹਾਰ ਆਮ ਤੌਰ 'ਤੇ ਅਕਤੂਬਰ ਵਿੱਚ ਆਉਂਦਾ ਹੈ। ਇਹ ਤਿਉਹਾਰ ਨੇਕੀ ਦੀ ਬਦੀ ਉੱਤੇ ਜਿੱਤ ਦਾ ਪ੍ਰਤੀਕ ਹੈ। ਇਸ ਦਿਨ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਦੇ ਵਿਰੁੱਧ ਲੜਾਈ ਲੜ ਕੇ ਲੰਕਾ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਦਸਹਿਰੇ ਵਾਲ਼ੇ ਦਿਨ ਭਾਰੀ ਮੇਲਾ ਲੱਗਦਾ ਹੈ ਅਤੇ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਬਣਾਕੇ ਸਾੜੇ ਜਾਂਦੇ ਹਨ।

ਦਸਹਿਰੇ ਤੋਂ ਲਗ-ਪਗ ਵੀਹ ਦਿਨ ਬਾਅਦ ਦਿਵਾਲ਼ੀ ਦਾ ਤਿਉਹਾਰ ਆਉਂਦਾ ਹੈ। ਇਹ ਹਿੰਦੂਆਂ ਅਤੇ ਸਿੱਖਾਂ ਦਾ ਸਾਂਝਾ ਤਿਉਹਾਰ ਹੈ। ਰਾਮ ਚੰਦਰ ਜੀ ਦੇ ਬਣਬਾਸ ਤੋਂ ਪਰਤਣ ਦੀ ਖ਼ੁਸ਼ੀ ਵਿੱਚ ਦਿਵਾਲ਼ੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਨੂੰ ਛੁਡਵਾ ਕੇ ਲਿਆਏ ਸਨ। ਇਸੇ ਖ਼ੁਸ਼ੀ ਵਿੱਚ ਅੰਮ੍ਰਿਤਸਰ ਸਾਹਿਬ ਵਿਖੇ ਦਿਵਾਲ਼ੀ ਮਨਾਈ ਜਾਂਦੀ ਹੈ। ਇਸ ਦਿਨ ਆਪਣੇ ਸੱਜਣਾਂ-ਮਿੱਤਰਾਂ ਨੂੰ ਮਿਠਿਆਈਆਂ ਅਤੇ ਹੋਰ ਤੋਹਫ਼ੇ ਦਿੱਤੇ ਜਾਂਦੇ ਹਨ।

ਗੁਰਪੁਰਬ ਵੀ ਤਿਉਹਾਰਾਂ ਵਾਂਗ ਹੀ ਮਨਾਏ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ-ਦਿਵਸ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ। ਗੁਰਪੁਰਬ ਦੇ ਮੌਕੇ 'ਤੇ ਗੁਰਦਵਾਰਿਆਂ ਵਿੱਚ ਕੀਰਤਨ ਹੁੰਦਾ ਹੈ ਅਤੇ ਲੰਗਰ ਵਰਤਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਠੰਢੇ ਅਤੇ ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ।

ਈਦ ਮੁਸਲਮਾਨਾਂ ਦਾ ਪਵਿੱਤਰ ਤਿਉਹਾਰ ਹੈ। ਇਸ ਦਿਨ ਮੁਸਲਮਾਨ ਮਸੀਤਾਂ ਵਿੱਚ ਜਾ ਕੇ ਨਮਾਜ਼ ਪੜ੍ਹਦੇ ਹਨ ਅਤੇ ਇੱਕ-ਦੂਸਰੇ ਨੂੰ ਗਲ਼ੇ ਮਿਲ਼ ਕੇ ਮੁਬਾਰਕਬਾਦ ਦਿੰਦੇ ਹਨ।

25 ਦਸੰਬਰ ਨੂੰ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਜਾਂਦਾ ਹੈ।

26 ਜਨਵਰੀ ਅਤੇ 15 ਅਗਸਤ ਸਾਡੇ ਕੌਮੀ ਤਿਉਹਾਰ ਹਨ। ਇਸ ਦਿਨ ਅਨੇਕਾਂ ਥਾਂਵਾਂ 'ਤੇ ਕੌਮੀ ਝੰਡਾ ਲਹਿਰਾਇਆ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਾਡਾ ਜੀਵਨ ਖ਼ੁਸ਼ੀਆਂ ਨਾਲ਼ ਭਰਪੂਰ ਹੈ। ਇਹਨਾਂ ਮੇਲਿਆਂ ਅਤੇ ਤਿਉਹਾਰਾਂ ਵਿੱਚ ਪੰਜਾਬੀ ਮਨਪਸੰਦ ਚੀਜ਼ਾਂ ਖਾ ਕੇ ਤੇ ਭੰਗੜੇ ਪਾ ਕੇ ਆਪਣਾ ਮਨ-ਪਰਚਾਵਾ ਕਰਦੇ ਹਨ। ਰੱਬ, ਕਰੇ ਅਸੀਂ ਇਹ ਮੇਲੇ ਤੇ ਤਿਉਹਾਰ ਇਸੇ ਤਰ੍ਹਾਂ ਮਨਾਉਂਦੇ ਰਹੀਏ।

## ਦਿਵਾਲ਼ੀ

ਭਾਰਤ ਨੂੰ ਮੇਲਿਆਂ ਅਤੇ ਤਿਉਹਾਰਾਂ ਦਾ ਦੇਸ ਕਿਹਾ ਜਾਂਦਾ ਹੈ। ਦਿਵਾਲ਼ੀ ਭਾਰਤ ਦਾ ਇੱਕ ਪ੍ਰਮੁੱਖ ਤਿਉਹਾਰ ਹੈ। ਇਹ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਤਿਉਹਾਰ ਹੈ। ਦਿਵਾਲ਼ੀ ਦਾ ਤਿਉਹਾਰ ਬੜੀ ਧੂਮ- ਧਾਮ ਨਾਲ਼ ਸਾਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਵਿਦੇਸ਼ਾਂ ਵਿੱਚ ਵੱਸੇ ਭਾਰਤੀ ਵੀ ਇਸ ਤਿਉਹਾਰ ਨੂੰ ਉਤਸ਼ਾਹ ਨਾਲ਼ ਮਨਾਉਂਦੇ ਹਨ। ਇਹ ਤਿਉਹਾਰ ਦਸਹਿਰੇ ਤੋਂ 20 ਦਿਨ ਬਾਅਦ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ।

ਇਸ ਦਿਨ ਸ੍ਰੀ ਰਾਮ ਚੰਦਰ ਜੀ ਰਾਵਣ 'ਤੇ ਜਿੱਤ ਪ੍ਰਾਪਤ ਕਰਕੇ ਅਤੇ ਚੌਦਾਂ ਸਾਲਾਂ ਦਾ ਬਣਬਾਸ ਪੂਰਾ ਕਰਕੇ ਅਯੁੱਧਿਆ ਪਰਤੇ ਸਨ। ਅਯੁੱਧਿਆ ਵਾਸੀਆਂ ਨੇ ਉਹਨਾਂ ਦੇ ਵਾਪਸ ਆਉਣ ਦੀ ਖ਼ੁਸ਼ੀ ਵਿੱਚ ਸਾਰੇ ਸ਼ਹਿਰ ਵਿੱਚ ਦੀਪਮਾਲ਼ਾ ਕੀਤੀ ਸੀ। ਇਸੇ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਜਹਾਂਗੀਰ ਦੀ ਨਜ਼ਰਬੰਦੀ ਵਿੱਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਆਏ ਸਨ। ਉਹਨਾਂ ਦੇ ਹਰਿਮੰਦਰ ਸਾਹਿਬ ਵਾਪਸ ਪਹੁੰਚਣ ਦੀ ਖ਼ੁਸ਼ੀ ਵਿੱਚ ਦੀਪਮਾਲ਼ਾ ਕੀਤੀ ਗਈ ਸੀ। ਆਰੀਆ-ਸਮਾਜ ਦੇ ਸੰਸਥਾਪਕ ਸੁਆਮੀ ਦਇਆ ਨੰਦ ਜੀ ਨੂੰ ਦਿਵਾਲ਼ੀ ਵਾਲ਼ੇ ਦਿਨ ਨਿਰਵਾਣ ਪ੍ਰਾਪਤ ਹੋਇਆ ਸੀ।

ਪੰਜਾਬ ਵਿੱਚ ਅੰਮ੍ਰਿਤਸਰ ਦੀ ਦਿਵਾਲ਼ੀ ਵੇਖਣ ਵਾਲ਼ੀ ਹੁੰਦੀ ਹੈ। ਇਸ ਬਾਰੇ ਇੱਕ ਅਖਾਣ ਵੀ ਹੈ -

"ਦਾਲ਼-ਰੋਟੀ ਘਰ ਦੀ,
ਦਿਵਾਲ਼ੀ ਅੰਮ੍ਰਿਤਸਰ ਦੀ।"

ਲੋਕ ਦਿਵਾਲ਼ੀ ਤੋਂ ਪਹਿਲਾਂ ਆਪਣੇ ਘਰਾਂ ਤੇ ਦੁਕਾਨਾਂ ਨੂੰ ਸਾਫ਼ ਕਰਦੇ ਹਨ, ਸਫ਼ੈਦੀਆਂ ਕਰਵਾਉਂਦੇ ਹਨ। ਜ਼ਿਆਦਾਤਰ ਲੋਕ ਇਸ ਦਿਨ ਲੱਛਮੀ ਦੀ ਪੂਜਾ ਕਰਦੇ ਹਨ, ਹਵਨ ਤੇ ਪਾਠ ਵੀ ਕਰਵਾਉਂਦੇ ਹਨ। ਆਪਣੇ ਘਰਾਂ ਦੀ ਸਜਾਵਟ ਵੀ ਕਰਦੇ ਹਨ। ਲੋਕ ਰੰਗ-ਬਰੰਗੇ ਕੱਪੜੇ ਪਾਉਂਦੇ ਹਨ, ਮਠਿਆਈਆਂ ਤੇ ਸੁੱਕੇ ਮੇਵੇ ਆਦਿ ਖ਼ਰੀਦਦੇ ਹਨ। ਰਾਤ ਨੂੰ ਘਰਾਂ ਵਿੱਚ ਦੀਪਮਾਲ਼ਾ ਕੀਤੀ ਜਾਂਦੀ ਹੈ। ਲੋਕ ਇੱਕ-ਦੂਜੇ ਨੂੰ ਦਿਵਾਲ਼ੀ ਦੀਆਂ ਵਧਾਈਆਂ ਦਿੰਦੇ ਹਨ ਅਤੇ ਮਿਠਿਆਈਆਂ ਤੇ ਸੁਗਾਤਾਂ ਦਾ ਵਟਾਂਦਰਾ ਕਰਦੇ ਹਨ।

ਹਰ ਪਿੰਡ ਤੇ ਹਰ ਸ਼ਹਿਰ ਰਾਤ ਵੇਲ਼ੇ ਰੋਸ਼ਨੀ ਨਾਲ਼ ਜਗਮਗਾ ਰਿਹਾ ਹੁੰਦਾ ਹੈ। ਬੱਚੇ 'ਤੇ ਵੱਡੇ ਰਲ਼-ਮਿਲ਼ ਕੇ ਪਟਾਕੇ ਤੇ ਆਤਸ਼ਬਾਜ਼ੀ ਚਲਾਉਂਦੇ ਹਨ। ਖ਼ਾਸ ਤੌਰ 'ਤੇ ਦਿਵਾਲ਼ੀ ਵਾਲ਼ੇ ਦਿਨ ਦਰਬਾਰ ਸਾਹਿਬ ਵਿਖੇ ਰੋਸ਼ਨੀ ਤੇ ਸਜਾਵਟ ਦਾ ਖ਼ੂਬਸੂਰਤ ਦ੍ਰਿਸ਼ ਦੇਖਣ ਨੂੰ ਮਿਲ਼ਦਾ ਹੈ। ਰਾਤ ਨੂੰ ਤਰ੍ਹਾਂ-ਤਰ੍ਹਾਂ ਦੀ ਆਤਸ਼ਬਾਜ਼ੀ ਚਲਾਈ ਜਾਂਦੀ ਹੈ।

ਇਸ ਦਿਨ ਜਿੱਥੇ ਏਨੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ, ਉੱਥੇ ਕੁਝ ਲੋਕਾਂ ਦੀਆਂ

ਭੈੜੀਆਂ ਆਦਤਾਂ ਕਰਕੇ ਰੰਗ ਵਿੱਚ ਭੰਗ ਵੀ ਪੈਂਦਾ ਹੈ। ਕਈ ਲੋਕ ਇਸ ਦਿਨ ਜੂਆ ਖੇਡਦੇ ਹਨ, ਸ਼ਰਾਬ ਪੀ ਕੇ ਲੜਾਈਆਂ-ਝਗੜੇ ਵੀ ਕਰਦੇ ਹਨ। ਇਹ ਇੱਕ ਵੱਡੀ ਸਮਾਜਿਕ ਬੁਰਾਈ ਹੈ । ਇਸ ਦਿਨ ਸਾਨੂੰ ਹਰ ਬੁਰਾ ਕੰਮ ਤਿਆਗ ਕੇ ਚੰਗੇ ਬਣਨ ਦਾ ਪ੍ਰਣ ਲੈਣਾ ਚਾਹੀਦਾ ਹੈ। ਤਿਉਹਾਰ ਨੂੰ ਅਜਿਹੇ ਢੰਗ ਨਾਲ਼ ਮਨਾਇਆ ਜਾਣਾ ਚਾਹੀਦਾ ਹੈ ਜਿਸ ਨਾਲ਼ ਖ਼ੁਸ਼ੀਆਂ ਵਿੱਚ ਵਾਧਾ ਹੋਵੇ। ਦਿਵਾਲ਼ੀ ਇੱਕ ਅਜਿਹਾ ਤਿਉਹਾਰ ਹੈ ਜਿਸ ਦਾ ਇੰਤਜ਼ਾਰ ਸਾਰੇ ਛੋਟੇ-ਵੱਡੇ ਕਰਦੇ ਹਨ।

## ਜਰਗ ਦਾ ਮੇਲਾ

ਮੇਲੇ ਪੰਜਾਬੀ ਸੱਭਿਆਚਾਰ ਅਤੇ ਰਹਿਣੀ-ਬਹਿਣੀ ਦੀ ਸ਼ਾਨਦਾਰ ਨੁਮਾਇਸ਼ ਹਨ। ਖ਼ਾਸ ਕਰ ਪੰਜਾਬੀ ਜੀਵਨ ਨੂੰ ਜੇ ਰੌਣਕ ਵਿੱਚ ਵੇਖਣਾ ਹੋਵੇ ਤਾਂ ਇਸ ਦਾ ਨਜ਼ਾਰਾ ਮੇਲਿਆਂ ਵਿੱਚੋਂ ਲਿਆ ਜਾ ਸਕਦਾ ਹੈ। ਮੇਲਿਆਂ ਵਿੱਚ ਗੱਭਰੂ ਰੰਗ-ਬਰੰਗੀਆਂ ਪੱਗਾਂ ਬੰਨ੍ਹੀ ਲੁੱਡੀਆਂ ਪਾਉਂਦੇ, ਆਪਣਾ ਮਨੋਰੰਜਨ ਤਾਂ ਕਰਦੇ ਹੀ ਹਨ, ਨਾਲ਼ ਹੀ ਦੇਖਣ ਵਾਲ਼ਿਆਂ ਨੂੰ ਵੀ ਇੱਕ ਅਨੋਖਾ ਹੁਲਾਰਾ ਦਿੰਦੇ ਹਨ। ਕੀ ਬੁੱਢਾ ਤੇ ਕੀ ਬਾਲ, ਗੱਲ ਕੀ ਹਰ ਕੋਈ ਬੇਫ਼ਿਕਰੀ ਦੇ ਰੰਗ ਵਿੱਚ ਹੁੰਦਾ ਹੈ। ਮੇਲੇ ਦੇ ਮਨ-ਭਾਉਂਦੇ ਤੇ ਵੰਨ-ਸੁਵੰਨੇ ਦ੍ਰਿਸ਼ਾਂ ਨੂੰ ਵੇਖ-ਵੇਖ ਖੀਵੇ ਹੁੰਦੇ ਹਨ। ਪੇਂਡੂ ਲੋਕਾਂ ਨੂੰ ਮੇਲਾ ਵੇਖਣ ਦਾ ਸ਼ੌਕ ਕੁਝ ਵਧੇਰੇ ਹੁੰਦਾ ਹੈ। ਉਹ ਠਾਠ ਨਾਲ਼ ਜਾਂਞੀਆਂ ਵਾਂਗ ਸਜ-ਧਜ ਕੇ ਪੂਰੇ ਰੋਹਬ ਨਾਲ਼, ਸੰਮਾਂ ਵਾਲ਼ੀ ਡਾਂਗ ਫੜੀ ਮੇਲੇ ਵਿੱਚ ਪਹੁੰਚਦੇ ਹਨ।

ਪੰਜਾਬ ਵਿੱਚ ਚੱਪੇ-ਚੱਪੇ 'ਤੇ ਮੇਲੇ ਲੱਗਦੇ ਰਹਿੰਦੇ ਹਨ। ਇਹਨਾਂ ਮੇਲਿਆਂ ਵਿੱਚ ਕਿਤੇ ਮੌਸਮੀ ਤਬਦੀਲੀਆਂ ਨੂੰ ਮਨਾਇਆ ਜਾਂਦਾ ਹੈ, ਕਿਤੇ ਕਿਸੇ ਗੁਰੂ-ਪੀਰ ਜਾਂ ਦੇਵੀ-ਦੇਵਤਿਆਂ ਦੀਆਂ ਮੰਨਤਾਂ ਲਾਹੁਣ ਲਈ ਇਹਨਾਂ ਮੇਲਿਆਂ ਉੱਤੇ ਜਾਇਆ ਜਾਂਦਾ ਹੈ। ਉਂਞ ਤਾਂ ਹਰ ਮੇਲੇ ਦੀ ਪ੍ਰਕਿਰਤੀ ਵੱਖਰੀ ਹੋਣ ਕਰਕੇ ਆਪਣਾ ਮਹੱਤਵ ਵੱਖਰਾ ਹੈ ਪਰ 'ਜਰਗ ਦੇ ਮੇਲੇ' ਦਾ ਮਹੱਤਵ ਆਪਣਾ ਹੀ ਹੈ।

'ਜਰਗ' ਲੁਧਿਆਣਾ ਦਾ ਮਸ਼ਹੂਰ ਕਸਬਾ ਹੈ, ਜਿੱਥੇ 'ਸੀਤਲਾ ਮਾਤਾ' ਨੂੰ ਖ਼ੁਸ਼ ਕਰਨ ਲਈ 'ਚੇਤਰ' ਦੇ ਮਹੀਨੇ ਬਾਹੜੀਏ ਵਾਲ਼ੇ ਦਿਨ ਇੱਕ ਭਾਰੀ ਮੇਲਾ ਜੁੜਦਾ ਹੈ। ਇਹ ਮੇਲਾ ਇੱਕ ਟੋਭੇ ਦੁਆਲ਼ੇ ਇਕੱਤਰ ਹੁੰਦਾ ਹੈ। ਇੱਥੇ ਸੀਤਲਾ ਮਾਈ ਦੀ ਪੂਜਾ ਕਰਨ ਲਈ ਲੋਕ-ਮਾਨਤਾ ਅਨੁਸਾਰ ਲੋਕ ਟੋਭੇ ਵਿੱਚੋਂ ਮਿੱਟੀ ਕੱਢਦੇ ਹਨ। ਮਿੱਟੀ ਦਾ ਮਟੀਲਾ ਜਾਂ ਪੁਤਲਾ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਲੋਕ ਇਸ ਦਿਨ ਮਾਤਾ ਰਾਣੀ ਦੇ ਨਾਂ 'ਤੇ ਗੁਲਗੁਲੇ ਪਕਾ ਕੇ ਮਾਤਾ ਨੂੰ ਭੇਟਾਵਾਂ ਚੜ੍ਹਾਉਂਦੇ ਅਤੇ ਆਪਣੇ ਬਾਲ-ਬੱਚਿਆਂ ਦੀ ਖ਼ੈਰ ਮੰਗਦੇ ਹਨ,

ਮਾਤਾ ਰਾਣੀਏ, ਗੁਲਗੁਲੇ ਖਾਣੀਏ,
ਬਾਲ-ਬੱਚਾ ਰਾਜ਼ੀ ਰੱਖਣਾ।

ਪੰਜਾਬ ਦੇ ਲੋਕ ਚੇਚਕ ਨੂੰ ਇੱਕ ਬੜੀ ਭੈੜੀ ਬਿਮਾਰੀ ਮੰਨਦੇ ਹਨ। ਉਹ ਇਸ ਦਾ ਨਾਂ ਲੈਣਾ ਵੀ ਮਾੜਾ ਸਮਝਦੇ ਹਨ । ਇਸ ਲਈ ਆਮ ਕਰਕੇ 'ਮਾਤਾ ਨਿਕਲ਼ੀ' ਕਿਹਾ ਜਾਂਦਾ ਹੈ। ਲੋਕਾਂ ਦਾ ਤਾਂ ਇਹ ਵੀ ਖ਼ਿਆਲ ਹੈ ਕਿ ਸੀਤਲਾ ਮਾਤਾ ਗਧੇ ਦੀ ਸਵਾਰੀ ਕਰਕੇ ਆਉਂਦੀ ਹੈ । ਇਸ ਲਈ ਸੀਤਲਾ ਮਾਤਾ ਦੇ ਵਾਹਨ ਗਧੇ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਹਨਾਂ ਗਧਿਆਂ ਨੂੰ ਰੰਗ-ਬਰੰਗੇ ਝੁੱਲਾਂ ਨਾਲ਼ ਸ਼ਿੰਗਾਰ ਕੇ, ਘੁੰਗਰੂ, ਮਣਕੇ ਆਦਿ ਪਹਿਨਾ ਕੇ, ਸੁਆਰ-ਬਣਾ ਕੇ ਮੇਲੇ ਵਿੱਚ ਲਿਆਉਂਦੇ ਹਨ। ਮਾਤਾ ਦੇ ਸ਼ਰਧਾਲੂ ਇਹਨਾਂ ਨੂੰ ਤਰ੍ਹਾਂ-ਤਰ੍ਹਾਂ ਦਾ ਦਾਣਾ-ਬੱਕਲ਼ੀਆਂ, ਮਿੱਠੀਆਂ ਰੋਟੀਆਂ ਅਤੇ ਗੁਲਗੁਲੇ ਆਦਿ ਖੁਆ ਕੇ ਪ੍ਰਸੰਨ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ਼ ਚੇਚਕ ਖ਼ਤਮ ਹੁੰਦੀ ਹੈ ਜਾਂ ਨਹੀਂ ਪਰ ਇਸ ਤਰ੍ਹਾਂ ਦੇ ਵਹਿਮਾਂ-ਭਰਮਾਂ ਵਾਲ਼ੀ ਦੇਵੀ-ਦੇਵਤਿਆਂ ਦੀ ਮਾਨਤਾ ਸਾਡੇ ਜਨ-ਜੀਵਨ ਵਿੱਚ ਰਸਮਾਂ-

ਰਿਵਾਜਾਂ ਦਾ ਇੱਕ ਜ਼ਰੂਰੀ ਅੰਗ ਬਣੀ ਰਹੀ ਹੈ। ਸਾਡੀ ਲੋਕ-ਬੋਲੀ ਵਿੱਚ ਅਜਿਹੀ ਪੂਜਾ, ਮਾਨਤਾ ਦਾ ਜ਼ਿਕਰ ਵੀ ਮਿਲਦਾ ਹੈ।

ਦੇਵੀ ਦੀ ਮੈਂ ਕਰਾਂ ਕੜਾਹੀ,
ਪੀਰ-ਫ਼ਕੀਰ ਧਿਆਵਾਂ।
ਹੈਦਰ ਸ਼ੇਖ਼ ਦੇ ਦੇਵਾਂ ਬੱਕਰਾ,
ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ,
ਰੱਤੀ ਫ਼ਰਕ ਨਾ ਪਾਵਾਂ।
ਨੀ ਮਾਤਾ ਭਗਵਤੀਏ,
ਮੈਂ ਤੇਰਾ ਜਸ ਗਾਵਾਂ। (ਇੱਕ ਧਾਰਮਿਕ ਲੋਕ-ਬੋਲੀ)

ਅਜੋਕੀਆਂ ਸਿਹਤ-ਸਹੂਲਤਾਂ ਦੇ ਸਦਕੇ ਚੇਚਕ ਜਿਹੀ ਬਿਮਾਰੀ ਨੂੰ ਖ਼ਤਮ ਕਰਨ ਲਈ ਬੱਚਿਆਂ ਨੂੰ ਟੀਕੇ ਲਾਏ ਜਾਂਦੇ ਹਨ। ਐਪਰ ਰਵਾਇਤੀ ਮੇਲਾ ਅੱਜ ਵੀ ਭਰਦਾ ਹੈ। ਇਸ ਪ੍ਰਕਾਰ ਮੇਲੇ ਕੇਵਲ ਅਰਾਧਨਾ ਦਾ ਸਥਾਨ ਹੀ ਨਹੀਂ ਹੁੰਦੇ ਸਗੋਂ ਜਨ-ਸਧਾਰਨ ਲਈ ਜੁੜ-ਬੈਠਣ ਦਾ ਬਹਾਨਾ ਵੀ ਹੁੰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ, 'ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ।' ਇਹਨਾਂ ਰੌਣਕਾਂ ਨੂੰ ਵੇਖਣ ਲਈ ਹਰ ਗੱਭਰੂ ਅਤੇ ਮੁਟਿਆਰ ਦਾ ਜੀਅ ਕਰ ਆਉਂਦਾ ਹੈ। ਜਰਗ ਦਾ ਮੇਲਾ ਵੀ ਕੇਵਲ ਸੀਤਲਾ ਮਾਈ ਦੀ ਅਰਾਧਨਾ ਅਤੇ ਪੂਜਾ ਕਰਨ ਹਿਤ ਮਿੱਟੀ ਕੱਢਣ ਤੱਕ ਹੀ ਸੀਮਿਤ ਹੀ ਨਹੀਂ ਹੈ ਸਗੋਂ ਮੇਲੇ ਦੌਰਾਨ ਕਈ ਤਰ੍ਹਾਂ ਦੀਆਂ ਪੇਂਡੂ ਖੇਡਾਂ ਵੀ ਕਰਵਾਈਆਂ ਜਾਂਦੀਆਂ ਹਨ। ਇਹ ਖੇਡਾਂ ਭਾਰ-ਚੁੱਕਣ, ਜ਼ੋਰ ਅਜ਼ਮਾਉਣ ਅਤੇ ਜ਼ਿਮੀਂਦਾਰਾਂ ਦੇ ਲਾਡ ਨਾਲ਼ ਪਾਲ਼ੇ ਪਸ਼ੂਆਂ ਦੀ ਨੁਮਾਇਸ਼ ਦਾ ਵੀ ਵਧੀਆ ਮੌਕਾ ਹੈ। ਮੇਲਾ ਲੱਗਣ ਤੋਂ ਕਈ-ਕਈ ਦਿਨ ਪਹਿਲਾਂ ਹੀ ਗੱਭਰੂ ਮੁੰਡੇ ਮੇਲੇ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਮੇਲੇ ਜਾਣ ਲਈ ਸੰਗ-ਸਾਥ ਦਾ ਹੋਣਾ ਲਾਜ਼ਮੀ ਹੈ। ਜਿਸ ਇਕੱਲੇ ਨੂੰ ਸੰਗ-ਸਾਥ ਦਾ ਆਸਰਾ ਮਿਲ਼ ਜਾਵੇ, ਉਹ ਲੰਮੀ ਵਾਟ ਕਰਨੋਂ ਸੰਕੋਚ ਨਹੀਂ ਕਰਦਾ। ਇਹ ਮੇਲੇ ਪ੍ਰੀਤਾਂ, ਸਾਂਝਾਂ ਅਤੇ ਮਿਲ਼ਨੀਆਂ ਦੀ ਤਾਂਘ ਵੀ ਹਨ ਜੋ ਹਰੇਕ ਪੰਜਾਬੀ ਨੂੰ ਧੂਹ ਪਾਉਂਦੇ ਹਨ।

ਜਰਗ ਦਾ ਮੇਲਾ ਨਿਰਾ-ਪੁਰਾ ਸੀਤਲਾ ਮਾਤਾ ਨੂੰ ਰਿਝਾਉਣ ਦਾ ਸਥਾਨ ਹੀ ਨਹੀਂ, ਸਗੋਂ ਵਿੱਛੜਿਆਂ ਨੂੰ ਮਿਲ਼ਾਉਣ ਦਾ ਵੀ ਇੱਕ ਵੱਡਾ ਕੇਂਦਰ ਹੈ। ਇੱਥੇ ਲੋਕ ਆਲ਼ੇ-ਦੁਆਲ਼ੇ ਤੋਂ ਆ ਕੇ ਆਪਣੀਆਂ ਮਨ ਦੀਆਂ ਰੀਝਾਂ ਪੂਰੀਆਂ ਕਰਦੇ ਹਨ। ਇਹ ਰੀਝਾਂ ਨਿੱਤ ਨਵੀਆਂ ਹੁੰਦੀਆਂ ਰਹਿੰਦੀਆਂ ਹਨ, ਸਿਰਫ਼ ਸਮਾਂ ਤੇ ਸਥਾਨ ਤਬਦੀਲ ਹੁੰਦਾ ਹੈ। ਕਦੀ ਇਹਨਾਂ ਦਾ ਟਿਕਾਣਾ ਛਪਾਰ ਹੁੰਦਾ ਹੈ, ਕਦੀ ਕਾਲ਼ੇਕੇ, ਕਦੀ ਗੁਰੂਸਰ, ਕਦੀ ਜਗਰਾਵਾਂ ਅਤੇ ਕਦੀ ਜਰਗ। ਸਮਾਂ ਤੇ ਸਥਾਨ ਭਾਵੇਂ ਕੋਈ ਵੀ ਹੋਵੇ ਪੰਜਾਬੀ ਸਦਾ ਨੱਚਣ, ਗਾਉਣ ਤੇ ਭੰਗੜਾ ਪਾਉਣ ਵਾਲ਼ੇ ਮਸਤ ਲੋਕ ਹਨ। ਇਹ ਮੇਲੇ ਇਹਨਾਂ ਲਈ ਇੱਕ ਤਰ੍ਹਾਂ ਦੇ ਸੁੰਦਰ ਰੰਗ-ਮੰਚ ਬਣਦੇ ਨੇ ਜਿੱਥੇ ਇਹ ਆਪਣੇ ਜੌਹਰ ਦਿਖਾ ਕੇ ਲੋਕਾਂ ਨੂੰ ਖ਼ੁਸ਼ ਕਰਦੇ ਤੇ ਆਪ ਵੀ ਖਿੜੇ ਰਹਿੰਦੇ ਹਨ। ਸ਼ਾਲਾ! ਇਹ ਮੇਲਿਆਂ ਦਾ ਦਰਿਆ ਇਸੇ ਤਰ੍ਹਾਂ ਵਗਦਾ ਰਹੇ ਤੇ ਪੰਜਾਬੀ ਆਪਣੀਆਂ ਭੁੱਲੀਆਂ-ਵਿੱਸਰੀਆਂ ਸਾਂਝਾਂ ਨੂੰ ਪੱਕਿਆਂ ਕਰਦੇ ਰਹਿਣ।

# ਪੰਜਾਬ ਦਾ ਇਤਿਹਾਸਿਕ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ

ਪੰਜਾਬ ਦੇ ਇਤਿਹਾਸਿਕ ਸ਼ਹਿਰਾਂ ਵਿੱਚੋਂ ਸ੍ਰੀ ਅੰਮ੍ਰਿਤਸਰ ਸਭ ਤੋਂ ਵੱਧ ਮਹੱਤਤਾ ਵਾਲ਼ਾ ਸ਼ਹਿਰ ਹੈ। ਇਸ ਸ਼ਹਿਰ ਬਾਰੇ ਤਾਂ ਕਿਹਾ ਜਾਂਦਾ ਹੈ,

"ਅੰਮ੍ਰਿਤਸਰ ਸਿਫ਼ਤੀ ਦਾ ਘਰ"

ਸੱਚ ਮੁੱਚ ਹੀ ਅੰਮ੍ਰਿਤਸਰ ਸਿਫਤੀ ਦਾ ਘਰ ਹੈ। ਇਹ ਪੁਰਾਤਨ ਸ਼ਹਿਰ ਹੈ। ਇਸ ਸ਼ਹਿਰ ਨਾਲ਼ ਬਹੁਤ ਸਾਰੀਆਂ ਇਤਿਹਾਸਿਕ ਤੇ ਮਿਥਿਹਾਸਿਕ ਘਟਨਾਵਾਂ ਜੁੜੀਆਂ ਹੋਈਆਂ ਹਨ।

ਅੱਜ ਵਾਲ਼ਾ ਅੰਮ੍ਰਿਤਸਰ, ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਕਰਕੇ ਵਧੇਰੇ ਪ੍ਰਸਿੱਧ ਹੈ। ਅੰਮ੍ਰਿਤਸਰ ਪੰਜਾਬ ਦਾ ਵੱਡਾ ਵਪਾਰਿਕ ਕੇਂਦਰ ਹੈ। ਇਸ ਸ਼ਹਿਰ ਦਾ ਖੇਤਰਫਲ ਲਗ-ਪਗ 24 ਵਰਗ ਕਿਲੋਮੀਟਰ ਹੈ। ਇਹ ਸ਼ਹਿਰ ਭਾਰਤ ਦੀ ਪਾਕਿਸਤਾਨ ਨਾਲ਼ ਲੱਗਦੀ ਹੱਦ ਤੋਂ ਪੂਰਬ ਵਾਲ਼ੇ ਪਾਸੇ 16 ਮੀਲ ਦੀ ਦੂਰੀ 'ਤੇ ਸਥਿਤ ਹੈ।

ਅੰਮ੍ਰਿਤਸਰ ਸ਼ਹਿਰ ਦੇ ਵੱਸਣ ਤੋਂ ਪਹਿਲਾਂ ਇਹ ਸਥਾਨ ਬੜਾ ਸੁੰਦਰ ਤੇ ਰਮਣੀਕ ਸੀ। ਸੰਤ-ਜਨ ਭਗਤੀ ਕਰਨ ਲਈ ਇਸ ਨੂੰ ਸੁੰਦਰ ਟਿਕਾਣਾ ਸਮਝਦੇ ਸਨ। ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਜੋਕਿ ਚੌਥੇ ਗੁਰੂ ਰਾਮਦਾਸ ਜੀ ਸਨ, ਨੂੰ ਇਸ ਸਥਾਨ 'ਤੇ ਸਰੋਵਰ ਬਣਾਉਣ ਲਈ ਭੇਜਿਆ। ਇੱਥੇ ਹੀ ਕੋਈ 250 ਏਕੜ ਜ਼ਮੀਨ ਉੱਪਰ 'ਗੁਰੂ ਕਾ ਚੱਕ' ਨਾਂ ਦੀ ਬਸਤੀ ਦਾ ਅਰੰਭ ਕੀਤਾ ਗਿਆ। ਇਸ ਪ੍ਰਕਾਰ ਇਹ ਨਗਰ 1570 ਈਸਵੀ ਵਿੱਚ ਵਸਾਇਆ ਜਾਣ ਲੱਗਾ ਤੇ ਸਰੋਵਰ ਦੀ ਪੁਟਾਈ 1573 ਈ. ਵਿੱਚ ਅਰੰਭ ਹੋਈ। ਹੌਲ਼ੀ-ਹੌਲ਼ੀ ਸ਼ਹਿਰ ਵੱਸ ਗਿਆ।

ਇਸ ਸ਼ਹਿਰ ਦੇ ਬਹੁਤੇ ਲੋਕ ਵਪਾਰ ਕਰਦੇ ਹਨ। ਇੱਥੇ ਮੁੱਖ ਰੂਪ ਵਿੱਚ ਕੱਪੜੇ ਦਾ ਅਤੇ ਸੋਨੇ-ਚਾਂਦੀ ਦੇ ਗਹਿਣਿਆਂ ਦਾ ਵਪਾਰ ਹੁੰਦਾ ਹੈ । ਅੰਮ੍ਰਿਤਸਰ ਸ਼ਹਿਰ ਸੁਆਦਲੇ-ਚਟਪਟੇ ਖਾਣਿਆਂ ਲਈ ਵੀ ਮਸ਼ਹੂਰ ਹੈ, ਖ਼ਾਸ ਤੌਰ 'ਤੇ ਅੰਮ੍ਰਿਤਸਰੀ ਕੁਲਚੇ ਲੋਕ ਬੜੇ ਚਾਅ ਨਾਲ਼ ਖਾਂਦੇ ਹਨ। ਅੰਮ੍ਰਿਤਸਰ 'ਗੁਰੂ ਕੀ ਨਗਰੀ' ਕਰਕੇ ਵੀ ਜਾਣਿਆ ਜਾਂਦਾ ਹੈ। ਅੰਮ੍ਰਿਤਸਰ ਦੇ ਪਾਪੜ-ਵੜੀਆਂ ਬਹੁਤ ਮਸ਼ਹੂਰ ਹਨ।

ਅੰਮ੍ਰਿਤਸਰ ਵਿੱਚ ਹਿੰਦੂਆਂ ਤੇ ਸਿੱਖਾਂ ਦੇ ਬਹੁਤ ਸਾਰੇ ਧਾਰਮਿਕ ਸਥਾਨ ਹਨ। ਹਰਮਿੰਦਰ ਸਾਹਿਬ ਦੇ ਦਰਸ਼ਨਾਂ ਲਈ ਦੇਸ-ਵਿਦੇਸ਼ ਦੇ ਹਰ ਕੋਨੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਉਂਦੇ ਹਨ। ਅਕਾਲ- ਤਖ਼ਤ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਸੰਤੋਖਸਰ, ਗੁਰਦੁਆਰਾ ਅਟੱਲ ਸਾਹਿਬ, ਗੁਰੂ ਕੇ ਮਹਿਲ, ਗੁਰਦੁਆਰਾ ਸ਼ਹੀਦਾਂ ਅਤੇ ਹੋਰ ਬਹੁਤ ਸਾਰੇ ਸਿੱਖਾਂ ਦੇ ਧਾਮ ਇੱਥੇ ਸਥਿਤ ਹਨ। ਇਸ ਦੇ ਨਾਲ਼ ਹੀ ਦੁਰਗਿਆਣਾ ਮੰਦਰ ਅਤੇ ਪ੍ਰਾਚੀਨ ਸੀਤਲਾ ਮੰਦਰ ਹਿੰਦੂਆਂ ਦੇ ਪ੍ਰਸਿੱਧ ਪੂਜਾ ਅਸਥਾਨ ਹਨ।

ਇੱਥੇ ਇੱਕ ਕਿਲ੍ਹਾ ਹੈ ਜਿਸ ਦਾ ਨਾਮ 'ਕਿਲ੍ਹਾ ਲੋਹਗੜ੍ਹ' ਹੈ ਜਿਸ ਨੂੰ ਸੰਨ 1671 ਈ. ਵਿੱਚ ਗੁਰੂ ਹਰਿਗੋਬਿੰਦ ਜੀ ਨੇ ਤਿਆਰ ਕਰਵਾਇਆ ਸੀ।

ਅੰਮ੍ਰਿਤਸਰ ਪੰਜਾਬ ਦਾ ਇੱਕ ਪ੍ਰਸਿੱਧ ਵਿੱਦਿਅਕ ਕੇਂਦਰ ਵੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਇੱਥੇਹੀ ਸਥਿਤ ਹੈ। ਇੱਥੋਂ ਦੇ ਖ਼ਾਲਸਾ ਕਾਲਜ ਦੀ ਸ਼ਾਨਵੀ ਨਿਰਾਲੀ ਹੈ। ਡੀ. ਏ. ਵੀ. ਕਾਲਜ ਤੇ ਹੋਰ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਵੀ ਇੱਥੇ ਸਥਿਤ ਹਨ।

ਇਸ ਸ਼ਹਿਰ ਦੇ ਵਿੱਚ ਹੀ ਜਿਲ੍ਹਿਆਂਵਾਲ਼ਾ ਬਾਗ਼ ਸਥਿਤ ਹੈ ਜਿੱਥੇ 13 ਅਪਰੈਲ, 1919 ਨੂੰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਖ਼ੂਨ ਡੁੱਲ੍ਹਿਆ ਸੀ। ਜਲ੍ਹਿਆਂਵਾਲ਼ਾ ਬਾਗ਼ ਦੇ ਖ਼ੂਨੀ ਸਾਕੇ ਪਿੱਛੋਂ ਅਜ਼ਾਦੀ-ਸੰਗਰਾਮ ਹੋਰ ਤਿੱਖਾ ਹੋ ਗਿਆ ਸੀ। ਇਸ ਥਾਂ ਉੱਤੇ ਸ਼ਹੀਦਾਂ ਦੀ ਯਾਦ ਵਿੱਚ ਇੱਕ ਮਿਨਾਰ ਬਣਿਆ ਹੋਇਆ ਹੈ।

ਇੱਥੇ ਅੰਗਰੇਜ਼ਾਂ ਦੇ ਸਮੇਂ ਦਾ ਇੱਕ ਬੜਾ ਖੁੱਲ੍ਹਾ ਬਾਗ਼ ਹੈ ਜਿਸ ਨੂੰ 'ਕੰਪਨੀ ਬਾਗ਼' ਕਹਿੰਦੇ ਹਨ। ਭਾਵੇਂ ਬਾਅਦ ਵਿੱਚ ਇਸ ਦਾ ਨਾਂ ਬਦਲ ਕੇ 'ਨਹਿਰੂ ਬਾਗ਼' ਰੱਖਿਆ ਗਿਆ ਪਰ ਇਹ ਅਜੇ ਵੀ 'ਕੰਪਨੀ ਬਾਗ਼' ਦੇ ਨਾਂ ਨਾਲ਼ ਹੀ ਜਾਣਿਆ ਜਾਂਦਾ ਹੈ। ਇੱਥੋਂ ਦੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਮਹਾਨ ਤੇ ਗੌਰਵਮਈ ਵਿਰਸੇ ਨੂੰ ਸੰਭਾਲ਼ੀ ਬੈਠੀ ਹੈ।

ਪੰਜਾਬ ਦੇ ਹੋਰ ਪੁਰਾਤਨ ਸ਼ਹਿਰਾਂ ਵਾਂਗ ਅੰਮ੍ਰਿਤਸਰ ਵਿੱਚ ਪ੍ਰਾਚੀਨਤਾ ਵੀ ਹੈ ਅਤੇ ਨਵੀਨਤਾ ਵੀ। ਅੰਮ੍ਰਿਤਸਰ ਮਾਝੇ ਦਾ ਕੇਂਦਰੀ ਸ਼ਹਿਰ ਹੈ। ਇਸ ਲਈ ਇੱਥੇ ਪੰਜਾਬੀ ਦੀ ਉਪਭਾਸ਼ਾ 'ਮਾਝੀ' ਬੋਲੀ ਜਾਂਦੀ ਹੈ। ਟਕਸਾਲੀ ਪੰਜਾਬੀ ਮਾਝੀ ਦੇ ਕਾਫ਼ੀ ਨੇੜੇ ਹੈ।

ਅਖੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਮੁੱਚਾ ਅੰਮ੍ਰਿਤਸਰ ਇਤਿਹਾਸਿਕ ਤੇ ਧਾਰਮਿਕ ਮਹਾਨਤਾ ਵਾਲ਼ਾ ਸ਼ਹਿਰ ਹੈ ਅਤੇ ਨਾਲ਼ ਹੀ ਬੜਾ ਵੱਡਾ ਵਪਾਰਿਕ ਕੇਂਦਰ ਵੀ ਹੈ।

## ਰੁੱਖਾਂ ਦੇ ਲਾਭ

ਸਾਡੇ ਜੀਵਨ ਵਿੱਚ ਰੁੱਖਾਂ ਦਾ ਬੜਾ ਹੀ ਮਹੱਤਵ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਦੇ ਬਹੁਤ ਸਾਰੇ ਪੱਖ ਰੁੱਖਾਂ 'ਤੇ ਨਿਰਭਰ ਕਰਦੇ ਹਨ। ਰੁੱਖ ਮਨੁੱਖ ਲਈ ਕੁਦਰਤ ਦੀ ਬਹੁਮੁੱਲੀ ਦਾਤ ਹਨ। ਇਹਨਾਂ ਤੋਂ ਮਨੁੱਖਾਂ ਦੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ। ਮਨੁੱਖ ਦੀ ਮੁਢਲੀ ਲੋੜ ਹੈ-ਕੁੱਲੀ, ਗੁੱਲੀ ਤੇ ਜੁੱਲੀ। ਰੁੱਖ ਸਾਡੀਆਂ ਇਹਨਾਂ ਤਿੰਨਾਂ ਲੋੜਾਂ ਦੀ ਪੂਰਤੀ ਕਰਦੇ ਹਨ।

ਮਨੁੱਖ ਨੂੰ ਜਿਊਂਦੇ ਰਹਿਣ ਲਈ ਭੋਜਨ ਦੀ ਲੋੜ ਹੁੰਦੀ ਹੈ। ਭੋਜਨ ਲਈ ਆਟਾ, ਖੰਡ, ਦਾਲ਼ਾਂ, ਘਿਓ, ਮੱਖਣ, ਸਬਜ਼ੀਆਂ ਆਦਿ ਸਭ ਪੌਦਿਆਂ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮਿਲ਼ਦੇ ਹਨ। ਕਣਕ, ਗੰਨਾ, ਘਾਹ ਤੇ ਚਾਹ ਆਦਿ ਕਿਸੇ ਨਾ ਕਿਸੇ ਰੂਪ ਵਿੱਚ ਪੌਦਿਆਂ ਦੀ ਹੀ ਦੇਣ ਹਨ। ਭੇਡਾਂ, ਬੱਕਰੀਆਂ ਆਦਿ ਦਰਖ਼ਤਾਂ ਦੇ ਪੱਤੇ ਖਾ ਕੇ ਹੀ ਦੁੱਧ ਦਿੰਦੀਆਂ ਹਨ। ਦੁੱਧ ਤੋਂ ਹੀ ਮੱਖਣ ਤੇ ਪਨੀਰ ਆਦਿ ਬਣਦੇ ਹਨ। ਰੇਸ਼ਮੀ ਕੱਪੜਾ ਸਾਨੂੰ ਰੁੱਖਾਂ ਦੀ ਬਦੌਲਤ ਮਿਲ਼ਦਾ ਹੈ ਕਿਉਂਕਿ ਰੇਸ਼ਮ ਦਾ ਕੀੜਾ ਰੁੱਖਾਂ 'ਤੇ ਹੀ ਪਲ਼ਦਾ ਹੈ। ਵੈਸੇ ਅੱਜ-ਕੱਲ੍ਹ ਬਣਾਉਟੀ ਰੇਸ਼ੇ ਤੋਂ ਵੀ ਕੱਪੜਾ ਤਿਆਰ ਕੀਤਾ ਜਾਂਦਾ ਹੈ।

ਮਨੁੱਖ ਨੂੰ ਰਹਿਣ ਲਈ ਮਕਾਨ ਦੀ ਲੋੜ ਹੁੰਦੀ ਹੈ। ਮਕਾਨ ਬਣਾਉਣ ਲਈ ਲੱਕੜ ਦੀ ਲੋੜ ਹੁੰਦੀ ਹੈ। ਇਹ ਲੱਕੜ ਸਾਨੂੰ ਰੁੱਖਾਂ ਤੋਂ ਹੀ ਮਿਲ਼ਦੀ ਹੈ। ਰੁੱਖ ਸਾਨੂੰ ਮੀਂਹ, ਹਨੇਰੀ ਅਤੇ ਧੁੱਪ ਤੋਂ ਬਚਾਉਂਦੇ ਹਨ। ਪਹਿਲੇ ਸਮਿਆਂ ਵਿੱਚ ਰੁੱਖ ਹੀ ਮਕਾਨ ਹੁੰਦੇ ਸਨ। ਧੁੱਪ, ਮੀਂਹ ਤੇ ਝੱਖੜ ਸਮੇਂ ਦਰਖ਼ਤ ਹੀ ਸ਼ਰਨ ਦਿੰਦੇ ਸਨ।

ਰੁੱਖ ਵਰਖਾ ਲਿਆਉਣ ਵਿੱਚ ਵੀ ਸਹਾਈ ਹੁੰਦੇ ਹਨ। ਮੀਂਹ ਦੇ ਪਾਣੀ ਤੋਂ ਧਰਤੀ ਨੂੰ ਖੁਰਨ ਤੋਂ ਵੀ ਬਚਾਉਂਦੇ ਹਨ ਅਤੇ ਮੀਂਹ ਦੇ ਵਾਧੂ ਪਾਣੀ ਨੂੰ ਚੂਸਦੇ ਹਨ। ਜੰਗਲ਼ ਪਾਣੀ ਦੇ ਪ੍ਰਭਾਵ ਨੂੰ ਘਟਾ ਕੇ ਹੜ੍ਹਾਂ ਨੂੰ ਆਉਣ ਤੋਂ ਵੀ ਰੋਕਦੇ ਹਨ। ਇਸੇ ਤਰ੍ਹਾਂ ਪਹਾੜਾਂ 'ਤੇ ਲੱਗੇ ਦਰਖ਼ਤਾਂ ਦੀਆਂ ਜੜ੍ਹਾਂ ਪਹਾੜਾਂ ਨੂੰ ਖੁਰਨ ਤੋਂ ਬਚਾ ਕੇ ਰੱਖਦੀਆਂ ਹਨ।

ਰੁੱਖਾਂ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਰੁੱਖ ਹਵਾ ਨੂੰ ਸਾਫ਼ ਕਰਦੇ ਹਨ। ਹਵਾ ਹੀ ਸਾਡੇ ਜੀਵਨ ਦਾ ਆਧਾਰ ਹੈ। ਜੇ ਸ਼ੁੱਧ ਹਵਾ ਮਨੁੱਖ ਨੂੰ ਨਾ ਮਿਲ਼ੇ ਤਾਂ ਉਹ ਬਹੁਤੀ ਦੇਰ ਤੱਕ ਜੀਵਿਤ ਨਹੀਂ ਰਹਿ ਸਕਦਾ। ਅਸ਼ੁੱਧ ਹਵਾ ਨਾਲ਼ ਬਹੁਤ ਸਾਰੀਆਂ ਬਿਮਾਰੀਆਂ ਵੀ ਫੈਲ ਜਾਂਦੀਆਂ ਹਨ। ਰੁੱਖ ਹਵਾ ਨੂੰ ਸ੍ਵਛ ਬਣਾ ਕੇ ਮਨੁੱਖਾਂ ਦੀ ਸਹਾਇਤਾ ਕਰਦੇ ਹਨ। ਇਹ ਗੰਦੀ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਚੂਸ ਲੈਂਦੇ ਹਨ ਅਤੇ ਆਕਸੀਜਨ ਛੱਡਦੇ ਹਨ। ਇਸ ਲਈ ਰੁੱਖ ਹਰ ਮਨੁੱਖ, ਜੀਵ-ਜੰਤੂ ਅਤੇ ਪਸ਼ੂ-ਪੰਛੀ ਦੇ ਜੀਵਨ ਦਾ ਆਧਾਰ ਬਣਦੇ ਹਨ।

ਰੁੱਖਾਂ ਦੇ ਗਲ਼ੇ-ਸੜੇ ਪੱਤੇ ਜ਼ਮੀਨ 'ਤੇ ਡਿਗ ਕੇ ਖਾਦ ਬਣ ਜਾਂਦੇ ਹਨ। ਇਸ ਤਰ੍ਹਾਂ ਰੁੱਖਾਂ ਦੇ ਪੱਤੇ ਗੁੱਦਾ, ਕਾਹੀ ਤੇ ਘਾਹ ਆਦਿ ਕਾਗ਼ਜ਼ ਬਣਾਉਣ ਦੇ ਕੰਮ ਆਉਂਦੇ ਹਨ। ਰੁੱਖਾਂ ਦੇ ਸੱਕਾਂ

ਪੱਤਿਆਂ ਅਤੇ ਜੜ੍ਹਾਂ ਤੋਂ ਕਈ ਪ੍ਰਕਾਰ ਦੀਆਂ ਦਵਾਈਆਂ ਬਣਦੀਆਂ ਹਨ। ਉਦਾਹਰਨ ਲਈ ਕੁਨੀਨ ਸਿਨਕੋਨਾ ਰੁੱਖ ਦੇ ਛਿਲਕੇ ਤੋਂ ਬਣਦੀ ਹੈ। ਅਖਰੋਟ ਦੇ ਰੁੱਖ ਦਾ ਸੱਕ ਦੰਦਾਂ ਦੇ ਰੋਗਾਂ ਦਾ ਵਧੀਆ ਇਲਾਜ ਹੈ। ਨਿੰਮ ਦੇ ਪੱਤੇ ਫੋੜੇ-ਫਿਣਸੀਆਂ ਲਈ ਉੱਤਮ ਇਲਾਜ ਹਨ। ਹੋਰ ਬਹੁਤ ਸਾਰੀਆਂ ਦੇਸੀ ਤੇ ਅੰਗਰੇਜ਼ੀ ਦਵਾਈਆਂ ਰੁੱਖਾਂ ਦੇ ਪੱਤਿਆਂ ਅਤੇ ਜੜ੍ਹਾਂ ਤੋਂ ਬਣਦੀਆਂ ਹਨ।

ਰੁੱਖ ਸਾਨੂੰ ਕਈ ਪ੍ਰਕਾਰ ਦੇ ਫਲ਼ ਦਿੰਦੇ ਹਨ। ਅੰਬ, ਕੇਲਾ, ਅੰਗੂਰ, ਅਨਾਰ, ਸੇਬ, ਨਾਸ਼ਪਾਤੀ, ਸੰਗਤਰਾ, ਲੀਚੀ, ਨਿੰਬੂ, ਖੁਰਮਾਨੀ ਤੇ ਹੋਰ ਬਹੁਤ ਸਾਰੇ ਫਲ਼ ਸਾਨੂੰ ਰੁੱਖਾਂ ਤੋਂ ਹੀ ਪ੍ਰਾਪਤ ਹੁੰਦੇ ਹਨ। ਫਲ਼ ਸਿਹਤ ਲਈ ਜ਼ਰੂਰੀ ਭੋਜਨ ਦਾ ਕੰਮ ਦਿੰਦੇ ਹਨ।

ਰੁੱਖ ਸਾਡੇ ਆਲ਼ੇ-ਦੁਆਲ਼ੇ ਨੂੰ ਸੁੰਦਰ ਬਣਾਉਣ ਲਈ ਵੀ ਮਹੱਤਵਪੂਰਨ ਹਿੱਸਾ ਪਾਉਂਦੇ ਹਨ। ਬਹੁਤ ਸਾਰੇ ਸੁਗੰਧੀ ਵਾਲ਼ੇ ਬੂਟੇ ਸਾਡੇ ਆਲ਼ੇ-ਦੁਆਲ਼ੇ ਨੂੰ ਮਹਿਕਾਂ ਨਾਲ਼ ਭਰ ਦਿੰਦੇ ਹਨ।

ਰੁੱਖ ਵਰਖਾ ਲਿਆਉਣ ਲਈ, ਮੌਸਮ ਠੰਢਾ ਰੱਖਣ ਲਈ, ਵਾਤਾਵਰਨ ਸਾਫ਼ ਕਰਨ ਲਈ ਅਤੇ ਸਾਡੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਨ ਲਈ ਸਹਾਇਕ ਸਿੱਧ ਹੁੰਦੇ ਹਨ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਜੀਵਨ ਦਾ ਵਧੇਰੇ ਭਾਗ ਕਿਸੇ ਨਾ ਕਿਸੇ ਢੰਗ ਨਾਲ਼ ਰੁੱਖਾਂ ਉੱਪਰ ਹੀ ਨਿਰਭਰ ਕਰਦਾ ਹੈ। ਆਪਣੇ ਜੀਵਨ ਦਾ ਭਵਿਖ ਸੁਰੱਖਿਅਤ ਰੱਖਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ। ਇਸ ਮਨੋਰਥ ਲਈ ਹੀ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ। ਇਸ ਦਿਨ ਰੁੱਖ ਲਾਏ ਜਾਂਦੇ ਹਨ ਅਤੇ ਰੁੱਖਾਂ ਦੀ ਸੰਭਾਲ਼ ਦਾ ਪ੍ਰਣ ਕੀਤਾ ਜਾਂਦਾ ਹੈ।

## ਟੈਲੀਵੀਜ਼ਨ ਦੇ ਲਾਭ ਅਤੇ ਹਾਨੀਆਂ

ਵਿਗਿਆਨ ਨੇ ਬਹੁਤ ਹੀ ਹੈਰਾਨੀਜਨਕ ਅਤੇ ਮਹੱਤਵਪੂਰਨ ਕਾਢਾਂ ਕੱਢੀਆਂ ਹਨ। ਇਹਨਾਂ ਕਾਢਾਂ ਨੇ ਮਨੁੱਖੀ ਜੀਵਨ ਨੂੰ ਸੁਖਮਈ ਬਣਾ ਦਿੱਤਾ ਹੈ। ਟੈਲੀਵੀਜ਼ਨ ਵੀ ਵਿਗਿਆਨ ਦੀ ਮਹੱਤਵਪੂਰਨ ਕਾਢ ਹੈ। ਇਸ ਵਿੱਚ ਰੇਡੀਓ ਅਤੇ ਸਿਨੇਮਾ ਦਾ ਸੁਮੇਲ ਹੋ ਗਿਆ ਹੈ। ਟੈਲੀਵੀਜ਼ਨ ਦਾ ਪਹਿਲਾ ਪ੍ਰਯੋਗ ਸੰਨ 1925 ਵਿੱਚ ਬ੍ਰਿਟੇਨ ਦੇ ਜਾਨ. ਐੱਲ. ਬੇਅਰਡ ਨੇ ਕੀਤਾ ਸੀ। ਭਾਰਤ ਵਿੱਚ ਟੈਲੀਵੀਜ਼ਨ ਦਾ ਪ੍ਰਸਾਰਨ ਸੰਨ 1959 ਵਿੱਚ ਸ਼ੁਰੂ ਹੋਇਆ ਸੀ। ਅਜੋਕੇ ਸਮੇਂ ਵਿੱਚ ਟੈਲੀਵੀਜ਼ਨ ਹਰੇਕ ਘਰ ਦੀ ਸ਼ਾਨ ਬਣ ਗਿਆ ਹੈ। ਆਦਮੀ ਘਰ ਬੈਠਿਆਂ ਹੀ ਦੇਸ-ਵਿਦੇਸ਼ ਦੀਆਂ ਤਾਜ਼ਾ ਖ਼ਬਰਾਂ ਅਤੇ ਅਹਿਮ ਘਟਨਾਵਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਮਨੁੱਖ ਫ਼ਿਲਮਾਂ, ਨਾਟਕਾਂ ਅਤੇ ਗੀਤਾਂ ਰਾਹੀਂ ਆਪਣਾ ਮਨੋਰੰਜਨ ਕਰਦਾ ਹੈ। ਟੈਲੀਵੀਜ਼ਨ ਰਾਹੀਂ ਖੇਤੀ-ਬਾੜੀ, ਮੌਸਮ, ਸਿਹਤ, ਉਦਯੋਗ, ਵਿਗਿਆਨ, ਖੇਡਾਂ ਅਤੇ ਪੜ੍ਹਾਈ ਵਰਗੇ ਕਈ ਮਹੱਤਵਪੂਰਨ ਵਿਸ਼ਿਆਂ ਬਾਰੇ ਜਾਣਕਾਰੀ ਵਿਸ਼ਾ-ਮਾਹਰਾਂ ਦੁਆਰਾ ਦਿੱਤੀ ਜਾਂਦੀ ਹੈ।

ਟੈਲੀਵੀਜ਼ਨ ਸਿੱਖਿਆ ਦੇ ਪਸਾਰ ਵਿੱਚ ਵਾਧਾ ਕਰਨ ਦਾ ਸਫ਼ਲ ਸਾਧਨ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਵਿਸ਼ਿਆਂ 'ਤੇ ਭਾਸ਼ਣਾਂ ਦਾ ਪ੍ਰਸਾਰਨ ਕੀਤਾ ਜਾਂਦਾ ਹੈ। ਇਹ ਭਾਸ਼ਣ ਤਜਰਬੇਕਾਰ ਵਿਸ਼ਾ-ਮਾਹਰਾਂ ਦੁਆਰਾ ਦਿੱਤੇ ਜਾਂਦੇ ਹਨ ਜਿਸ ਨਾਲ਼ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਬਹੁਤ ਵਾਧਾ ਹੁੰਦਾ ਹੈ। ਵਾਦ-ਵਿਵਾਦ, ਚਿੱਤਰਕਾਰੀ ਅਤੇ ਕੁਇਜ਼-ਮੁਕਾਬਲੇ ਵਿਦਿਆਰਥੀਆਂ ਵਿੱਚ ਉਤਸੁਕਤਾ ਤੇ ਉਤਸ਼ਾਹ ਪੈਦਾ ਕਰਦੇ ਹਨ।

ਵਪਾਰੀਆਂ ਲਈ ਟੈਲੀਵੀਜ਼ਨ ਵਰਦਾਨ ਸਿੱਧ ਹੋਇਆ ਹੈ। ਨਾਟਕਾਂ, ਫ਼ਿਲਮਾਂ ਜਾਂ ਹੋਰ ਪ੍ਰੋਗ੍ਰਾਮਾਂ ਦੇ ਪ੍ਰਸਾਰਨ ਦੌਰਾਨ ਕਈ ਤਰ੍ਹਾਂ ਦੀਆਂ ਮਸ਼ਹੂਰੀਆਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ

ਟੈਲੀਵੀਜ਼ਨ ਅਦਾਰੇ ਨੂੰ ਆਰਥਿਕ ਲਾਭ ਹੁੰਦਾ ਹੈ ਤੇ ਵਪਾਰੀ ਵੀ ਆਪਣੇ ਉਤਪਾਦਨ ਲੋਕਾਂ ਦੁਆਰਾ ਖ਼ਰੀਦਣ ਲਈ ਉਹਨਾਂ ਵਿੱਚ ਉਤੇਜਨਾ ਪੈਦਾ ਕਰਦੇ ਹਨ।

ਟੈਲੀਵੀਜ਼ਨ ਘਰ ਰਹਿਣ ਵਾਲ਼ੀਆਂ ਔਰਤਾਂ ਦੀ ਸਿੱਖਿਆ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਹ ਗ੍ਰਹਿ-ਪ੍ਰਬੰਧ, ਰਸੋਈ, ਸਿਲਾਈ, ਕਢਾਈ ਅਤੇ ਬੱਚਿਆਂ ਦੀ ਪਾਲਣਾ ਬਾਰੇ ਜਾਣਕਾਰੀ ਪ੍ਰਾਪਤ ਕਰਦੀਆਂ ਹਨ। ਟੈਲੀਵੀਜ਼ਨ ਦੇਸ-ਵਿਦੇਸ਼ ਦੇ ਲੋਕਾਂ ਦਾ ਰਹਿਣ-ਸਹਿਣ, ਪਹਿਰਾਵਾ, ਰੁਚੀਆਂ ਅਤੇ ਭੂਗੋਲਿਕ ਸਥਿਤੀਆਂ ਤੋਂ ਜਾਣੂ ਕਰਵਾਉਂਦਾ ਹੈ।

ਟੈਲੀਵੀਜ਼ਨ 'ਤੇ ਕਈ ਪ੍ਰੋਗ੍ਰਾਮਾਂ ਦਾ ਸਿੱਧਾ ਪ੍ਰਸਾਰਨ ਕੀਤਾ ਜਾਂਦਾ ਹੈ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੈਚਾਂ ਦਾ ਪ੍ਰਸਾਰਨ ਨਾਲ਼-ਨਾਲ਼ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਗਣਤੰਤਰ-ਦਿਵਸ ਅਤੇ ਸੁਤੰਤਰਤਾ-ਦਿਵਸ ਸਮਾਰੋਹਾਂ ਦਾ ਵੀ ਸਿੱਧਾ ਪ੍ਰਸਾਰਨ ਦਰਸ਼ਕਾਂ ਨੂੰ ਉਤਸ਼ਾਹਿਤ ਕਰਦਾ ਹੈ।

ਟੈਲੀਵੀਜ਼ਨ ਰੁਜ਼ਗਾਰ ਦਾ ਇੱਕ ਬਹੁਤ ਵੱਡਾ ਸਾਧਨ ਹੈ। ਇਸ ਰਾਹੀਂ ਲੱਖਾਂ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੋ ਰਿਹਾ ਹੈ। ਇਸ ਦੇ ਰਾਹੀਂ ਕੇਂਦਰ 'ਤੇ ਕੰਮ ਕਰ ਰਹੇ ਕਰਮਚਾਰੀ, ਕਲਾਕਾਰ ਅਤੇ ਟੈਲੀਵੀਜ਼ਨ ਸੈੱਟ ਤਿਆਰ ਕਰਨ ਵਾਲ਼ੇ ਹਜ਼ਾਰਾਂ ਕਾਰੀਗਰਾਂ ਦਾ ਰੁਜ਼ਗਾਰ ਚੱਲਦਾ ਹੈ।

ਬੇਸ਼ੱਕ ਟੈਲੀਵੀਜ਼ਨ ਵਿਗਿਆਨ ਦੀ ਮਹਾਨ ਦੇਣ ਹੈ ਪਰੰਤੂ ਇਸ ਦੇ ਚੰਗੇ ਪੱਖਾਂ ਦੇ ਨਾਲ਼-ਨਾਲ਼ ਕੁਝ ਮਾੜੇ ਪੱਖ ਵੀ ਸਾਹਮਣੇ ਆ ਰਹੇ ਹਨ। ਟੈਲੀਵੀਜ਼ਨ ਦੇਖਣ ਨਾਲ਼ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ। ਅਸ਼ਲੀਲ ਫ਼ਿਲਮਾਂ ਨੌਜਵਾਨਾਂ ਦੇ ਸਦਾਚਾਰ ਤੇ ਆਚਰਨ 'ਤੇ ਬਹੁਤ ਬੁਰਾ ਪ੍ਰਭਾਵ ਪਾਉਂਦੀਆਂ ਹਨ। ਨੌਜਵਾਨ ਫ਼ਿਲਮੀ ਚਮਕ-ਦਮਕ, ਗੁੰਡਾਗਰਦੀ ਅਤੇ ਫ਼ੈਸ਼ਨ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਅਸਲ ਜੀਵਨ ਵਿੱਚ ਵੀ ਅਪਣਾਉਣ ਦੀ ਕੋਸ਼ਸ਼ ਕਰਦੇ ਹਨ। ਵਿਦਿਆਰਥੀ ਵੀ ਆਪਣੀ ਪੜ੍ਹਾਈ ਤੋਂ ਅਵੇਸਲ਼ੇ ਹੋ ਕੇ ਘੰਟਿਆਂ ਬੱਧੀ ਟੈਲੀਵੀਜ਼ਨ ਦੇਖਦੇ ਹਨ। ਘਟੀਆ ਪ੍ਰੋਗ੍ਰਾਮ ਬੱਚਿਆਂ ਦੀ ਮਾਨਸਿਕਤਾ ਖ਼ਰਾਬ ਕਰਦੇ ਹਨ। ਇਸ ਨਾਲ਼ ਲੋਕਾਂ ਦਾ ਸਮਾਜਿਕ ਮੇਲ਼-ਜੋਲ਼ ਵੀ ਘਟਦਾ ਜਾ ਰਿਹਾ ਹੈ।

ਇਸ ਪ੍ਰਕਾਰ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਟੈਲੀਵੀਜ਼ਨ ਮਨੋਰੰਜਨ ਕਰਨ ਦੇ ਨਾਲ਼-ਨਾਲ਼ ਸਾਡੇ ਗਿਆਨ ਵਿੱਚ ਵੀ ਵਾਧਾ ਕਰਦਾ ਹੈ। ਘਰ ਬੈਠਿਆਂ ਸਾਰੀ ਦੁਨੀਆ ਨਾਲ਼ ਜੋੜਨ ਦਾ ਕੰਮ ਕਰਦਾ ਹੈ ਪਰ ਤਾਂ ਵੀ ਇਸ ਸਾਧਨ ਦੀਆਂ ਕੁਝ ਸੀਮਾਵਾਂ ਹਨ। ਜੇਕਰ ਇਸ ਉੱਪਰ ਪੇਸ਼ ਕੀਤੇ ਪ੍ਰੋਗ੍ਰਾਮ ਸਾਡੀਆਂ ਕਦਰਾਂ-ਕੀਮਤਾਂ ਦੀ ਉਲੰਘਣਾ ਨਾ ਕਰਨ ਤਾਂ ਇਹ ਸਾਧਨ ਨਿਰੋਲ ਉਸਾਰੂ ਹੋ ਸਕਦਾ ਹੈ। ਇਸ ਉੱਪਰ ਆਉਂਦੀਆਂ ਮਸ਼ਹੂਰੀਆਂ ਤੋਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਮਾਂ-ਬਾਪ ਬੱਚਿਆਂ ਦੀ ਅਗਵਾਈ ਕਰਨ ਤਾਂਜੋ ਉਹ ਇਸ ਤੋਂ ਠੀਕ ਸਿੱਖਿਆ ਪ੍ਰਾਪਤ ਕਰ ਸਕਣ। ਇਸ ਲਈ ਲੋੜ ਹੈ ਟੈਲੀਵੀਜ਼ਨ ਦੀ ਵਰਤੋਂ ਸੋਚ-ਸਮਝ ਕੇ ਤੇ ਸੰਜਮ ਵਿੱਚ ਰਹਿ ਕੇ ਕੀਤੀ ਜਾਵੇ ਤਾਂਕਿ ਇਹ ਸ੍ਰਾਪ ਬਣਨ ਦੀ ਥਾਂ ਵਰਦਾਨ ਬਣ ਸਕੇ।

## ਪ੍ਰਦੂਸ਼ਣ

ਪ੍ਰਦੂਸ਼ਣ ਤੋਂ ਭਾਵ ਹੈ ਸਾਡੇ ਪ੍ਰਕਿਰਤਿਕ ਵਾਤਾਵਰਨ ਦਾ ਦੋਸ਼ਪੂਰਨ ਹੋਣਾ। ਮਨੁੱਖੀ ਸੱਭਿਅਤਾ ਅਤੇ ਬਨਸਪਤੀ ਦੀ ਹੋਂਦ ਨੂੰ ਪ੍ਰਦੂਸ਼ਣ ਨੇ ਖ਼ਤਰੇ ਵਿੱਚ ਪਾ ਦਿੱਤਾ ਹੈ। ਹਵਾ, ਪਾਣੀ, ਮਿੱਟੀ, ਭੋਜਨ ਅਤੇ ਲੋੜੀਂਦੀਆਂ ਊਰਜਾਵਾਂ ਆਦਿ ਸਭ ਕੁਝ ਦੂਸ਼ਿਤ ਹੁੰਦਾ ਜਾ ਰਿਹਾ ਹੈ। ਪ੍ਰਦੂਸ਼ਣ ਮੁੱਖ ਰੂਪ ਵਿੱਚ ਚਾਰ ਤਰ੍ਹਾਂ ਦਾ ਹੈ—ਹਵਾ-ਪ੍ਰਦੂਸ਼ਣ, ਪਾਣੀ-ਪ੍ਰਦੂਸ਼ਣ, ਮਿੱਟੀ-ਪ੍ਰਦੂਸ਼ਣ ਅਤੇ ਸ਼ੋਰ-ਪ੍ਰਦੂਸ਼ਣ।

ਹਵਾ ਵਿੱਚ ਜ਼ਹਿਰੀਲੇ ਕਣਾਂ ਦਾ ਲਗਾਤਾਰ ਵਾਧਾ ਹਵਾ-ਪ੍ਰਦੂਸ਼ਣ ਕਹਾਉਂਦਾ ਹੈ। ਕਾਰਖ਼ਾਨਿਆਂ ਅਤੇ ਮੋਟਰ-ਗੱਡੀਆਂ ਵਿੱਚੋਂ ਨਿਕਲ਼ਦੇ ਧੂੰਏਂ ਕਾਰਨ ਜ਼ਹਿਰੀਲੀਆਂ ਗੈਸਾਂ ਸਲਫ਼ਰ ਡਾਇਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਕਾਰਬਨ ਡਾਇਆਕਸਾਈਡ ਨੇ ਹਵਾ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਘਰੇਲੂ ਬਾਲਣ, ਕੋਲਾ, ਤੇਲ ਕੀੜੇਮਾਰ ਦਵਾਈਆਂ ਦਾ ਛਿੜਕਾਅ ਅਤੇ ਪਰਮਾਣੂ ਤਜਰਬਿਆਂ ਕਾਰਨ ਹੋਈ ਗੰਦੀ ਹਵਾ ਮਨੁੱਖ ਤਾਂ ਕੀ, ਧਰਤੀ ਉਤਲੇ ਹੋਰ ਜੀਵਾਂ ਤੇ ਬਨਸਪਤੀ ਲਈ

ਖ਼ਤਰਨਾਕ ਸਾਬਤ ਹੋ ਰਹੀ ਹੈ। ਦਰਖ਼ਤਾਂ ਦੀ ਅੰਨ੍ਹੇਵਾਹ ਕਟਾਈ ਨੇ ਪ੍ਰਕਿਰਤਿਕ ਸੰਤੁਲਨ ਨੂੰ ਡਾਵਾਂ-ਡੋਲ ਕਰ ਦਿੱਤਾ ਹੈ।

ਪਾਣੀ ਜੋ ਸਮੁੱਚੇ ਜੀਵਨ ਦਾ ਆਧਾਰ ਹੈ, ਵੀ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਾ ਹੈ। ਕਾਰਖ਼ਾਨਿਆਂ, ਸੀਵਰੇਜ ਅਤੇ ਘਰਾਂ ਦਾ ਸਾਰਾ ਗੰਦ ਨਦੀਆਂ, ਨਾਲ਼ਿਆਂ ਅਤੇ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਹੈ। ਇਸ ਗੰਦੇ ਪਾਣੀ ਵਿੱਚ ਘੁਲ਼ੇ ਰਸਾਇਣਿਕ ਪਦਾਰਥਾਂ ਨਾਲ਼ ਪਾਣੀ ਦੂਸ਼ਿਤ ਹੋ ਜਾਂਦਾ ਹੈ। ਇਹ ਦੂਸ਼ਿਤ ਪਾਣੀ ਨਾ ਤਾਂ ਮਨੁੱਖਾਂ ਦੀ ਵਰਤੋਂ ਦੇ ਯੋਗ ਰਿਹਾ ਹੈ ਅਤੇ ਨਾ ਹੀ ਹੋਰ ਜੀਵਾਂ ਦੇ।

ਹਵਾ ਤੇ ਪਾਣੀ ਤੋਂ ਬਿਨਾਂ ਵਰਤਮਾਨ ਸਮੇਂ ਵਿੱਚ ਮਿੱਟੀ ਵੀ ਪ੍ਰਦੂਸ਼ਿਤ ਹੋ ਗਈ ਹੈ। ਕਾਰਖ਼ਾਨਿਆਂ ਦਾ ਜ਼ਹਿਰੀਲੇ ਰਸਾਇਣਾਂ ਮਿਲ਼ਿਆ ਕੂੜਾ-ਕਰਕਟ ਅਤੇ ਘਰਾਂ ਦਾ ਕੂੜਾ ਧਰਤੀ ਉੱਤੇ ਸੁੱਟਣ ਨਾਲ਼ ਮਿੱਟੀ ਪ੍ਰਦੂਸ਼ਿਤ ਹੁੰਦੀ ਹੈ। ਖੇਤੀ-ਬਾੜੀ ਵਿੱਚ ਵੀ ਵੱਧ ਤੋਂ ਵੱਧ ਪੈਦਾਵਾਰ ਦੀ ਲਾਲਸਾ ਕਾਰਨ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਿਕ ਦਵਾਈਆਂ ਦੀ ਵਰਤੋਂ ਮਿੱਟੀ ਨੂੰ ਜ਼ਹਿਰੀਲਾ ਬਣਾ ਰਹੀ ਹੈ। ਇਸ ਮਿੱਟੀ ਵਿਚਲੀ ਪੈਦਾਵਾਰ ਮਨੁੱਖ ਲਈ ਖ਼ਤਰਨਾਕ ਸਿੱਧ ਹੋ ਰਹੀ ਹੈ। ਹਵਾ ਵਿੱਚ ਸਲਫਿਊਰਿਕ ਐਸਿਡ ਅਤੇ ਨਾਈਟ੍ਰਿਕ ਐਸਿਡ ਦੀ ਮਾਤਰਾ ਵਧਣ ਨਾਲ਼ ਤੇਜ਼ਾਬੀ ਬਾਰਸ਼ ਹੁੰਦੀ ਹੈ ਜੋ ਮਿੱਟੀ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਦੀ ਹੈ।

ਪ੍ਰਦੂਸ਼ਣ ਕਾਰਨ ਓਜ਼ੋਨ ਗੈਸ ਦੀ ਪਰਤ ਜੋ ਧਰਤੀ ਉੱਤੇ ਜੀਵ-ਜੰਤੂਆਂ ਨੂੰ ਸੂਰਜ ਦੀਆਂ ਖ਼ਤਰਨਾਕ ਪਰਾ-ਬੈਂਗਣੀ ਕਿਰਨਾਂ ਤੋਂ ਬਚਾਉਂਦੀ ਹੈ, ਵਿੱਚ ਵੀ ਛੇਕ ਹੋ ਗਏ ਹਨ। ਇਹਨਾਂ ਛੇਕਾਂ ਦਾ ਵਧਣਾ ਮਨੁੱਖ ਲਈ ਘਾਤਕ ਹੈ। ਦਰਖ਼ਤਾਂ ਦੀ ਲਗਾਤਾਰ ਹੋ ਰਹੀ ਕਟਾਈ ਕਾਰਨ ਅਤੇ ਵਾਤਾਵਰਨ 'ਚ ਲਗਾਤਾਰ ਆ ਰਹੀਆਂ ਤਬਦੀਲੀਆਂ ਕਾਰਨ ਸਰਦੀ ਘਟ ਰਹੀ ਹੈ ਅਤੇ ਗਰਮੀ ਵਧ ਰਹੀ ਹੈ।

ਹਵਾ, ਪਾਣੀ ਅਤੇ ਮਿੱਟੀ ਦੇ ਪ੍ਰਦੂਸ਼ਣ ਤੋਂ ਇਲਾਵਾ ਸ਼ੋਰ-ਪ੍ਰਦੂਸ਼ਣ ਵੀ ਦਿਨੋ-ਦਿਨ ਵਧ ਰਿਹਾ ਹੈ। ਆਵਾਜਾਈ ਦੇ ਸਾਧਨਾਂ, ਕਾਰਖ਼ਾਨਿਆਂ, ਜਨਰੇਟਰਾਂ, ਲਾਊਡਸਪੀਕਰਾਂ ਨੇ ਸਾਡੀ ਆਮ ਜ਼ਿੰਦਗੀ 'ਤੇ ਮਾਰੂ ਅਸਰ ਕੀਤਾ ਹੈ। ਪਰਮਾਣੂ ਤਜਰਬਿਆਂ, ਬੰਬ-ਵਿਸਫੋਟਾਂ, ਪਰਮਾਣੂ ਪਾਵਰ-ਪਲਾਂਟ ਅਤੇ ਇਲੈਕਟ੍ਰਾਨਿਕ ਉਤਪਾਦਾਂ, ਜਿਵੇਂਕਿ ਮੋਬਾਈਲ ਫ਼ੋਨ ਦੀ ਰੇਡੀਏਸ਼ਨ ਨੇ ਵੀ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਪ੍ਰਦੂਸ਼ਣ ਨੇ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਬਣਾ ਦਿੱਤਾ ਹੈ। ਮਨੁੱਖ ਦਿਲ ਦੇ ਰੋਗ, ਸਾਹ-ਰੋਗ, ਬੋਲ਼ਾਪਣ, ਸਿਰਦਰਦ, ਖ਼ੂਨ ਦਾ ਦਬਾਅ ਅਤੇ ਮਾਨਸਿਕ ਤਣਾਅ ਨਾਲ਼ ਬੁਰੀ ਤਰ੍ਹਾਂ ਜਕੜਿਆ ਜਾ ਚੁੱਕਾ ਹੈ। ਪ੍ਰਦੂਸ਼ਣ ਨੂੰ ਰੋਕਣ ਲਈ ਵਿਸ਼ਵ-ਪੱਧਰ 'ਤੇ ਕਈ ਉਪਰਾਲੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਵਾਤਾਵਰਨ ਨੂੰ ਸ਼ੁੱਧ ਅਤੇ ਸਾਫ਼ ਰੱਖਣ ਬਾਰੇ ਸੁਚੇਤ ਕਰਨ ਲਈ ਵਿਸ਼ਵ-ਪੱਧਰ 'ਤੇ 5 ਜੂਨ ਦੇ ਦਿਨ ਨੂੰ ਵਾਤਾਵਰਨ-ਦਿਵਸ ਵਜੋਂ ਮਨਾਇਆ ਜਾਂਦਾ ਹੈ।

ਮਨੁੱਖ ਨੂੰ ਧਰਤੀ ਉੱਤੇ ਆਪਣੀ ਹੋਂਦ ਕਾਇਮ ਰੱਖਣ ਲਈ ਵਧਦੀ ਅਬਾਦੀ ਉੱਤੇ ਰੋਕ ਲਾਉਣੀ ਚਾਹੀਦੀ ਹੈ। ਅਬਾਦੀ ਘਟਣ ਨਾਲ਼ ਪ੍ਰਦੂਸ਼ਣ ਫੈਲਾਉਣ ਵਾਲ਼ੇ ਉਤਪਾਦਾਂ ਦੀ ਵਰਤੋਂ ਘਟੇਗੀ ਅਤੇ ਪ੍ਰਦੂਸ਼ਣ ਵੀ ਘੱਟ ਹੋਵੇਗਾ। ਕਾਰਖ਼ਾਨਿਆਂ ਦੀਆਂ ਚਿਮਨੀਆਂ ਉੱਚੀਆਂ ਲਾਉਣੀਆਂ ਚਾਹੀਦੀਆਂ ਹਨ। ਮੋਟਰ-ਗੱਡੀਆਂ ਦੀ ਸਮੇਂ-ਸਮੇਂ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜੰਗਲ਼ਾਂ ਦੀ ਕਟਾਈ 'ਤੇ ਰੋਕ ਲਾਉਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਦਰਖ਼ਤ ਲਾਉਣੇ ਚਾਹੀਦੇ ਹਨ।

ਸਾਨੂੰ ਆਪਣੇ ਜੀਵਨ ਅਤੇ ਸੋਹਣੀ ਧਰਤੀ ਦੀ ਹਰਿਆਵਲ ਨੂੰ ਬਰਕਰਾਰ ਰੱਖਣ ਲਈ, ਪ੍ਰਦੂਸ਼ਣ ਤੋਂ ਬਚਾਉਣ ਲਈ, ਵਾਤਾਵਰਨ ਨੂੰ ਗੰਧਲਾ ਤੇ ਜ਼ਹਿਰੀਲਾ ਕਰਨ ਵਾਲ਼ੇ ਉਪਰੋਕਤ ਕਾਰਨਾਂ ਨੂੰ ਦੂਰ ਕਰਨ ਲਈ ਠੋਸ ਅਤੇ ਅਮਲੀ ਕਦਮ ਚੁੱਕਣੇ ਪੈਣਗੇ। ਸਰਕਾਰ ਦੁਆਰਾ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਸਾਨੂੰ ਵਧ-ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਇਸੇ ਵਿੱਚ ਸਮੁੱਚੀ ਮਾਨਵਤਾ ਦਾ ਭਲਾ ਹੈ।

# ਵਧਦੀ ਅਬਾਦੀ ਦੀ ਸਮੱਸਿਆ

ਅਜੋਕੇ ਭਾਰਤ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਪ੍ਰਮੁੱਖ ਹੈ; ਵਧ ਰਹੀ ਜਨ-ਸੰਖਿਆ। ਭਾਰਤ ਨੂੰ ਵੈਸੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਪਰ ਵਧ ਰਹੀ ਜਨ-ਸੰਖਿਆ ਸਭ ਤੋਂ ਗੰਭੀਰ ਸਮੱਸਿਆ ਹੈ। ਭਾਰਤ ਵਿੱਚ ਹਰ ਡੇਢ ਸਕਿੰਟ ਪਿੱਛੋਂ ਬੱਚਾ ਪੈਦਾ ਹੋ ਜਾਂਦਾ ਹੈ। ਇਸ ਹਿਸਾਬ ਨਾਲ਼ ਲਗ-ਪਗ 70,000 ਬੱਚੇ ਹਰ ਰੋਜ਼ ਜਨਮ ਲੈਂਦੇ ਹਨ। ਇਸ ਅਬਾਦੀ ਦੇ ਵਾਧੇ ਨਾਲ਼ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਜਨਮ ਲੈਂਦੀਆਂ ਹਨ। ਅਬਾਦੀ ਦੇ ਵਾਧੇ ਨਾਲ਼ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਦੀ ਮੰਗ ਵਧਦੀ ਹੈ। ਅਨਾਜ ਦੀ ਕਮੀ ਵੀ ਹੁੰਦੀ ਹੈ । ਇਸੇ ਕਾਰਨ ਲੋਕਾਂ ਨੂੰ ਮਕਾਨ, ਪੀਣ ਵਾਲ਼ਾ ਪਾਣੀ ਆਦਿ ਮੁਢਲੀਆਂ ਸਹੂਲਤਾਂ ਦੇਣ ਵਿੱਚ ਵੀ ਔਖ ਮਹਿਸੂਸ ਹੁੰਦੀ ਹੈ।

ਜੇ ਭਾਰਤ ਦੇਸ ਦੀ ਅਬਾਦੀ 1951 ਈ. ਵਿੱਚ 35.67 ਕਰੋੜ ਸੀ ਤਾਂ 1979 ਈ. ਵਿੱਚ 55 ਕਰੋੜ ਹੋ ਗਈ। ਇਸ ਤਰ੍ਹਾਂ ਵੀਹਾਂ ਸਾਲਾਂ ਵਿੱਚ ਲਗ-ਪਗ 20 ਕਰੋੜ ਮਨੁੱਖਾਂ ਦਾ ਵਾਧਾ ਹੋਇਆ। ਹੁਣ ਅਜੋਕੇ ਭਾਰਤ ਦੀ ਅਬਾਦੀ ਇੱਕ ਅਰਬ ਤੋਂ ਉੱਪਰ ਹੈ। ਇਹ ਅਬਾਦੀ ਗੰਭੀਰ ਸਮੱਸਿਆ ਦਾ ਰੂਪ ਲੈਂਦੀ ਜਾ ਰਹੀ ਹੈ।

ਵਧਦੀ ਵੱਸੋਂ ਦਾ ਸਿੱਧਾ ਅਸਰ ਅੰਨ 'ਤੇ ਪੈਂਦਾ ਹੈ। ਅੰਨ ਉਪਜਾਉਣ ਵਾਲ਼ੀ ਧਰਤੀ ਤਾਂ ਓਨੀ ਹੀ ਰਹਿੰਦੀ ਹੈ ਪਰੰਤੂ ਲੋਕ ਵਧਦੇ ਜਾਂਦੇ ਹਨ। ਸਗੋਂ ਵਧ ਰਹੀ ਵੱਸੋਂ ਲਈ ਰਹਾਇਸ਼ੀ ਮਕਾਨ ਬਣਨ ਕਰਕੇ ਖੇਤੀ ਵਾਲ਼ੀ ਜ਼ਮੀਨ ਘਟਦੀ ਜਾ ਰਹੀ ਹੈ। ਜਿਉਂ-ਜਿਉਂ ਅਬਾਦੀ ਵਧਦੀ ਜਾ ਰਹੀ ਹੈ, ਬੇਰੁਜ਼ਗਾਰ ਲੋਕ ਕੰਮ-ਕਾਰ ਲਈ ਹੱਥ-ਪੈਰ ਮਾਰਦੇ ਹਨ-ਸਿਫ਼ਾਰਸ਼ਾਂ ਪੁਆਉਂਦੇ ਹਨ, ਰਿਸ਼ਵਤਾਂ ਦਿੰਦੇ ਹਨ। ਇਵੇਂ ਭ੍ਰਿਸ਼ਟਾਚਾਰ ਦਾ ਜਨਮ ਹੁੰਦਾ ਹੈ। ਵੱਡੇ ਪਰਿਵਾਰਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਪਾਲਣਾ ਠੀਕ ਢੰਗ ਨਾਲ਼ ਨਹੀਂ ਕਰ ਸਕਦੇ। ਫਲ਼ਸਰੂਪ ਉਹ ਸਿਹਤ ਅਤੇ ਸ਼ਖ਼ਸੀ ਵਿਕਾਸ ਪੱਖੋਂ ਅਣਵਿਕਸਿਤ ਰਹਿ ਜਾਂਦੇ ਹਨ।

ਆਰਥਿਕ ਤੰਗੀ ਕਾਰਨ ਮਾਪੇ ਆਪਣੇ ਸਾਰੇ ਬੱਚਿਆਂ ਨੂੰ ਵਿੱਦਿਆ ਨਹੀਂ ਦੇ ਸਕਦੇ। ਭਾਰਤ ਵਿੱਚ ਅਨਪੜ੍ਹ ਪਹਿਲਾਂ ਹੀ ਜ਼ਿਆਦਾ ਹਨ। ਅਨਪੜ੍ਹਤਾ ਮਨੁੱਖਤਾ ਨੂੰ ਪੈਦਾਵਾਰ ਦੇ ਵਸੀਲਿਆਂ ਦੀ ਉਪਯੋਗਤਾ ਤੋਂ ਅਨਜਾਣ ਰੱਖਦੀ ਹੈ। ਭਾਰਤ ਵਿੱਚ ਅਨਪੜ੍ਹਤਾ ਦੀ ਭਰਮਾਰ ਹੈ। ਆਮ ਭਾਰਤੀ ਗ਼ਰੀਬ ਹੈ ਤੇ ਅਬਾਦੀ ਦਾ ਵਾਧਾ ਇਸ ਨੂੰ ਹੋਰ ਗ਼ਰੀਬ ਬਣਾ ਰਿਹਾ ਹੈ। ਇਸ ਲਈ ਸਾਰੇ ਭਾਰਤੀਆਂ ਦਾ ਪਹਿਲਾ ਮਹੱਤਵਪੂਰਨ ਕਰਤੱਵ ਇਹ ਹੈ ਕਿ ਅਬਾਦੀ ਦੇ ਵਾਧੇ ਨੂੰ ਠੱਲ੍ਹ ਪਾਈ ਜਾਵੇ। ਇਸ ਲਈ ਸਾਨੂੰ ਠੋਸ ਕਦਮ ਚੁੱਕਣੇ ਪੈਣਗੇ।

ਸਾਡੇ ਦੇਸ ਵਿੱਚ ਅਜੇ ਵੀ ਇਹ ਗੱਲ ਪ੍ਰਚਲਿਤ ਹੈ ਕਿ ਬੱਚਾ ਰੱਬ ਦੀ ਦਾਤ ਹੈ। ਇਸ ਨੂੰ ਮੋੜਨਾ ਰੱਬ ਦੀ ਕਰੋਪੀ ਦਾ ਸ਼ਿਕਾਰ ਹੋਣਾ ਹੈ। ਇਹੋ-ਜਿਹੇ ਵਿਚਾਰ ਭਾਰਤੀਆਂ ਦੀ ਅਨਪੜ੍ਹਤਾ ਦੇ ਫਲ਼ਸਰੂਪ ਹਨ। ਗ਼ਰੀਬ ਮਾਪੇ ਬੱਚਿਆਂ ਨੂੰ ਆਪਣੀ ਆਮਦਨੀ ਵਿੱਚ ਵਾਧਾ ਕਰਨ ਦਾ ਸਾਧਨ ਸਮਝਦੇ ਹਨ। ਉਹ ਸੋਚਦੇ ਹਨ ਕਿ ਜਿੰਨੇ ਜ਼ਿਆਦਾ ਹੱਥ ਹੋਣਗੇ, ਉਹ ਓਨੀ ਜ਼ਿਆਦਾ ਕਮਾਈ ਕਰ ਸਕਣਗੇ। ਛੋਟੀ ਉਮਰ ਦੇ ਵਿਆਹ ਵੀ ਅਬਾਦੀ ਵਿੱਚ ਵਾਧੇ ਦਾ ਕਾਰਨ ਬਣਦੇ ਹਨ।

ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਦਿਆਂ ਹੋਇਆਂ ਸਰਕਾਰ ਨੂੰ ਸਾਰੇ ਦੇਸ ਵਿੱਚ 'ਪਰਿਵਾਰ- ਨਿਯੋਜਨ' ਦਾ ਪ੍ਰਚਾਰ ਪੂਰੇ ਜ਼ੋਰ ਨਾਲ਼ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਇਸ ਦਾ ਪ੍ਰਚਾਰ ਸ਼ਹਿਰਾਂ ਦੇ ਨਾਲ਼-ਨਾਲ਼ ਪਿੰਡਾਂ ਵਿੱਚ ਵੀ ਕੀਤਾ ਜਾਣਾ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਹਿੰਦੁਸਤਾਨ

ਦੀ ਅਬਾਦੀ ਦਾ ਅੱਧੇ ਤੋਂ ਵੱਧ ਹਿੱਸਾ ਪਿੰਡਾਂ ਵਿੱਚ ਨਿਵਾਸ ਕਰਦਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਲੋਕ ਪਰਿਵਾਰ-ਨਿਯੋਜਨ ਦੇ ਸਹੀ ਢੰਗ ਅਪਣਾ ਕੇ ਆਪਣੀ ਜ਼ਿੰਦਗੀ ਨੂੰ ਸੁਖੀ ਬਣਾਉਣ।

ਅਬਾਦੀ ਦੀ ਰੋਕ ਲਈ ਚਿਰਾਕੇ ਵਿਆਹ ਵੀ ਲਾਭਕਾਰੀ ਸਿੱਧ ਹੋ ਸਕਦੇ ਹਨ। ਅੱਜ-ਕੱਲ੍ਹ ਆਮ ਕਰਕੇ 18 ਸਾਲ ਦੀ ਲੜਕੀ ਤੇ 21 ਸਾਲ ਦੇ ਲੜਕੇ ਦਾ ਵਿਆਹ ਕੀਤਾ ਜਾਂਦਾ ਹੈ। ਥੋੜ੍ਹੀ ਵੱਡੀ ਉਮਰ ਦੇ ਵਿਆਹੁਤਾ ਜੋੜੇ ਜੀਵਨ ਦੀਆਂ ਕੌੜੀਆਂ ਸਚਾਈਆਂ ਜਾਣ ਚੁੱਕੇ ਹੁੰਦੇ ਹਨ। ਦੂਜੇ, ਹਰ ਵਿਆਹੁਤਾ ਜੋੜੇ ਨੂੰ ਚਾਹੀਦਾ ਹੈ ਕਿ ਉਹ ਇੱਕ ਬੱਚੇ ਤੋਂ ਬਾਅਦ ਘੱਟ ਤੋਂ ਘੱਟ ਤਿੰਨ ਸਾਲ ਬਾਅਦ ਅਗਲਾ ਬੱਚਾ ਪੈਦਾ ਕਰਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੰਬੰਧੀ ਕਨੂੰਨ ਬਣਾ ਕੇ ਉਸ ਦੀ ਸਖ਼ਤੀ ਨਾਲ਼ ਪਾਲਣਾ ਕਰੇ। ਭਾਰਤ ਨੂੰ ਬਰਬਾਦੀ ਦੇ ਜਿੰਨ ਤੋਂ ਬਚਾਉਣ ਲਈ ਅਬਾਦੀ ਦੀ ਰੋਕ ਅਤਿ ਜ਼ਰੂਰੀ ਹੈ। ਇਸ ਪ੍ਰਤਿ ਹਰ ਵਰਗ ਨੂੰ ਸੁਚੇਤ ਹੋਣ ਦੀ ਲੋੜ ਹੈ ਨਹੀਂ ਤਾਂ ਇਸ ਦੇ ਅਜਿਹੇ ਭਿਆਨਕ ਸਿੱਟੇ ਨਿਕਲਣਗੇ ਜੋ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਭੁਗਤਣੇ ਪੈਣਗੇ।

## ਬੇਰੁਜ਼ਗਾਰੀ ਦੀ ਸਮੱਸਿਆ

ਬੇਰੁਜ਼ਗਾਰੀ ਭਾਰਤ ਦੀ ਪ੍ਰਮੁੱਖ ਸਮੱਸਿਆ ਹੈ। ਆਪਣੀ ਮਰਜ਼ੀ ਨਾਲ਼ ਸ਼ਾਇਦ ਹੀ ਕੋਈ ਬੰਦਾ ਵਿਹਲਾ ਰਹਿਣਾ ਅਤੇ ਬੇਰੁਜ਼ਗਾਰ ਹੋਣਾ ਚਾਹੁੰਦਾ ਹੋਵੇ। ਭਾਰਤ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ।

ਬੇਰੁਜ਼ਗਾਰੀ ਕਿਸੇ ਇੱਕ ਵਰਗ ਤੱਕ ਸੀਮਿਤ ਨਹੀਂ। ਇਸ ਦੀ ਮਾਰ ਤੋਂ ਕੋਈ ਵਿਰਲਾ ਹੀ ਬਚਿਆ ਹੈ। ਘਰੇਲੂ ਨੌਕਰਾਂ ਤੋਂ ਲੈ ਕੇ ਇੰਜੀਨੀਅਰਾਂ ਤੱਕ ਵਿਹਲੇ ਹਨ, ਅਨਪੜ੍ਹ ਵਿਹਲੇ ਹਨ, ਪੜ੍ਹੇ-ਲਿਖੇ ਵਿਹਲੇ ਹਨ। ਜਿਸ ਤੇਜ਼ੀ ਨਾਲ਼ ਬੇਰੁਜ਼ਗਾਰੀ ਵਧ ਰਹੀ ਹੈ, ਉਹ ਬਹੁਤ ਹੀ ਡਰਾਉਣੀ ਹੈ। ਜਦੋਂ ਤੱਕ ਇਸ ਸਮੱਸਿਆ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ, ਉਦੋਂ ਤੱਕ ਭਾਰਤ ਦੀ ਅਜ਼ਾਦੀ ਦਾ ਕੋਈ ਮਹੱਤਵ ਨਹੀਂ। ਬੇਰੁਜ਼ਗਾਰ ਮਨੁੱਖ ਦੇਸ ਦੀ ਆਰਥਿਕ, ਸਮਾਜਿਕ ਅਤੇ ਭਾਈਚਾਰਿਕ ਜੀਵਨ ਲਈ ਇੱਕ ਵੱਡਾ ਖ਼ਤਰਾ ਹੈ।

ਇਸ ਸਮੱਸਿਆ ਦੇ ਜਨਮ ਲੈਣ ਦੇ ਕਈ ਕਾਰਨ ਹਨ। ਅਬਾਦੀ ਵਿੱਚ ਵਾਧਾ ਇਸ ਦਾ ਪ੍ਰਮੁੱਖ ਕਾਰਨ ਹੈ। ਯੋਜਨਾਵਾਂ ਦੇ ਬਾਵਜੂਦ ਭਾਰਤ ਦੀ ਉਪਜ ਬਹੁਤੀ ਨਹੀਂ ਵਧੀ। ਜੇ ਵਧੀ ਹੈ ਤਾਂ ਅਬਾਦੀ ਦਾ ਵਾਧਾ ਇਸ ਵਾਧੇ ਨੂੰ ਪਛਾੜ ਰਿਹਾ ਹੈ।

ਬੇਰੁਜ਼ਗਾਰੀ ਵਧਣ ਨਾਲ਼ ਲੋਕਾਂ ਦੀ ਖ਼ਰੀਦ-ਸ਼ਕਤੀ ਘਟ ਜਾਂਦੀ ਹੈ। ਲੋਕਾਂ ਕੋਲ਼ ਖ਼ਰੀਦਣ ਲਈ ਪੈਸਾ ਨਹੀਂ ਹੁੰਦਾ। ਚੀਜ਼ਾਂ ਦੀ ਵਿਕਰੀ ਨਹੀਂ ਹੁੰਦੀ। ਮੰਗ ਘਟ ਜਾਂਦੀ ਹੈ। ਘਟੀ ਮੰਗ ਕਾਰਨ ਕਾਰਖ਼ਾਨਿਆਂ ਦੀ ਉਪਜ ਨੂੰ ਰੋਕਣਾ ਪੈਂਦਾ ਹੈ। ਉਪਜ ਰੋਕਣ ਦਾ ਮਤਲਬ ਹੈ ਹਜ਼ਾਰਾਂ ਮਜ਼ਦੂਰਾਂ ਦਾ ਵਿਹਲੇ ਹੋਣਾ। ਇਸ ਤਰ੍ਹਾਂ ਬੇਰੁਜ਼ਗਾਰੀ ਵਧਦੀ ਹੈ।

ਛਾਂਟੀ ਦੀ ਸਮੱਸਿਆ ਪੈਦਾ ਹੋਣ ਨਾਲ਼ ਵੀ ਬੇਰੁਜ਼ਗਾਰੀ ਵਿੱਚ ਵਾਧਾ ਹੁੰਦਾ ਹੈ। ਬਹੁਤ ਸਾਰੇ ਮਹਿਕਮੇ ਕਿਸੇ ਖ਼ਾਸ ਕੰਮ ਨੂੰ ਪੂਰਾ ਕਰਨ ਲਈ ਹੋਂਦ ਵਿੱਚ ਆਉਂਦੇ ਹਨ। ਕੰਮ ਪੂਰਾ ਹੋਣ 'ਤੇ ਬੰਦ ਹੋ ਜਾਂਦੇ ਹਨ। ਇਸ ਤਰ੍ਹਾਂ ਬੇਰੁਜ਼ਗਾਰੀ ਵਧਦੀ ਹੈ।

ਮਸ਼ੀਨੀਕਰਨ ਵੀ ਬੇਰੁਜ਼ਗਾਰੀ ਨੂੰ ਵਧਾਉਣ ਲਈ ਜ਼ੁੰਮੇਵਾਰ ਹੈ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਕੰਪਿਊਟਰ ਨੇ ਹਰ ਕੰਮ ਅਸਾਨ ਕਰ ਦਿੱਤਾ ਹੈ। ਜਿਉਂ-ਜਿਉਂ ਮਸ਼ੀਨਾਂ ਸਾਡੇ ਦਫ਼ਤਰਾਂ, ਕਾਰਖ਼ਾਨਿਆਂ ਆਦਿ 'ਤੇ ਧਾਵਾ ਬੋਲਣਗੀਆਂ, ਕਾਮੇ ਵਿਹਲੇ ਹੁੰਦੇ ਜਾਣਗੇ। ਖੇਤ ਵਾਹੁਣ ਲਈ ਜੇ ਪਹਿਲਾਂ ਚਾਰ ਬੰਦਿਆਂ ਦੀ ਜ਼ਰੂਰਤ ਸੀ ਤਾਂ ਹੁਣ ਇਕੱਲਾ ਬੰਦਾ ਹੀ ਟ੍ਰੈਕਟਰ ਨਾਲ਼ ਕੰਮ ਕਰ ਲੈਂਦਾ ਹੈ।

ਵਿੱਦਿਆ ਦਾ ਪਸਾਰ ਤੇਜ਼ੀ ਨਾਲ਼ ਹੋ ਰਿਹਾ ਹੈ। ਪੜ੍ਹਨ ਵਾਲ਼ਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ਼ ਵਾਧਾ ਹੋ ਰਿਹਾ ਹੈ। ਸਕੂਲ-ਕਾਲਜ ਧੜਾ-ਧੜ ਖੁਲ੍ਹ ਰਹੇ ਹਨ। ਇਹਨਾਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚੋਂ ਵਿਦਿਆਰਥੀ ਹਰ ਸਾਲ ਡਿਗਰੀਆਂ ਲੈ ਕੇ ਆ ਰਹੇ ਹਨ। ਜਿਸ ਤੇਜ਼ੀ ਨਾਲ਼ ਵਿੱਦਿਆ ਦਾ ਪਸਾਰ ਹੋ ਰਿਹਾ ਹੈ, ਉਸ ਤੇਜ਼ੀ ਨਾਲ਼ ਰੁਜ਼ਗਾਰ ਪੈਦਾ ਨਹੀਂ ਹੋ ਰਹੇ। ਪੜ੍ਹੇ-ਲਿਖੇ ਥਾਂ-ਥਾਂ ਵਿਹਲੇ ਫਿਰਦੇ ਹਨ। ਹਰ ਜਗ੍ਹਾ 'ਕੋਈ ਥਾਂ ਨਹੀਂ' ਦਾ ਜਵਾਬ ਵੀ ਉਹਨਾਂ ਨੂੰ ਮਿਲ਼ਦਾ ਹੈ।

ਇਸ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਕੁਝ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਆਰਥਿਕ ਉੱਨਤੀ ਦੀ ਲੋੜ ਹੈ। ਇਸ ਨਾਲ਼ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਪੜ੍ਹੇ-ਲਿਖੇ ਤੇ ਨਿਪੁੰਨ ਕਾਰੀਗਰਾਂ ਨੂੰ ਰੁਜ਼ਗਾਰ ਪ੍ਰਾਪਤ ਹੋਵੇਗਾ।

ਖੇਤੀ-ਬਾੜੀ ਵਿੱਚ ਵਿਗਿਆਨਿਕ ਤਰੀਕਿਆਂ ਨੂੰ ਅਪਣਾਉਣ ਨਾਲ਼ ਵੀ ਰੁਜ਼ਗਾਰ ਦੇ ਮੌਕੇ ਵਧ ਸਕਦੇ ਹਨ। ਵਧਦੀ ਅਬਾਦੀ ਨੂੰ ਹਰ ਹਾਲਤ ਵਿੱਚ ਰੋਕਣਾ ਚਾਹੀਦਾ ਹੈ। ਸਕੂਲਾਂ-ਕਾਲਜਾਂ ਵਿੱਚ ਵਿੱਦਿਆ ਨੂੰ ਵੱਧ ਤੋਂ ਵੱਧ ਟੈਕਨੀਕਲ ਤੇ ਕਿੱਤਾਮੁਖੀ ਸਿੱਖਿਆ ਦੇਣ ਵਾਲ਼ੀ ਬਣਾਉਣਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਛੋਟੀਆਂ ਅਤੇ ਘਰੇਲੂ ਦਸਤਕਾਰੀਆਂ ਨੂੰ ਉਤਸ਼ਾਹਿਤ ਕਰੇ। ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਠੋਸ ਕਦਮ ਪੁੱਟੇ ਜਾਣੇ ਚਾਹੀਦੇ ਹਨ।

## ਹਾਕੀ ਦਾ ਅੱਖੀਂ ਡਿੱਠਾ ਮੈਚ

ਸੰਸਾਰ ਭਰ ਦੀਆਂ ਖੇਡਾਂ ਵਿੱਚੋਂ ਹਾਕੀ ਦੀ ਖੇਡ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਏਸ਼ਿਆਈ ਖੇਡਾਂ ਹੋਣ, ਭਾਵੇਂ ਉਲੰਪਿਕ ਖੇਡਾਂ, ਸਭ ਲੋਕਾਂ ਦਾ ਧਿਆਨ ਹਾਕੀ ਦੀ ਖੇਡ ਵੱਲ ਲੱਗਾ ਹੋਇਆ ਹੁੰਦਾ ਹੈ। ਇਹ ਖੇਡ ਚੁਸਤੀ-ਫੁਰਤੀ ਅਤੇ ਸੂਝ-ਬੂਝ ਦੀ ਮੰਗ ਕਰਦੀ ਹੈ। ਬਾਕੀ ਸਭ ਖੇਡਾਂ ਵਿੱਚੋਂ ਇਹ ਖੇਡ ਸਭ ਤੋਂ ਵੱਧ ਤੇਜ਼ ਹੈ।

ਮੈਂ ਪਿਛਲੇ ਐਤਵਾਰ ਪੰਜਾਬ ਯੂਨੀਵਰਸਿਟੀ ਦੇ ਖੁੱਲ੍ਹੇ ਮੈਦਾਨ ਵਿੱਚ ਇੱਕ ਸ਼ਾਨਦਾਰ ਹਾਕੀ ਦਾ ਮੈਚ ਵੇਖਿਆ ਜਿਹੜਾ ਕਿ ਸਦਾ ਯਾਦ ਰਹੇਗਾ। ਇਹ ਮੈਚ ਗਿਆਨ ਜਿਓਤੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਾਡੇ ਸਕੂਲ ਦੀਆਂ ਟੀਮਾਂ ਦੇ ਦਰਮਿਆਨ ਖੇਡਿਆ ਗਿਆ। ਇਹ ਜ਼ਿਲ੍ਹਾ ਪੱਧਰ ਦਾ ਫ਼ਾਈਨਲ ਮੈਚ ਸੀ। ਮੈਚ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਹੀ ਸਟੇਡੀਅਮ ਦੀਆਂ ਪੌੜੀਆਂ ਦਰਸ਼ਕਾਂ ਨਾਲ਼ ਭਰ ਗਈਆਂ ਸਨ। ਸਾਡਾ ਸਾਰਾ ਸਕੂਲ ਆਇਆ ਹੋਇਆ ਸੀ। ਇਸੇ ਤਰ੍ਹਾਂ ਗਿਆਨ ਜਿਓਤੀ ਸਕੂਲ ਦੇ ਵੀ ਬਹੁਤ ਸਾਰੇ ਵਿਦਿਆਰਥੀ ਆਏ ਹੋਏ ਸਨ।

ਪ੍ਰਸਿੱਧ ਹਾਕੀ ਖਿਡਾਰੀ ਸ. ਸੁਰਜੀਤ ਸਿੰਘ ਇਸ ਮੈਚ ਦੇ ਰੈਫ਼ਰੀ ਸਨ। ਰੈਫ਼ਰੀ ਨੇ ਠੀਕ ਸਾਢੇ ਚਾਰ ਵਜੇ ਸੀਟੀ ਮਾਰੀ। ਦੋਵੇਂ ਟੀਮਾਂ ਆਪਣੀ-ਆਪਣੀ ਵਰਦੀ ਵਿੱਚ ਬਹੁਤ ਜਚ ਰਹੀਆਂ ਸਨ। ਟੀਮਾਂ ਦੇ ਕੈਪਟਨਾਂ ਨੇ ਆਪਸ ਵਿੱਚ ਹੱਥ ਮਿਲ਼ਾਏ। ਫੇਰ ਟਾਸ ਕੀਤਾ ਗਿਆ। ਸਾਡੀ ਟੀਮ ਟਾਸ ਜਿੱਤ ਗਈ। ਸਾਡੀ ਟੀਮ ਨੇ ਖੇਡ ਦੇ ਮੈਦਾਨ ਦਾ ਪੱਛਮ ਵਾਲ਼ਾ ਪਾਸਾ ਮੱਲ ਲਿਆ। ਹੁਣ ਰੈਫ਼ਰੀ ਨੇ ਸੀਟੀ ਮਾਰੀ ਤੇ ਮੈਚ ਸ਼ੁਰੂ ਹੋ ਗਿਆ। ਸ਼ੁਰੂ-ਸ਼ੁਰੂ ਵਿੱਚ ਖੇਡ ਸੁਸਤ ਜਿਹੀ ਵਿਖਾਈ ਦਿੱਤੀ ਪਰ ਹੌਲ਼ੀ-ਹੌਲ਼ੀ ਖੇਡ ਤੇਜ਼ ਹੁੰਦੀ ਗਈ।

ਮੈਚ ਸ਼ੁਰੂ ਹੋਣ ਦੇ ਪੰਦਰ੍ਹਵੇਂ ਮਿੰਟ ਵਿੱਚ ਸਾਡੇ ਸੱਜੇ ਪਾਸੇ ਬਾਹਰਲੀ ਲਾਈਨ 'ਤੇ ਖੇਡਣ ਵਾਲ਼ੇ ਖਿਡਾਰੀ ਨੇ ਬਾਲ ਨੂੰ ਘੁਮਾਉਂਦਿਆਂ ਹੋਇਆਂ ਵਿਰੋਧੀ ਧਿਰਾਂ ਦੀ 'ਡੀ' ਲਾਈਨ ਕੋਲ਼ ਜਾ ਕੇ ਬਾਲ ਸੈਂਟਰ-ਫ਼ਾਰਵਰਡ ਮਨਪ੍ਰੀਤ ਨੂੰ ਦੇ ਦਿੱਤਾ। ਮਨਪ੍ਰੀਤ ਨੇ ਮੌਕਾ ਨਾ ਖੁੰਝਾਉਂਦਿਆਂ ਹੋਇਆਂ

ਵਿਰੋਧੀ ਧਿਰ ਦੇ ਦੋ ਖਿਡਾਰੀਆਂ ਨੂੰ 'ਡਾਜ' ਦੇ ਕੇ ਬਾਲ ਗੋਲਾਂ ਵਿੱਚ ਸੁੱਟ ਦਿੱਤਾ। ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਖ਼ੂਬ ਤਾੜੀਆਂ ਵਜਾਈਆਂ।

ਹੁਣ ਖੇਡ ਪੂਰੀ ਤਰ੍ਹਾਂ ਭਖ ਪਈ ਸੀ। ਗਿਆਨ ਜਿਓਤੀ ਸਕੂਲ ਦੇ ਖਿਡਾਰੀ ਵੀ ਪੂਰੀ ਤਨਦੇਹੀ ਨਾਲ਼ ਖੇਡਣ ਲੱਗੇ। ਉਹ ਕਿਸੇ ਨਾ ਕਿਸੇ ਤਰ੍ਹਾਂ ਗੋਲ਼ ਉਤਾਰਨਾ ਚਾਹੁੰਦੇ ਸਨ ਪਰ ਸਾਡੇ ਸਕੂਲ ਦੀ ਟੀਮ ਵੀ ਪੂਰੀ ਤਾਕਤ ਨਾਲ਼ ਖੇਡ ਰਹੀ ਸੀ। ਮਿੰਟਾਂ-ਸਕਿੰਟਾਂ ਵਿੱਚ ਹੀ ਕਦੀ ਬਾਲ ਸਾਡੀ ਟੀਮ ਦੀ 'ਡੀ' ਵਿੱਚ ਹੁੰਦਾ, ਕਦੀ ਵਿਰੋਧੀ ਧਿਰ ਦੀ 'ਡੀ' ਵਿੱਚ। ਕਈ ਮੌਕੇ ਦੋਹਾਂ ਟੀਮਾਂ ਨੂੰ ਮਿਲ਼ੇ ਪਰ ਗੋਲ਼ ਨਾ ਹੋ ਸਕਿਆ। ਅਚਾਨਕ ਹੀ ਗਿਆਨ ਜਿਓਤੀ ਸਕੂਲ ਦੇ ਕਪਤਾਨ ਨੇ ਸੈਂਟਰ ਵਿੱਚੋਂ ਪਾਸ ਆਪਣੇ ਖੱਬੀ ਲਾਈਨ 'ਤੇ ਖੇਡਣ ਵਾਲ਼ੇ ਖਿਡਾਰੀ ਨੂੰ ਦਿੱਤਾ ਅਤੇ ਅੱਖ ਝਮਕਣ ਤੋਂ ਵੀ ਥੋੜ੍ਹੇ ਸਮੇਂ ਵਿੱਚ ਹੀ ਉਸ ਨੇ ਗੋਲ਼ ਕਰ ਦਿੱਤਾ। ਸਾਡਾ ਗੋਲ਼-ਕੀਪਰ ਵੇਖਦਾ ਹੀ ਰਹਿ ਗਿਆ। ਥੋੜ੍ਹੀ ਹੀ ਦੇਰ ਵਿੱਚ ਅੱਧਾ ਸਮਾਂ ਹੋ ਗਿਆ। ਰੈਫ਼ਰੀ ਨੇ ਸੀਟੀ ਮਾਰ ਕੇ ਮੈਚ ਬੰਦ ਕਰਵਾ ਦਿੱਤਾ। ਅੱਧੇ ਸਮੇਂ ਤੱਕ ਦੋਵੇਂ ਟੀਮਾਂ ਇੱਕ-ਇੱਕ ਗੋਲ ਦੀ ਬਰਾਬਰੀ 'ਤੇ ਸਨ।

ਦੋਹਾਂ ਸਕੂਲਾਂ ਦੇ ਵਿਦਿਆਰਥੀ ਮੈਦਾਨ ਵਿੱਚੋਂ ਬਾਹਰ ਆ ਗਏ ਅਤੇ ਆਪਣੇ ਸਾਥੀ ਖਿਡਾਰੀਆਂ ਨੂੰ ਮਿਲ਼ਨ ਲੱਗੇ। ਮੈਂ ਵੀ ਮਨਪ੍ਰੀਤ ਨਾਲ਼ ਹੱਥ ਮਿਲ਼ਾਇਆ ਅਤੇ ਹਲਾਸ਼ੇਰੀ ਦਿੱਤੀ। ਖਿਡਾਰੀਆਂ ਨੂੰ ਨਿੰਬੂ-ਪਾਣੀ ਪਿਆਇਆ ਗਿਆ ਤੇ ਫਲ਼ ਖਾਣ ਨੂੰ ਦਿੱਤੇ ਗਏ। ਦੋਹਾਂ ਟੀਮਾਂ ਦੇ ਕੋਚ ਆਪਣੇ-ਆਪਣੇ ਖਿਡਾਰੀਆਂ ਨੂੰ ਸਮਝਾ ਰਹੇ ਸਨ। ਏਨੇ ਨੂੰ ਸਮਾਂ ਖ਼ਤਮ ਹੋਣ 'ਤੇ ਰੈਫ਼ਰੀ ਨੇ ਸੀਟੀ ਮਾਰ ਦਿੱਤੀ।

ਮੈਚ ਦੁਬਾਰਾ ਸ਼ੁਰੂ ਹੋ ਗਿਆ। ਦੋਵੇਂ ਟੀਮਾਂ ਤਾਜ਼ਾ-ਦਮ ਹੋ ਕੇ ਆਈਆਂ ਸਨ ਤੇ ਮੁੜ ਕੇ ਪੂਰੇ ਜੋਸ਼ ਨਾਲ਼ ਖੇਡ ਰਹੀਆਂ ਸਨ। ਖੇਡ ਸ਼ੁਰੂ ਹੋਣ ਦੇ ਛੇਵੇਂ ਮਿੰਟ ਵਿੱਚ ਹੀ ਬਾਲ ਸਾਡੇ ਸਕੂਲ ਦੇ ਸੈਂਟਰ-ਫ਼ਾਰਵਰਡ ਦੇ ਹੱਥ ਵਿੱਚ ਆ ਗਈ। ਉਸ ਨੇ ਇੱਕ-ਦੋ ਖਿਡਾਰੀਆਂ ਨੂੰ ਡਾਜ ਦਿੱਤੀ ਅਤੇ ਮਲਕੜੇ ਜਿਹੇ ਬਾਲ ਲੈਫ਼ਟ-ਆਊਟ ਨੂੰ ਦੇ ਦਿੱਤਾ। ਇਸ ਪਾਸਿਓਂ ਗੋਲ਼ ਬਹੁਤ ਘੱਟ ਹੁੰਦੇ ਹਨ ਪਰ ਸਾਰਿਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਸਾਡੇ ਲੈਫ਼ਟ-ਆਊਟ ਨੇ ਬਾਲ ਡੀ ਵਿੱਚ ਲਿਜਾ ਕੇ ਗੋਲ਼ਾਂ ਵਿੱਚ ਦੇ ਮਾਰਿਆ। ਕਪਤਾਨ ਨੇ ਜਸਪ੍ਰੀਤ ਨੂੰ ਜਾ ਕੇ ਜੱਫੀ ਪਾ ਲਈ। ਇਸ ਤਰ੍ਹਾਂ ਸਾਡਾ ਸਕੂਲ ਇੱਕ ਦੇ ਮੁਕਾਬਲੇ ਦੋ ਗੋਲ਼ਾਂ ਨਾਲ਼ ਅੱਗੇ ਹੋ ਗਿਆ। ਸਕੂਲ ਦੀ ਟੀਮ ਹੁਣ ਪੂਰਾ ਜ਼ੋਰ ਲਾ ਕੇ ਖੇਡਣ ਲੱਗੀ ਪਰ ਸਾਡੇ ਸਕੂਲ ਵਾਲ਼ੇ ਹੁਣ ਬਚਾਅ ਦਾ ਪੂਰਾ ਧਿਆਨ ਰੱਖ ਰਹੇ ਸਨ। ਵਿਰੋਧੀ ਧਿਰ ਨੂੰ ਦੋ ਮੌਕੇ ਮਿਲ਼ੇ ਜ਼ਰੂਰ ਪਰ ਉਹ ਗੋਲ਼ ਨਾ ਕਰ ਸਕੇ। 6-7 ਮਿੰਟਾਂ ਮਗਰੋਂ ਰੈਫ਼ਰੀ ਨੇ ਸਮਾਂ ਸਮਾਪਤ ਹੋਣ ਦੀ ਲੰਮੀ ਸੀਟੀ ਮਾਰ ਦਿੱਤੀ।

ਸਾਡਾ ਸਕੂਲ ਮੈਚ ਜਿੱਤ ਗਿਆ। ਸਾਡੇ ਪ੍ਰਿੰਸੀਪਲ ਸਾਹਿਬ ਨੇ ਮੈਚ ਜਿੱਤਣ ਦੀ ਖ਼ੁਸ਼ੀ ਵਿੱਚ ਅਗਲੇ ਦਿਨ ਦੀ ਛੁੱਟੀ ਕਰ ਦਿੱਤੀ।

## ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਦੋਂ ਆਗਮਨ ਹੋਇਆ ਤਾਂ ਸਭ ਪਾਸੇ ਜ਼ੁਲਮ ਤੇ ਅੱਤਿਆਚਾਰ ਹੋ ਰਿਹਾ ਸੀ। ਪੰਦ੍ਰਵੀ ਸਦੀ ਦੇ ਰਾਜੇ ਪਰਜਾ 'ਤੇ ਘੋਰ ਅੱਤਿਆਚਾਰ ਕਰ ਰਹੇ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਇੱਕ ਮਸੀਹਾ ਬਣ ਕੇ ਇਸ ਧਰਤੀ 'ਤੇ ਆਏ। ਆਪ ਦੇ ਆਉਣ ਨਾਲ਼ ਸਭ ਪਾਸੇ

ਚਾਨਣ ਹੀ ਚਾਨਣ ਹੋ ਗਿਆ। ਭਾਈ ਗੁਰਦਾਸ ਜੀ ਆਪ ਦੇ ਜਨਮ ਬਾਰੇ ਲਿਖਦੇ ਹਨ :

"ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣੁ ਹੋਆ"

ਜਿਉ ਕਰਿ ਸੂਰਜ ਨਿਕਲਿਆ, ਤਾਰੇ ਛਪਿ ਅੰਧੇਰ ਪਲੋਆ।"

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ। ਉਹਨਾਂ ਦਾ ਜਨਮ ਕੱਤਕ ਦੀ ਪੂਰਨਮਾਸੀ ਨੂੰ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ ਹੋਇਆ। ਇਹ ਸਥਾਨ ਅੱਜ-ਕੱਲ੍ਹ ਨਨਕਾਣਾ ਸਾਹਿਬ ਦੇ ਨਾਂ ਨਾਲ਼ ਪ੍ਰਸਿੱਧ ਹੈ। ਆਪ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਸੱਤ ਸਾਲ ਦੀ ਉਮਰ ਵਿੱਚ ਆਪ ਨੂੰ ਸਕੂਲ ਵਿੱਚ ਪਾਂਧੇ ਕੋਲ਼ ਪੜ੍ਹਨ ਲਈ ਭੇਜਿਆ ਗਿਆ। ਆਪ ਨੇ ਆਪਣੇ ਉੱਚੇ ਵਿਚਾਰਾਂ ਨਾਲ਼ ਪਾਂਧੇ ਨੂੰ ਬਹੁਤ ਪ੍ਰਭਾਵਿਤ ਕੀਤਾ।

ਬਚਪਨ ਤੋਂ ਹੀ ਆਪ ਦਾ ਮਨ ਦੁਨਿਆਵੀ ਕੰਮਾਂ ਵਿੱਚ ਨਹੀਂ ਸੀ ਲੱਗਦਾ। ਪਿਤਾ ਨੇ ਆਪ ਦਾ ਧਿਆਨ ਦੁਨਿਆਵੀ ਕੰਮਾਂ ਵਿੱਚ ਲਾਉਣ ਲਈ ਬਹੁਤ ਯਤਨ ਕੀਤੇ। ਉਹਨਾਂ ਨੇ ਪਹਿਲਾਂ ਆਪ ਨੂੰ ਮੱਝਾਂ ਚਾਰਨ ਲਈ ਭੇਜਿਆ। ਫਿਰ ਇੱਕ ਦਿਨ ਉਹਨਾਂ ਨੇ ਆਪ ਨੂੰ ਵੀਹ ਰੁਪਏ ਕੋਈ ਚੰਗਾ ਜਿਹਾ ਵਪਾਰ ਕਰਨ ਲਈ ਦਿੱਤੇ। ਜਦੋਂ ਆਪ ਸ਼ਹਿਰ ਜਾ ਰਹੇ ਸਨ ਤਾਂ ਰਸਤੇ ਵਿੱਚ ਕੁਝ ਭੁੱਖੇ ਸਾਧੂ ਮਿਲ਼ ਗਏ। ਆਪ ਨੇ ਉਹਨਾਂ ਰੁਪਈਆਂ ਦਾ ਰਾਸ਼ਨ ਲਿਆ ਕੇ ਭੁੱਖੇ ਸਾਧੂਆਂ ਨੂੰ ਭੋਜਨ ਖੁਆ ਦਿੱਤਾ। ਜਦੋਂ ਖ਼ਾਲੀ ਹੱਥ ਵਾਪਸ ਆਏ ਤਾਂ ਪਿਤਾ ਜੀ ਆਪ ਨਾਲ਼ ਬਹੁਤ ਨਰਾਜ਼ ਹੋਏ। ਆਪ ਨੇ ਸਿਰਫ਼ ਏਨਾ ਹੀ ਕਿਹਾ ਕਿ ਉਹ ਇੱਕ ਸੱਚਾ ਸੌਦਾ ਕਰਕੇ ਆਏ ਹਨ।

ਆਪ ਦੀ ਭੈਣ ਬੇਬੇ ਨਾਨਕੀ ਸੁਲਤਾਨਪੁਰ ਲੋਧੀ ਰਹਿੰਦੇ ਸਨ। ਆਪ ਆਪਣੀ ਭੈਣ ਕੋਲ਼ ਸੁਲਤਾਨਪੁਰ ਲੋਧੀ ਆ ਗਏ। ਆਪ ਦੇ ਭਣੋਈਏ ਜੈ ਰਾਮ ਨੇ ਆਪ ਨੂੰ ਨਵਾਬ ਦੌਲਤ ਖ਼ਾਂ ਲੋਧੀ ਦੇ ਮੋਦੀਖ਼ਾਨੇ ਵਿੱਚ ਨੌਕਰੀ 'ਤੇ ਲਵਾ ਦਿੱਤਾ।

ਆਪ ਦਾ ਵਿਆਹ ਬੀਬੀ ਸੁਲੱਖਣੀ ਨਾਲ਼ ਹੋਇਆ। ਆਪ ਦੇ ਘਰ ਦੋ ਸਪੁੱਤਰ ਬਾਬਾ ਸ੍ਰੀ ਚੰਦ ਤੇ ਬਾਬਾ ਲੱਖਮੀ ਦਾਸ ਪੈਦਾ ਹੋਏ।

ਆਪ ਨੇ ਚਾਰ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆਂ। ਆਪ ਨੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਘੁੰਮ ਕੇ ਆਪਣੇ ਵਿਚਾਰਾਂ ਨਾਲ਼ ਭੁੱਲੀ-ਭਟਕੀ ਜਨਤਾ ਨੂੰ ਸਿੱਧੇ ਰਾਹ ਪਾਇਆ। ਆਪ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਰੱਬ ਇੱਕ ਹੈ ਜੋ ਕਣ-ਕਣ ਵਿੱਚ ਵੱਸਦਾ ਹੈ। ਆਪ ਨੇ ਲੋਕਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੰਦੇਸ਼ ਦਿੱਤਾ। ਆਪ ਨੇ ਔਰਤ ਨੂੰ ਵੱਧ ਤੋਂ ਵੱਧ ਸਤਿਕਾਰ ਦੇਣ ਦਾ ਉਪਦੇਸ਼ ਦਿੱਤਾ।

ਗੁਰੂ ਜੀ ਇੱਕ ਮਹਾਨ ਕਵੀ ਅਤੇ ਸੰਗੀਤਕਾਰ ਸਨ। ਆਪ ਨੇ 19 ਰਾਗਾਂ ਵਿੱਚ ਬਾਣੀ ਰਚੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। 'ਜਪੁ ਜੀ' ਆਪ ਦੀ ਮਹਾਨ ਰਚਨਾ ਹੈ। ਆਪ ਦੀ ਬਾਣੀ ਦੀਆਂ ਬਹੁਤ ਸਾਰੀਆਂ ਤੁਕਾਂ ਅਖਾਣਾਂ ਵਾਂਗ ਲੋਕਾਂ ਦੇ ਮੂੰਹਾਂ 'ਤੇ ਚੜ੍ਹੀਆਂ ਹੋਈਆਂ ਹਨ, ਜਿਵੇਂ : -

1. ਮਨਿ ਜੀਤੈ ਜਗੁ ਜੀਤ।
2. ਨਾਨਕ ਦੁਖੀਆ ਸਭ ਸੰਸਾਰ।
3. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।

ਗੁਰੂ ਸਾਹਿਬ ਇੱਕ ਨਿਡਰ ਦੇਸ-ਭਗਤ ਸਨ। ਉਹਨਾਂ ਨੇ ਬਾਬਰ ਦੀ ਲੁੱਟ-ਖਸੁੱਟ ਦੀ

ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਅੰਤ ਆਪ 7 ਸਤੰਬਰ, 1539 ਈ. ਨੂੰ ਜੋਤੀ-ਜੋਤ ਸਮਾ ਗਏ। ਆਪ ਨੇ ਆਪਣੀ ਗੁਰਗੱਦੀ ਦੇ ਵਾਰਸ ਭਾਈ ਲਹਿਣਾ ਜੀ ਨੂੰ ਚੁਣਿਆ ਜੋ ਸਿੱਖ ਧਰਮ ਦੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਸਦਾਏ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ। ਆਪ ਇੱਕ ਮਹਾਨ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ ਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਮੰਨੇ ਗਏ ਹਨ। ਆਪ ਦੀ ਮਹਿਮਾ ਵਿੱਚ ਭਾਈ ਗੁਰਦਾਸ ਜੀ (ਦੂਜੇ) ਲਿਖਦੇ ਹਨ :

"ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।

ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰੂ ਚੇਲਾ।"

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ. ਵਿੱਚ ਪਟਨਾ ਵਿਖੇ ਹੋਇਆ । ਆਪ ਦੇ ਪਿਤਾ ਦਾ ਨਾਂ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਦਾ ਨਾਂ ਮਾਤਾ ਗੁਜਰੀ ਜੀ ਸੀ। ਬਚਪਨ ਵਿੱਚ ਹੀ ਆਪ ਹੋਣਹਾਰ ਬਾਲਕ ਸਨ। ਆਪ ਆਪਣੇ ਸਾਥੀ ਬਾਲਕਾਂ ਦੀਆਂ ਫ਼ੌਜਾਂ ਬਣਾ ਕੇ ਇੱਕ-ਦੂਜੇ ਦੇ ਵਿਰੁੱਧ ਨਕਲੀ ਲੜਾਈਆਂ ਕਰਦੇ ਸਨ। ਕੋਈ ਨਹੀਂ ਸੀ ਜਾਣਦਾ ਕਿ ਇਹ ਹੋਣਹਾਰ ਬਾਲਕ ਸਮੇਂ ਦੀ ਸਰਕਾਰ ਨਾਲ਼ ਟੱਕਰ ਲਵੇਗਾ ਅਤੇ ਜ਼ੁਲਮ ਦਾ ਨਾਸ ਕਰੇਗਾ।

1672 ਈ. ਵਿੱਚ ਆਪ ਆਪਣੇ ਮਾਤਾ-ਪਿਤਾ ਨਾਲ਼ ਪਟਨਾ ਛੱਡ ਕੇ ਅਨੰਦਪੁਰ ਸਾਹਿਬ ਆ ਗਏ। ਇੱਥੇ ਰਹਿ ਕੇ ਪਿਤਾ ਨੇ ਆਪ ਨੂੰ ਧਾਰਮਿਕ ਵਿੱਦਿਆ ਦੇ ਨਾਲ਼-ਨਾਲ਼ ਸ਼ਸਤਰ-ਵਿੱਦਿਆ ਵੀ ਦਿੱਤੀ। ਬਚਪਨ ਵਿੱਚ ਹੀ ਆਪ ਨੇ ਪੰਜਾਬੀ, ਫ਼ਾਰਸੀ, ਹਿੰਦੀ, ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾਵਾਂ ਵਿੱਚ ਨਿਪੁੰਨਤਾ ਹਾਸਲ ਕਰ ਲਈ।

ਜਦੋਂ ਆਪ ਨੌਂ ਸਾਲਾਂ ਦੇ ਸਨ ਤਾਂ ਇੱਕ ਦਿਨ ਕੁਝ ਕਸ਼ਮੀਰੀ ਪੰਡਤ ਆਪ ਦੇ ਪਿਤਾ ਜੀ ਕੋਲ਼ ਆਏ ਤੇ ਫ਼ਰਿਆਦ ਕੀਤੀ ਕਿ ਔਰੰਗਜ਼ੇਬ ਉਹਨਾਂ 'ਤੇ ਜ਼ੁਲਮ ਕਰ ਰਿਹਾ ਹੈ। ਉਹਨਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਹੈ। ਪਿਤਾ ਨੇ ਉਸ ਸਮੇਂ ਕਿਹਾ ਕਿ ਇਸ ਸਮੇਂ ਕਿਸੇ ਮਹਾਨ ਪੁਰਖ ਦੀ ਕੁਰਬਾਨੀ ਦੀ ਲੋੜ ਹੈ। ਆਪ ਉਸ ਸਮੇਂ ਕੋਲ਼ ਹੀ ਬੈਠੇ ਸਨ। ਆਪ ਨੇ ਕਿਹਾ, "ਪਿਤਾ ਜੀ, ਆਪ ਨਾਲ਼ੋਂ ਮਹਾਨ ਪੁਰਖ ਕਿਹੜਾ ਹੋ ਸਕਦਾ ਹੈ ?" ਆਪ ਦੇ ਇਹ ਸ਼ਬਦ ਸੁਣ ਕੇ ਪਿਤਾ ਜੀ ਹੈਰਾਨ ਹੋ ਗਏ ਤੇ ਆਪਣੀ ਕੁਰਬਾਨੀ ਦੇਣ ਲਈ ਦਿੱਲੀ ਨੂੰ ਚੱਲ ਪਏ। ਪਿਤਾ ਦੀ ਸ਼ਹੀਦੀ ਪਿੱਛੋਂ ਆਪ ਸਿੱਖਾਂ ਦੇ ਦਸਵੇਂ ਗੁਰੂ ਬਣੇ।

ਪਿਤਾ ਦੀ ਸ਼ਹੀਦੀ ਪਿੱਛੋਂ ਆਪ ਨੇ ਮੁਗਲ ਰਾਜ ਦੇ ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਅਵਾਜ਼ ਬੁਲੰਦ ਕਰਨ ਲਈ ਸਿੱਖ-ਕੌਮ ਨੂੰ ਇਕਮੁੱਠ ਕੀਤਾ ਤੇ ਸ਼ਸਤਰ-ਵਿੱਦਿਆ ਦੇਣੀ ਅਰੰਭ ਕਰ ਦਿੱਤੀ। ਗੁਰੂ ਜੀ ਨੇ ਸਿੱਖ-ਸੰਗਤਾਂ ਨੂੰ ਹੁਕਮ ਕੀਤਾ ਕਿ ਉਹ ਉਹਨਾਂ ਵਾਸਤੇ ਭੇਟਾ ਵਿੱਚ ਘੋੜੇ ਅਤੇ ਹਥਿਆਰ ਲਿਆਉਣ ਅਤੇ ਆਪਣੇ ਪੁੱਤਰਾਂ ਨੂੰ ਗੁਰੂ ਜੀ ਦੀ ਸੈਨਾ ਵਿੱਚ ਭਰਤੀ ਹੋਣ ਲਈ ਭੇਜਣ।

ਆਪ ਦੀ ਵਧਦੀ ਹੋਈ ਤਾਕਤ ਨੂੰ ਦੇਖ ਕੇ ਪਹਾੜੀ ਰਾਜੇ ਕੰਬ ਉੱਠੇ। ਉਹਨਾਂ ਨੇ ਇਕੱਠੇ ਹੋ ਕੇ ਆਪ 'ਤੇ ਚੜ੍ਹਾਈ ਕਰ ਦਿੱਤੀ। 1686 ਈ. ਵਿੱਚ ਭੰਗਾਣੀ ਦੇ ਅਸਥਾਨ 'ਤੇ ਘਮਸਾਣ ਦਾ ਯੁੱਧ

ਹੋਇਆ। ਇਸ ਲੜਾਈ ਵਿੱਚ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਹੋਈ।

1699 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਅਨੰਦਪੁਰ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਬਾਅਦ ਵਿੱਚ ਉਹਨਾਂ ਤੋਂ ਆਪ ਅੰਮ੍ਰਿਤ ਛਕਿਆ।

ਆਪ ਨੇ ਮੁਗ਼ਲਾਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਚਮਕੌਰ ਦੇ ਸਥਾਨ 'ਤੇ ਘਮਸਾਣ ਦਾ ਯੁੱਧ ਹੋਇਆ। ਇਸ ਵਿੱਚ ਆਪ ਦੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਲੜਦੇ-ਲੜਦੇ ਸ਼ਹੀਦ ਹੋ ਗਏ। ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਵਜ਼ੀਰਖ਼ਾਨ ਨੇ ਨੀਹਾਂ ਵਿੱਚ ਚਿਣਵਾ ਦਿੱਤਾ। ਮਾਤਾ ਗੁਜਰੀ ਆਪਣੇ ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਸਦਮਾ ਸਹਿਣ ਨਾ ਕਰਦੇ ਹੋਏ ਪ੍ਰਾਣ ਤਿਆਗ ਗਏ। ਆਪ ਦਾ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਪਰੰਤੂ ਆਪ ਨੇ ਫਿਰ ਵੀ ਹੌਸਲਾ ਨਾ ਹਾਰਿਆ। ਆਪ ਨੇ ਜੀਵਨ ਦੀ ਆਖ਼ਰੀ ਲੜਾਈ ਖਿਦਰਾਣੇ ਵਿੱਚ ਲੜੀ। ਇਸ ਵਿੱਚ ਲੜਦੇ-ਲੜਦੇ ਆਪ ਦੇ 40 ਸਿੰਘ ਸ਼ਹੀਦ ਹੋ ਗਏ। ਆਪ ਨੇ ਇਹਨਾਂ ਨੂੰ 40 ਮੁਕਤਿਆਂ ਦਾ ਨਾਂ ਦਿੱਤਾ। ਖਿਦਰਾਣੇ ਦਾ ਨਾਂ ਬਦਲ ਕੇ ਮੁਕਤਸਰ ਰੱਖਿਆ ਜੋ ਅੱਜ-ਕਲ੍ਹ ਪੰਜਾਬ ਦਾ ਜ਼ਿਲ੍ਹਾ ਹੈ। ਇੱਥੋਂ ਆਪ ਤਲਵੰਡੀ ਸਾਬੋ ਪਹੁੰਚੇ। ਇੱਥੇ ਰਹਿ ਕੇ ਆਪ ਨੇ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਇਸ ਵਿੱਚ ਦਰਜ ਕੀਤਾ। ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਦੇ ਰੂਪ ਵਿੱਚ ਇੱਕ ਪੱਤਰ ਲਿਖਿਆ। ਅੰਤ ਆਪ ਨਾਂਦੇੜ, ਦੱਖਣ ਵੱਲ ਨੂੰ ਚਲੇ ਗਏ। ਇੱਕ ਦਿਨ ਆਪ ਦਰਿਆ-ਕਿਨਾਰੇ ਪ੍ਰਭੂ-ਭਗਤੀ ਵਿੱਚ ਲੀਨ ਸਨ ਕਿ ਇੱਕ ਪਠਾਣ ਨੇ ਆਪ ਦੇ ਢਿੱਡ ਵਿੱਚ ਛੁਰਾ ਮਾਰ ਕੇ ਆਪ ਨੂੰ ਜ਼ਖ਼ਮੀ ਕਰ ਦਿੱਤਾ। ਇਹਨਾਂ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਆਪ 1708 ਈ. ਵਿੱਚ ਜੋਤੀ-ਜੋਤ ਸਮਾ ਗਏ। ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਚਾਰ ਤਖ਼ਤ ਦਸਵੇਂ ਗੁਰੂ ਜੀ ਨਾਲ਼ ਸੰਬੰਧਿਤ ਸਥਾਨ ਹਨ।

## ਸ਼ਹੀਦ ਭਗਤ ਸਿੰਘ

ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸਰਦਾਰ ਭਗਤ ਸਿੰਘ ਦੀ ਮਹੱਤਵਪੂਰਨ ਭੂਮਿਕਾ ਹੈ। ਭਾਰਤ ਦੀ ਅਜ਼ਾਦੀ ਲਈ ਉੱਠੀ ਲਹਿਰ ਵਿੱਚ ਭਗਤ ਸਿੰਘ ਨੇ ਵਿਸ਼ੇਸ਼ ਭਾਗ ਲਿਆ। ਉਸ ਨੇ ਦੇਸ ਦੇ ਨੌਜਵਾਨਾਂ ਦੇ ਦਿਲਾਂ ਵਿੱਚ ਅਜ਼ਾਦੀ ਦਾ ਅਜਿਹਾ ਵਲਵਲਾ ਪੈਦਾ ਕੀਤਾ ਜਿਸ ਨਾਲ਼ ਦੇਸ ਦੀ ਅਜ਼ਾਦੀ ਨੂੰ ਲੰਮੇ ਸਮੇਂ ਲਈ ਟਾਲ਼ਿਆ ਨਾ ਜਾ ਸਕਿਆ। ਉਹ ਬਹਾਦਰ, ਨਿਡਰ ਤੇ ਕ੍ਰਾਂਤੀਕਾਰੀ ਸੁਭਾਅ ਦੇ ਵਿਅਕਤੀ ਸਨ।

ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਈ. ਨੂੰ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਬੰਗਾ, ਚੱਕ ਨੰ 105 ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਸ.ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ। ਆਪ ਦੇ ਪਿਤਾ ਵੀ ਇੱਕ ਇਨਕਲਾਬੀ ਨੇਤਾ ਸਨ। ਆਪ ਦੇ ਚਾਚਾ ਸ.ਅਜੀਤ ਸਿੰਘ ਇੱਕ ਉੱਘੇ ਦੇਸ-ਭਗਤ ਸਨ ਜਿਨ੍ਹਾਂ ਨੇ "ਪੱਗੜੀ ਸੰਭਾਲ਼ ਜੱਟਾ" ਦੀ ਲਹਿਰ ਚਲਾਈ। ਆਪ ਦਾ ਪਰਿਵਾਰ ਇੱਕ ਇਨਕਲਾਬੀ ਅਤੇ ਦੇਸ-ਭਗਤਾਂ ਦਾ ਪਰਿਵਾਰ ਸੀ।

ਆਪ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਹੀ ਆਪ ਦੇ ਚਾਚਾ ਜੇਲ੍ਹ ਵਿੱਚੋਂ ਰਿਹਾ ਹੋ ਕੇ ਆਏ ਸਨ। ਇਸ ਲਈ ਆਪ ਨੂੰ "ਭਾਗਾਂ ਵਾਲ਼ਾ" ਕਿਹਾ ਜਾਣ ਲੱਗਾ। ਹੌਲ਼ੀ-ਹੌਲ਼ੀ ਆਪ ਦਾ ਨਾਂ ਭਗਤ ਸਿੰਘ ਹੋ ਗਿਆ। ਸ. ਭਗਤ ਸਿੰਘ ਨੇ ਮੁਢਲੀ ਵਿੱਦਿਆ ਆਪਣੇ ਪਿੰਡ ਤੋਂ ਆਪਣੇ ਦਾਦਾ ਸ. ਅਰਜਨ ਸਿੰਘ ਕੋਲ਼ ਰਹਿ ਕੇ ਪ੍ਰਾਪਤ ਕੀਤੀ। ਆਪ ਨੇ ਨੈਸ਼ਨਲ ਕਾਲਜ ਲਾਹੌਰ ਤੋਂ ਐੱਫ਼. ਏ. ਪਾਸ

ਕੀਤੀ।

ਉਸ ਸਮੇਂ ਦੇਸ ਵਿੱਚ ਇਨਕਲਾਬੀ ਲਹਿਰ ਜ਼ੋਰਾਂ 'ਤੇ ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਾ ਆਪ ਦੇ ਮਨ 'ਤੇ ਬਹੁਤ ਡੂੰਘਾ ਅਸਰ ਪਿਆ। 1920 ਈ. ਵਿੱਚ ਮਹਾਤਮਾ ਗਾਂਧੀ ਵੱਲੋਂ ਚਲਾਈ ਨਾਮਿਲਵਰਤਣ ਲਹਿਰ ਸਮੇਂ ਉਹ ਨੈਸ਼ਨਲ ਕਾਲਜ, ਲਾਹੌਰ ਵਿੱਚ ਸਨ। ਉਹਨਾਂ ਨੇ ਦੇਸ-ਭਗਤੀ ਤੇ ਦੇਸ ਦੀ ਅਜ਼ਾਦੀ ਲਈ ਕੁਝ ਕਰਨ ਦਾ ਪਹਿਲਾ ਪਾਠ ਪੜ੍ਹਿਆ। 1924 ਈ. ਵਿੱਚ ਆਪ ਕਾਨਪੁਰ ਚਲੇ ਗਏ। ਉੱਥੇ ਆਪ ਨੇ ਸ੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਵੱਲੋਂ ਕੱਢੀ ਜਾਂਦੀ ਹਿੰਦੀ ਦੀ "ਪ੍ਰਤਾਪ" ਨਾਮਕ ਅਖ਼ਬਾਰ ਵਿੱਚ ਪੱਤਰਕਾਰ ਦੇ ਤੌਰ 'ਤੇ ਕੰਮ ਕੀਤਾ। ਸ੍ਰੀ ਵਿਦਿਆਰਥੀ ਗ਼ਰਮ ਧੜੇ ਦੇ ਕਾਂਗਰਸੀਆਂ ਵਿੱਚੋਂ ਸਨ। ਉਹਨਾਂ ਦੇ ਸੰਪਰਕ ਵਿੱਚ ਰਹਿ ਕੇ ਭਗਤ ਸਿੰਘ ਵਿੱਚ ਦੇਸ-ਭਗਤੀ ਦਾ ਜਜ਼ਬਾ ਹੋਰ ਵੀ ਪ੍ਰਬਲ ਹੋ ਗਿਆ। ਇੱਥੇ ਹੀ ਆਪ ਦਾ ਮੇਲ਼ ਚੰਦਰ ਸ਼ੇਖਰ ਆਜ਼ਾਦ ਨਾਲ਼ ਵੀ ਹੋਇਆ।

ਉਹਨਾਂ ਦਿਨਾਂ ਵਿੱਚ ਹੀ ਗਰਮ ਖ਼ਿਆਲੀ ਨੌਜਵਾਨ ਭਾਰਤੀਆਂ ਨੇ ਕਈ ਜਥੇਬੰਦੀਆਂ, ਜਿਵੇਂ : ਹਿੰਦੁਸਤਾਨ ਸ਼ੋਸ਼ਲਿਸਟ ਰਿਪਲਿਕਨ ਐਸੋਸੀਏਸ਼ਨ, 'ਹਿੰਦੁਸਤਾਨ ਰਿਪਬਲਿਕਨ ਆਰਮੀ' ਤੇ ਨੌਜਵਾਨ ਭਾਰਤ ਸਭਾ ਆਦਿ ਬਣਾਈਆਂ। ਭਗਤ ਸਿੰਘ ਇਹਨਾਂ ਸਾਰੀਆਂ ਜਥੇਬੰਦੀਆਂ ਦੇ ਆਗੂ ਸਨ। 1927 ਈ. ਵਿੱਚ 'ਨੌਜਵਾਨ ਭਾਰਤ ਸਭਾ' ਬਹੁਤ ਸਰਗਰਮ ਹੋ ਗਈ ਸੀ। 1928 ਈ. ਵਿੱਚ 'ਸਾਈਮਨ ਕਮਿਸ਼ਨ' ਭਾਰਤ ਆਇਆ ਜਿਸ ਦਾ ਸਾਰੇ ਭਾਰਤੀਆਂ ਵੱਲੋਂ ਵਿਰੋਧ ਕੀਤਾ ਗਿਆ। ਲਾਲਾ ਲਾਜਪਤ ਰਾਏ ਲਾਹੌਰ ਵਿਖੇ ਇਸ ਵਿਰੁੱਧ ਕੱਢੇ ਗਏ ਜਲੂਸ ਦੀ ਅਗਵਾਈ ਕਰ ਰਹੇ ਸਨ। ਉਹਨਾਂ 'ਤੇ ਲਾਠੀਆਂ ਚਲਾਈਆਂ ਗਈਆਂ। ਇਸ ਕਾਰਨ ਉਹ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਅਤੇ ਉਹਨਾਂ ਦੀ ਮੌਤ ਹੋ ਗਈ। ਭਗਤ ਸਿੰਘ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਭਗਤ ਸਿੰਘ ਨੇ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ ਨੂੰ ਗੋਲ਼ੀ ਮਾਰ ਕੇ ਲਾਲਾ ਜੀ ਦੀ ਮੌਤ ਦਾ ਬਦਲਾ ਲਿਆ।

ਆਪ ਨੇ ਸੁਖਦੇਵ ਅਤੇ ਰਾਜਗੁਰੂ ਨਾਲ਼ ਮਿਲ਼ ਕੇ ਅਸੈਂਬਲੀ ਵਿੱਚ ਬੰਬ ਸੁੱਟਿਆ ਅਤੇ ਪੋਸਟਰ ਵੀ ਵੰਡੇ। ਆਪ ਨੇ "ਇਨਕਲਾਬ-ਜ਼ਿੰਦਾਬਾਦ" ਦੇ ਨਾਹਰੇ ਲਾ ਕੇ ਗਰਿਫ਼ਤਾਰੀ ਦੇ ਦਿੱਤੀ। ਆਪ ਉੱਤੇ ਕਈ ਮੁਕੱਦਮੇ ਚਲਾਏ ਗਏ। ਅਖੀਰ 23 ਮਾਰਚ, 1931 ਈ. ਨੂੰ ਆਪ ਨੂੰ ਆਪ ਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨਾਲ਼ ਫਾਂਸੀ 'ਤੇ ਲਟਕਾ ਦਿੱਤਾ ਗਿਆ। ਆਪ ਨੇ ਹੱਸਦੇ-ਹੱਸਦੇ ਫਾਂਸੀ 'ਤੇ ਚੜ੍ਹ ਕੇ ਭਾਰਤ-ਮਾਤਾ ਲਈ ਕੁਰਬਾਨੀ ਦਿੱਤੀ।

ਇਹਨਾਂ ਤਿੰਨਾਂ ਦੇਸ-ਭਗਤਾਂ ਦੀਆਂ ਸਮਾਧਾਂ ਫ਼ਿਰੋਜ਼ਪੁਰ ਨੇੜੇ ਹੁਸੈਨੀਵਾਲ਼ਾ ਦੇ ਸਥਾਨ 'ਤੇ ਬਣਾਈਆਂ ਗਈਆਂ ਹਨ। ਇੱਥੇ ਹਰ ਸਾਲ 23 ਮਾਰਚ ਨੂੰ ਮੇਲਾ ਲੱਗਦਾ ਹੈ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਵੀ ਵਿਸ਼ੇਸ਼ ਸਮਾਗਮ ਹੁੰਦੇ ਹਨ। ਆਪ ਦੀ ਕੁਰਬਾਨੀ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਭਾਰਤਵਾਸੀਆਂ ਨੂੰ ਭਗਤ ਸਿੰਘ ਵਰਗੇ ਦੇਸ-ਭਗਤਾਂ ਉੱਤੇ ਮਾਣ ਹੈ। ਆਪ ਦਾ ਨਾਂ ਸਦਾ ਅਮਰ ਰਹੇਗਾ।

# ਜਵਾਹਰ ਲਾਲ ਨਹਿਰੂ

ਜਵਾਹਰ ਲਾਲ ਨਹਿਰੂ ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ। ਨਹਿਰੂ ਜੀ ਦੀ ਗਿਣਤੀ ਦੁਨੀਆ ਭਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਵਿੱਚ ਕੀਤੀ ਜਾਂਦੀ ਹੈ। ਭਾਰਤ ਨੂੰ ਇਸ ਮਹਾਨ ਨੇਤਾ ਉੱਤੇ ਸਦਾ ਮਾਣ ਰਹੇਗਾ।

ਨਹਿਰੂ ਜੀ ਦਾ ਜਨਮ 14 ਨਵੰਬਰ, 1889 ਨੂੰ ਪੰਡਤ ਮੋਤੀ ਲਾਲ ਜੀ ਦੇ ਘਰ ਅਲਾਹਾਬਾਦ ਵਿੱਚ ਹੋਇਆ। ਪੰਡਤ ਮੋਤੀ ਲਾਲ ਅਲਾਹਾਬਾਦ ਦੇ ਉੱਘੇ ਵਕੀਲ ਸਨ। ਨਹਿਰੂ ਜੀ ਦੀ ਮਾਤਾ ਦਾ ਨਾਂ ਸਰੂਪ ਰਾਣੀ ਸੀ। ਆਪ ਦਾ ਪਾਲਣ-ਪੋਸਣ ਬੜੇ ਹੀ ਸੁੱਖ-ਅਰਾਮ ਵਿੱਚ ਹੋਇਆ। ਮੁਢਲੀ ਪੜ੍ਹਾਈ ਘਰ ਵਿੱਚ ਪੜ੍ਹਾਉਣ ਆਉਂਦੇ ਟਿਊਟਰਾਂ ਰਾਹੀਂ ਹੋਈ। ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਆਪ ਇੰਗਲੈਂਡ ਚਲੇ ਗਏ। ਉੱਥੇ ਕੈਂਬਰਿਜ ਯੂਨੀਵਰਸਿਟੀ ਤੋਂ ਵਕਾਲਤ ਪਾਸ ਕਰਕੇ ਭਾਰਤ ਵਾਪਸ ਪਰਤ ਆਏ।

ਉਹਨਾਂ ਦਿਨਾਂ ਵਿੱਚ ਦੇਸ ਦੀ ਅਜ਼ਾਦੀ ਲਈ ਕਈ ਲਹਿਰਾਂ ਚੱਲ ਰਹੀਆਂ ਸਨ। ਨਹਿਰੂ ਜੀ ਨੇ ਅਜ਼ਾਦੀ ਦੇ ਘੋਲ਼ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜਵਾਹਰ ਲਾਲ ਨਹਿਰੂ ਮਹਾਤਮਾ ਗਾਂਧੀ ਜੀ ਨੂੰ ਮਿਲ਼ੇ। ਉਹ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਵੀ ਮਿਲ਼ੇ। ਆਪ ਉੱਤੇ ਉਹਨਾਂ ਦੋਂਹਾਂ ਦਾ ਬਹੁਤ ਪ੍ਰਭਾਵ ਪਿਆ। ਆਪ ਦਾ ਵਿਆਹ ਕਮਲਾ ਦੇਵੀ ਨਾਲ਼ ਹੋਇਆ। ਨਹਿਰੂ ਜੀ ਦੀ ਇਕਲੌਤੀ ਸੰਤਾਨ ਇੰਦਰਾ ਗਾਂਧੀ ਸਨ ਜੋ ਬਾਅਦ ਵਿੱਚ ਭਾਰਤ ਦੇ ਪਹਿਲੇ ਇਸਤਰੀ ਪ੍ਰਧਾਨ ਮੰਤਰੀ ਬਣੇ। ਜਵਾਹਰ ਲਾਲ ਨਹਿਰੂ ਜੀ ਨੂੰ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ। ਨਹਿਰੂ ਜੀ ਕਈ ਵਾਰ ਜੇਲ੍ਹ ਗਏ। ਆਪ ਨੇ ਸੁਭਾਸ਼ ਚੰਦਰ ਬੋਸ ਨਾਲ਼ ਮਿਲ਼ ਕੇ ਪੂਰਨ ਸਵਰਾਜ ਲੀਗ ਵੀ ਬਣਾਈ। ਆਪ ਨੇ ਭਾਰਤ ਛੱਡੋ ਅੰਦੋਲਨ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਆਖ਼ਰ ਦੇਸ-ਭਗਤਾਂ ਦੀਆਂ ਕੁਰਬਾਨੀਆਂ ਸਦਕਾ 15 ਅਗਸਤ, 1947 ਨੂੰ ਭਾਰਤ ਅਜ਼ਾਦ ਹੋ ਗਿਆ। ਆਪ ਨੂੰ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣਾਇਆ ਗਿਆ।

ਜਵਾਹਰ ਲਾਲ ਨਹਿਰੂ ਜੀ ਨੇ ਪ੍ਰਧਾਨ ਮੰਤਰੀ ਦੇ ਪਦ ਨੂੰ ਬੜੀ ਯੋਗਤਾ ਨਾਲ਼ ਨਿਭਾਇਆ। ਨਹਿਰੂ ਜੀ ਨੇ ਭਾਰਤ ਦੀ ਉੱਨਤੀ ਲਈ ਬਹੁਤ ਕੰਮ ਕੀਤੇ ਅਤੇ ਦੇਸ ਨੂੰ ਖ਼ੁਸ਼ਹਾਲੀ ਦੇ ਰਾਹ 'ਤੇ ਤੋਰਿਆ। ਨਹਿਰੂ ਜੀ ਨੇ ਪੰਜ-ਸਾਲਾ ਯੋਜਨਾਵਾਂ ਬਣਾਈਆਂ। ਆਪ ਨੂੰ ਆਧੁਨਿਕ ਭਾਰਤ ਦਾ ਨਿਰਮਾਤਾ ਕਿਹਾ ਜਾਂਦਾ ਹੈ। ਆਪ ਨੇ ਸੰਸਾਰ-ਅਮਨ ਲਈ ਪੰਚ-ਸ਼ੀਲ ਦਾ ਸਿਧਾਂਤ ਬਣਾਇਆ।

ਪੰਡਤ ਨਹਿਰੂ ਜੀ ਨੂੰ ਆਪਣੇ ਦੇਸ ਦੇ ਲੋਕਾਂ ਨਾਲ਼ ਅਥਾਹ ਪਿਆਰ ਸੀ। ਉਹ ਬੱਚਿਆਂ ਅਤੇ ਫੁੱਲਾਂ ਨੂੰ ਅੰਤਾਂ ਦਾ ਪਿਆਰ ਕਰਦੇ ਸਨ। ਬੱਚੇ ਉਹਨਾਂ ਨੂੰ 'ਚਾਚਾ ਨਹਿਰੂ' ਕਹਿੰਦੇ ਸਨ। ਨਹਿਰੂ ਜੀ ਦਾ ਜਨਮ-ਦਿਨ ਬੱਚਿਆਂ ਦਾ ਦਿਨ (ਬਾਲ-ਦਿਵਸ) ਵਜੋਂ ਮਨਾਇਆ ਜਾਂਦਾ ਹੈ। ਭਾਰਤ ਦੇ ਹੀ ਨਹੀਂ ਸਗੋਂ ਹੋਰਨਾਂ ਦੇਸਾਂ ਦੇ ਬੱਚੇ ਵੀ ਚਾਚਾ ਨਹਿਰੂ ਨੂੰ ਪਿਆਰ ਕਰਦੇ ਸਨ।

ਨਹਿਰੂ ਜੀ ਇੱਕ ਸਫ਼ਲ ਨੀਤੀਵਾਨ, ਹਰਮਨ-ਪਿਆਰੇ ਆਗੂ ਅਤੇ ਦੇਸ ਦੇ ਦਰਦੀ ਸਨ। ਉਹ ਭਾਰਤ ਦੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਦੇ ਸਨ। ਉਹ ਉੱਤਮ ਕਿਸਮ ਦੇ ਲਿਖਾਰੀ ਵੀ ਸਨ। ਪਿਤਾ ਵੱਲੋਂ ਧੀ ਨੂੰ ਚਿੱਠੀਆਂ, ਆਤਮ-ਕਥਾ, ਭਾਰਤ ਦੀ ਲੱਭਤ ਅਤੇ ਹੋਰ ਬਹੁਤ ਸਾਰੀਆਂ ਲਿਖਤਾਂ ਪ੍ਰਸਿੱਧ ਹਨ। ਲੋਕਾਂ ਦਾ ਇਹ ਮਹਿਬੂਬ ਨੇਤਾ 27 ਮਈ, 1964 ਨੂੰ ਪਰਲੋਕ ਸਿਧਾਰ ਗਿਆ। ਉਹਨਾਂ ਦੀ ਮੌਤ ਨਾਲ਼ ਸਾਰੇ ਦੇਸ ਵਿੱਚ ਮਾਤਮ ਛਾ ਗਿਆ। ਉਹਨਾਂ ਦੇ ਅਨੇਕਾਂ ਗੁਣਾਂ ਕਾਰਨ ਅੱਜ ਵੀ ਲੋਕ ਉਹਨਾਂ ਨੂੰ ਯਾਦ ਕਰਦੇ ਹਨ।

# ਅਭਿਆਸ

ਰਾਸ਼ਟਰੀ ਪੰਛੀ — ਮੋਰ

ਰਾਸ਼ਟਰੀ ਝੰਡਾ

ਮੇਰਾ ਅਧਿਆਪਕ

ਡਾਕੀਆ

ਦਸਹਿਰਾ

ਲੋਹੜੀ ਦਾ ਤਿਉਹਾਰ

ਅਖ਼ਬਾਰਾਂ ਦੇ ਲਾਭ ਤੇ ਹਾਨੀਆਂ

ਕੰਪਿਊਟਰ

ਸਿਨਮੇ ਦੇ ਲਾਭ ਤੇ ਹਾਨੀਆਂ

ਦਾਜ ਦੀ ਸਮੱਸਿਆ

ਵਿਗਿਆਨ ਦੇ ਚਮਤਕਾਰ

ਗਰਮੀ ਦੀ ਰੁੱਤ ਦਾ ਇੱਕ ਦਿਨ

ਮੋਬਾਈਲ ਫ਼ੋਨ ਦੇ ਲਾਭ ਤੇ ਹਾਨੀਆਂ

ਨੈਤਿਕ ਕਦਰਾਂ-ਕੀਮਤਾਂ

ਬਿਜਲੀ/ਪਾਣੀ ਦੀ ਬੱਚਤ

> ਅਧਿਆਪਕ ਵਿਦਿਆਰਥੀਆਂ ਦੀ ਲਿਖਣ-ਕਲਾ ਨੂੰ ਉਜਾਗਰ ਕਰਨ ਲਈ ਸ਼੍ਰੇਣੀ ਵਿੱਚ ਕੋਈ ਸਿਰਲੇਖ ਦੇ ਕੇ ਲੇਖ ਲਿਖਣ ਲਈ ਕਹੇ। ਚੰਗਾ ਲੇਖ ਲਿਖਣ ਵਾਲ਼ੇ ਨੂੰ ਪ੍ਰੋਤਸਾਹਿਤ ਵੀ ਕੀਤਾ ਜਾਵੇ।

*****